



ਓਪਰੇ ਲੋਕ    ਹਰਭਜਨ ਸਿੰਘ ਭੱਟੀ




# ਉਜੜੇ ਲੋਕ

(ਕਹਾਣੀ ਸੰਗ੍ਰਹਿ)

ਹਰਭਜਨ ਸਿੰਘ ਭੱਜੀ

# ਉਜੜੇ ਲੋਕ

ਹਰਭਜਨ ਸਿੰਘ ਭੱਜੀ

*ਪ੍ਰਕਾਸ਼ਕ*
ਸਿੱਖ ਨੈਸ਼ਨਲ ਐਜੂਕੇਸ਼ਨਲ ਐਂਡ ਕਲਚਰਲ ਔਰਗੇਨਾਈਜ਼ੇਸ਼ਨ
7720-ਲੌਰੇਨ ਐਵੈਨਿਊ, 107 ਸਟਾਕਟਨ ਕੈਲੇਫੋਰਨੀਆ 95207

©
Publishers

UJJADE LOKE *(Punjabi)*
(Short Stories)
*by*
HARBHAJAN SINGH BHAJI

1999
ਪਹਿਲੀ ਵਾਰ
ਮੁੱਲ : 100/- ਰੁਪਏ

Laser Type Setting : Yesman Graphics, Patiala

Published by Sikh Educational and Cultural Organization, 7720, Lorraine Avenue, # 107, Stockton, CA 95207 and printed at Pearl Books Pvt. Ltd. Patiala.

## ਸਮਰਪਣ

ਉਨ੍ਹਾਂ ਸਭ ਲੋਕਾਂ ਨੂੰ
ਜਿਨ੍ਹਾਂ ਨੂੰ
ਆਪਣਿਆਂ ਨੇ ਹੀ ਉਜਾੜ ਦਿੱਤਾ

# ਮੁਖ ਬੰਧ

ਮੈਂ ਕੋਈ ਕਹਾਣੀਕਾਰ ਨਹੀਂ। ਨਾਂ ਹੀ ਕੋਈ ਉੱਘਾ ਲੇਖਕ ਹਾਂ। ਥੋਹੜੀ ਬਹੁਤ ਤੁਕਬੰਦੀ ਜ਼ਰੂਰ ਕਰ ਲੈਂਦਾ ਹਾਂ। ਜੇਹੜੇ ਥੋਹੜੇ ਬਹੁਤ ਲੋਕ ਮੈਨੂੰ ਜਾਣਦੇ ਹਨ ਉਹ ਕਵੀ ਦੇ ਤੋਰ ਤੇ ਜਾਣਦੇ ਹਨ। ਕਹਾਣੀਆਂ ਦਾ ਇਹ ਮੇਰਾ ਪਹਿਲਾ ਸੰਗ੍ਰਹਿ ਹੈ।

ਮੈਂ ਪਹਿਲਾਂ ਕਦੇ ਕੁਛ ਨਹੀਂ ਸੀ ਲਿਖਿਆ ਤੇ ਨਾਂ ਬਾਹਲੀ ਮੈਨੂੰ ਪੰਜਾਬੀ ਆਉਂਦੀ ਹੈ। ਹਰਿਮੰਦਰ ਸਾਹਿਬ ਦੇ ਹਮਲੇ ਨੇ ਹਰ ਇਕ ਸਿਖ ਨੂੰ ਝੰਝੋੜ ਕੇ ਰਖ ਦਿਤਾ ਤੇ ਉਸ ਦੇ ਬਾਅਦ ਜੋ ਪੰਜਾਬ ਵਿਚ ਵਾਪਰਿਆ ਹੈ ਹਰ ਕੋਈ ਉਸਤੋਂ ਜਾਣੂ ਹੈ। ਵਤਨ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਪੰਜਾਬੀਆਂ ਉਤੇ ਭੀ ਇਸਦਾ ਅਸਰ ਪਿਆ ਹੈ ਤੇ ਹਰ ਇਕ ਨੇ ਇਸ ਨੂੰ ਆਪਣੇ ਆਪਣੇ ਢੰਗ ਨਾਲ ਜ਼ਾਹਿਰ ਕੀਤਾ ਹੈ। ਏਥੇ ਜੋ ਭੀ ਖਬਰਾਂ ਸਾਡੇ ਤਕ ਅਖਬਾਰਾਂ, ਰੇਡਿਓ ਜਾਂ ਟੈਲੀਵਿਜ਼ਨ ਦੇ ਜ਼ਰੀਏ ਪਹੁੰਚੀਆਂ ਉਹ ਦਿਮਾਗ ਵਿਚ ਘੁੰਮਦੀਆਂ ਰਹੀਆਂ। ਇਹ ਵੀ ਸਵਾਲ ਦਿਮਾਗ 'ਚ ਆਉਂਦਾ ਸੀ ਇਹ ਕੀ ਹੋ ਰਿਹਾ ਹੈ? ਇਹਦੇ ਕੀ ਕਾਰਨ ਹਨ? ਅਗੇ ਐਨੀਆਂ ਸਦੀਆਂ ਤੋਂ ਹਿੰਦੂ ਤੇ ਸਿਖ ਇਕੱਠੇ ਰਹਿੰਦੇ ਸੀ ਹੁਣ ਕੀ ਬੀਮਾਰੀ ਪੈ ਗਈ ਹੈ ਜੋ ਇਕ ਦੂਜੇ ਦੀ ਜਾਨ ਦੇ ਦੁਸ਼ਮਨ ਬਣ ਗਏ ਹਨ। ਐਨੀ ਨਫ਼ਰਤ ਕਿਉਂ?

ਹੌਲੀ ਹੌਲੀ ਉਹਨਾਂ ਹਾਦਸਿਆਂ ਨੇ ਪਾਤਰਾਂ ਦੀ ਸ਼ਕਲ ਲਈ ਤੇ ਉਹ ਕਹਾਣੀਆਂ ਬਣਕੇ ਕਾਗਜ਼ ਤੇ ਉਤਰ ਆਏ। ਮੈਨੂੰ ਇਸ ਗੱਲ ਦੀ ਕੋਈ ਖਬਰ ਨਹੀਂ ਕਿ ਇਕ ਕਹਾਣੀ ਵਿਚ ਕੀ ਕੁਛ ਹੋਣਾ ਚਾਹੀਦਾ ਹੈ। ਮੇਰੀਆਂ ਕਹਾਣੀਆਂ ਇਹਨਾਂ ਬੰਧਨਾਂ ਤੋਂ ਉਪਰ ਹਨ। ਅਗਰ ਕੋਈ ਸੁਲਝਿਆ ਹੋਇਆ ਕਹਾਣੀਕਾਰ ਇਹਨਾਂ ਦੀ ਪੜਚੋਲ ਕਰੇ ਤਾਂ ਸ਼ਾਇਦ ਉਹਨੂੰ ਅਨੇਕਾਂ ਹੀ ਖਾਮੀਆਂ ਨਜ਼ਰ ਆਉਣਗੀਆਂ। ਪਰ ਇਕ ਆਮ ਬੰਦੇ ਨੂੰ ਇਹ ਪੜ੍ਹਕੇ ਜ਼ਰੂਰ ਲਗੇਗਾ ਕਿ ਇਹ ਘਟਣਾ ਵਾਪਰ ਚੁੱਕੀ ਹੈ।

ਭਾਵੇਂ ਸਾਰੀਆਂ ਕਹਾਣੀਆਂ ਦਾ ਮੁੱਢ ਤਾਂ ਵਾਪਰੀਆਂ ਹੋਈਆਂ ਘਟਨਾਵਾਂ ਦੇ ਆਧਾਰ ਤੇ ਹੀ ਹੈ ਪਰ ਸਾਰੀਆਂ ਕਹਾਣੀਆਂ ਦੀਆਂ ਘਟਨਾਵਾਂ ਦੇ ਪਾਤਰ ਕਲਪਿਤ ਹਨ—ਸਿਵਾਏ ਹਰਮਿੰਦਰ ਸਾਹਿਬ ਜੀ ਦੇ ਹਮਲਾ ਤੇ ਉਸ ਵਿਚ ਥੋਹੜਾ ਜਿਹਾ ਸੰਤਾਂ ਦਾ ਜ਼ਿਕਰ ਤੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਮੋਤ ਤੇ ਉਸ ਤੋਂ ਪਿਛੋਂ ਦੰਗਿਆਂ ਦਾ ਜ਼ਿਕਰ।

ਇਹ ਕਹਾਣੀਆਂ ਪਿਛਲੇ ਦਹਾਕੇ ਵਿਚ ਵੱਖੋ ਵਖਰੇ ਸਮੇਂ ਲਿਖੀਆਂ ਗਈਆਂ ਤੇ

ਉਦੇਸ਼ ਇਹ ਹੈ ਕਿ ਇਹਨਾਂ ਸਾਰੀਆਂ ਨੂੰ ਇਕੱਠੀਆਂ ਕਰਕੇ ਇਕ ਕਿਤਾਬ ਦੀ ਸ਼ਕਲ 'ਚ ਸਾਂਭ ਦੇਵਾਂ ਤਾਂ ਜੋ ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਤੋਂ ਕੁਛ ਸਿਖ ਲੈਣ ਤੇ ਇਹ ਕੁਛ ਦੁਬਾਰਾ ਨਾ ਦੋਹਰਾਇਆ ਜਾਵੇ।

ਇਸ ਕਿਤਾਬ ਦਾ ਨਾਂ 'ਉਜੜੇ ਲੋਕ' ਇਸ ਕਰਕੇ ਰੱਖਿਆ ਹੈ ਇਕ ਤਾਂ ਇਸ ਵਿਚ ਇਸ ਨਾਂ ਦੀ ਕਹਾਣੀ ਹੈ। ਦੂਸਰੇ ਮੇਰੀ ਹਰ ਕਹਾਣੀ ਦਾ ਪਾਤਰ ਹੀ ਉਜੜਿਆ ਹੋਇਆ ਹੈ। ਉਹਨੂੰ ਉਜਾੜਨ ਵਾਲੇ ਕੋਈ ਹੋਰ ਨਹੀਂ ਉਹ 'ਆਪਣੇ' ਹੀ ਸੀ। ਚਾਹੇ ਉਹ ਸਾਡੇ ਹਿੰਦੂ ਭਰਾ ਜਾਂ ਆਪਣੇ ਮਾਂ ਬਾਪ ਤੇ ਹੋਰ ਰਿਸ਼ਤੇਦਾਰ। ਜਾਂ ਫੇਰ ਸਾਡੇ ਆਪਣੇ ਹੀ ਸਿਖ ਭਰਾ।

ਅਗਰ ਪਿਛੋਕੜ ਤੇ ਝਾਤੀ ਮਾਰੋ ਤਾਂ ਮਰਨ ਵਾਲਿਆਂ ਵਿਚ ਬਹੁਗਿਣਤੀ ਸਿੱਖਾਂ ਦੀ ਸੀ.। ਖਾਸ ਤੌਰ ਤੇ ਪੇਂਡੂ ਪੰਜਾਬੀਆਂ ਨੇ ਕਾਫੀ ਨੁਕਸਾਨ ਉਠਾਇਆ ਹੈ। ਇਕ ਬੰਨੇ ਤਾਂ ਖਾੜਕੂਆਂ ਦੀਆਂ ਚਿਠੀਆਂ ਤੇ ਧਮਕੀਆਂ ਤੇ ਦੂਸਰੇ ਬੰਨੇ ਪੁਲਿਸ ਦਾ ਤਸ਼ੱਦਦ। ਉਹ ਚੱਕੀ ਦੇ ਇਹਨਾਂ ਦੋ ਪੁੜਾਂ ਵਿਚ ਪਿਸਦੇ ਰਹੇ ਤੇ ਜੇ ਨੇੜੇ ਹੋਕੇ ਦੇਖੋ ਤਾਂ ਮਰਨ ਵਾਲੇ ਭੀ ਬਹੁਤੇ ਸਿਖ ਹੀ ਸਨ। ਆਪਣੇ ਹੀ ਜਦ ਪਰਾਏ ਹੋ ਜਾਣ ਫੇਰ ਗੈਰਾਂ ਤੇ ਕੀ ਗਿਲਾ।

ਮੇਰੀ ਅਖੀਰਲੀ ਕਹਾਣੀ ਪਰਦੇਸਣ ਧੀ ਦੀ ਪਾਤਰ ਪਿਆਰੋ ਭੀ, ਇਸ ਮੁਲਖ ਵਿਚ ਜੋ ਮੇਰੇ ਪੰਜਾਬ ਦੀਆਂ ਧੀਆਂ ਭੈਣਾਂ ਨਾਲ ਹੁੰਦਾ ਹੈ, ਉਹਦੀ ਉਪਜ ਹੈ। ਇਹ ਕਿਸੇ ਇਕ ਕੁੜੀ ਦੀ ਕਹਾਣੀ ਨਹੀਂ। ਇਹ ਉਹ ਹਰ ਕੁੜੀ ਦੀ ਕਹਾਣੀ ਹੈ ਜਿਹਦੀ ਬਲੀ ਉਹਨਾਂ ਦੇ ਆਪਣੇ ਮਾਂ ਬਾਪ ਅਮਰੀਕਾ ਨੂੰ ਆਉਣ ਵਾਸਤੇ ਦੇ ਦੇਂਦੇ ਹਨ ਤੇ ਏਥੇ ਆਕੇ ਵਡੇ ਵਡੇ ਸਰਦਾਰਾਂ ਦੀਆਂ ਧੀਆਂ ਮਜ਼ਦੂਰੀ ਕਰਦੀਆਂ ਹਨ ਤੇ 'ਆਪਣੇ' ਪਤੀ ਤੇ ਉਹਦੇ ਪਰਿਵਾਰ ਦੇ ਹੱਥੀਂ ਉਜੜ ਜਾਂਦੀਆਂ ਹਨ। ਬਹੁਤੀਆਂ ਤਾਂ ਇਹ ਜ਼ਹਿਰ ਚੁਪ ਚਾਪ ਪੀ ਜਾਂਦੀਆਂ ਹਨ ਤੇ ਪੀਕੇ ਬੁਲ੍ਹ ਸੀ ਲੈਂਦੀਆਂ ਹਨ। ਕੋਈ ਪਿਆਰੋ ਵਰਗੀ ਵਾਸਤੇ ਏਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਉਹਦਾ ਰਬ ਦੀ ਹੋਂਦ ਤੋਂ ਭੀ ਯਕੀਨ ਉਠ ਜਾਂਦਾ ਹੈ। ਇਸ ਕਹਾਣੀ ਲਿਖਣ ਦਾ ਇਕੋ ਇਕ ਮਤਲਬ ਇਹ ਹੈ ਕਿ ਪੰਜਾਬ ਤੋਂ ਬਾਹਰ, ਆਪਣੀਆਂ ਧੀਆਂ ਨੂੰ ਤੋਰਨ ਵਾਲੇ ਲੋਕ ਕੰਮ-ਸੇ-ਕੰਮ ਸੋਚ ਸਮਝਕੇ ਇਕ ਕਦਮ ਚੁੱਕਣ। ਮੇਰਾ ਕਹਿਣ ਦਾ ਇਹ ਮਤਲਬ ਨਹੀਂ ਕਿ ਹਰ ਕੁੜੀ ਦਾ ਹਾਲ ਪਿਆਰੋ ਵਾਲਾ ਹੀ ਹੋਵੇਗਾ। ਜੋ ਰਿਸ਼ਤੇ ਜਾਣ ਪਛਾਣ ਤੇ ਰਿਸ਼ਤੇਦਾਰੀ ਦੇ ਵਿਚ ਹੀ ਹੁੰਦੇ ਹਨ ਉਹ ਰੋ ਧੋ ਕੇ ਸਿਰੇ ਚੜ੍ਹ ਜਾਂਦੇ ਹਨ। ਪਰ ਜੋ ਕਿਸੇ ਅਖਬਾਰ 'ਚ ਪੜ੍ਹਕੇ ਜਾਂ ਕਿਸੇ ਅਣਜਾਣ ਦੇ ਕਹੇ ਕਹਾਏ ਬਿਨਾਂ ਸੋਚੇ ਸਮਝੇ ਝਟ ਪਟ ਰਿਸ਼ਤਾ ਕਰ ਦੇਂਦੇ ਹਨ ਇਹ ਉਹਨਾਂ ਦੇ ਲਈ ਇਕ ਚੇਤਾਵਨੀ ਹੈ।

ਬਾਕੀ ਸਭ ਪਾਠਕਾਂ ਦੇ ਹਥ ਹੈ ਤੁਹਾਡੇ ਸੁਝਾਅ ਸਿਰ ਮੱਥੇ। ਉਮੀਦ ਹੈ ਤੁਸੀਂ ਮੇਰੀ ਇਸ ਨਿਮਾਣੀ ਕੋਸ਼ਿਸ਼ ਨੂੰ ਪਰਵਾਨ ਕਰੋਗੇ।

*ਤੁਹਾਡਾ ਦਾਸ*
***ਹਰਭਜਨ ਸਿੰਘ ਭੱਜੀ***

## ਤਤਕਰਾ


| | | |
|---|---|---|
| 1. | ਦੰਬੂਕ | 1 |
| 2. | ਉਜੜੇ ਲੋਕ | 11 |
| 3. | ਪਹਿਲੀ ਕਿਸ਼ਤ | 19 |
| 4. | ਬਾਪੂ ਮੈਂ ਆ ਗਈ | 32 |
| 5. | ਲੰਮੀ ਰਾਤ | 41 |
| 6. | ਅਣਪਛਾਤੀ ਲਾਸ਼ | 48 |
| 7. | ਗਦਰੀ ਬਾਬਾ | 59 |
| 8. | ਅੱਤਵਾਦੀ | 67 |
| 9. | ਅਣਖ ਨੂੰ ਵੰਗਾਰ | 72 |
| 10. | ਪਰਦੇਸਣ ਧੀ | 83 |

# ਦੰਬੂਕ

*(ਇਸ ਕਹਾਣੀ ਦੇ ਸਾਰੇ ਪਾਤਰ ਕਲਪਿਤ ਹਨ, ਸਿਵਾਏ ਸੰਤਾਂ ਦਾ ਜ਼ਿਕਰ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦਾ ਜ਼ਿਕਰ)*

---

ਅੱਜ ਲੰਬੜਦਾਰ ਬਲਵੰਤ ਸਿੰਘ ਬਹੁਤ ਖ਼ੁਸ਼ ਸੀ। ਉਸ ਦੇ ਘਰ ਵਿਚ ਬਹੁਤ ਵੱਡੀ ਪਾਰਟੀ ਸੀ। ਇੰਝ ਲੱਗਦਾ ਸੀ ਜਿਵੇਂ ਕਿਸੇ ਦਾ ਵਿਆਹ ਹੋਵੇ। ਸ਼ਾਮਿਆਨੇ ਲੱਗੇ ਹੋਏ ਸਨ। ਸੈਂਕੜਿਆਂ ਦੀ ਗਿਣਤੀ ਵਿਚ ਬੈਠੇ ਮਹਿਮਾਨ ਸ਼ਰਾਬਾਂ ਪੀ ਰਹੇ ਸਨ। ਇਕ ਪਾਸੇ ਗਾਉਣ ਵਾਲੇ ਲੱਗੇ ਹੋਏ ਸਨ ਅਤੇ ਦਾਰੂ ਨਾਲ ਡੱਕੇ ਜੱਟ ਸੌ-ਸੌ ਦੇ ਨੋਟਾਂ ਦੇ ਵਾਰਨੇ ਇਕ-ਦੂਜੇ ਨਾਲੋਂ ਵੱਧ ਕੇ ਕਰ ਰਹੇ ਸਨ। ਪਰ ਇਹ ਕੋਈ ਵਿਆਹ ਨਹੀਂ ਸੀ, ਉਹ ਤਾਂ ਆਪਣੇ ਮੁੰਡੇ ਦਾ ਜਨਮ-ਦਿਨ ਮਨਾ ਰਿਹਾ ਸੀ ਜੋ ਕਿ ਵਿਆਹ ਤੋਂ ਦਸ ਸਾਲ ਬਾਅਦ ਪੈਦਾ ਹੋਇਆ ਸੀ। ਉਸ ਦੀ ਖ਼ੁਸ਼ੀ ਦਾ ਕੋਈ ਹੱਦ ਬੰਨਾ ਨਹੀਂ ਸੀ। ਲੜਕੇ ਦਾ ਨਾਮ ਉਹ ਨੇ ਜਗਤਾਰ ਰੱਖਿਆ।

ਹਾਲੇ ਜਗਤਾਰ ਮਸਾਂ ਤਿੰਨਾਂ ਸਾਲਾਂ ਦਾ ਹੀ ਹੋਇਆ ਸੀ ਕਿ ਉਸ ਦੀ ਮਾਂ ਅਚਾਨਕ ਇਕ ਹਾਦਸੇ ਦਾ ਸ਼ਿਕਾਰ ਹੋ ਗਈ। ਘਟਨਾ ਸਮੇਂ ਜਗਤਾਰ ਵੀ ਉਸਦੇ ਨਾਲ ਸੀ ਪਰ ਉਹ ਵਾਲ-ਵਾਲ ਬਚ ਗਿਆ। ਬਲਵੰਤ ਸਿੰਘ ਘਰ ਦਿਆਂ ਦਾ ਇਕੱਲਾ ਹੀ ਪੁੱਤ ਸੀ, ਹੋਰ ਕੋਈ ਭੈਣ-ਭਾਈ ਨਹੀਂ ਸੀ। ਜਗਤਾਰ ਨੂੰ ਉਸ ਦਾ ਮਾਮਾ ਜੋਗਿੰਦਰ ਸਿੰਘ ਆਪਣੇ ਪਿੰਡ ਲੈ ਗਿਆ। ਉਹਦੇ ਆਪਣੇ ਕੋਈ ਸੰਤਾਨ ਨਹੀਂ ਸੀ। ਉਹ ਆਪਣੀ ਭੈਣ ਦੀ ਆਖਰੀ ਨਿਸ਼ਾਨੀ ਨੂੰ ਲਾਡਾਂ ਨਾਲ ਪਾਲਣ ਲੱਗਾ।

ਬਲਵੰਤ ਸਿੰਘ ਦੇ ਮਾਤਾ ਜੀ ਕੁਝ ਸਾਲ ਪਹਿਲਾਂ ਹੀ ਗੁਜ਼ਰ ਗਏ ਸਨ। ਸਾਲ ਭਰ ਤਾਂ ਆਂਢੀ-ਗੁਆਂਢੀ ਮੱਦਦ ਕਰਦੇ ਰਹੇ ਅਤੇ ਕਦੀ ਝਿਊਰੀ ਆ ਕੇ ਖਾਣਾ ਬਣਾ ਜਾਂਦੀ। ਰਿਸ਼ਤੇਦਾਰਾਂ ਦੇ ਜ਼ੋਰ ਦੇਣ 'ਤੇ ਬਲਵੰਤ ਸਿੰਘ ਨੇ ਦੁਬਾਰਾ ਵਿਆਹ ਕਰਾ ਲਿਆ। ਉਹ ਜਗਤਾਰ ਨੂੰ ਆਪਣੇ ਕੋਲ ਵਾਪਿਸ ਲੈ ਆਇਆ ਕਿਉਂਕਿ ਉਸ ਦਾ ਉਹਦੇ ਬਿਨਾਂ ਦਿਲ ਨਹੀਂ ਸੀ ਲੱਗਦਾ।

ਪਰ ਮਤ੍ਰੇਈ ਕਦੇ ਮਾਂ ਨਹੀਂ ਬਣਦੀ। ਨਸੀਬ ਕੌਰ ਨੇ ਪਹਿਲਾਂ ਪਹਿਲਾਂ ਤਾਂ ਜਗਤਾਰ

ਦੇ ਬੜੇ ਲਾਡ ਕੀਤੇ। ਬਲਵੰਤ ਸਿੰਘ ਦੇ ਸਾਹਮਣੇ ਤਾਂ ਪੁੱਤ ਪੁੱਤ ਕਰਦੀ ਰਹਿੰਦੀ, ਪਰ ਜਦੋਂ ਹੌਲੀ ਹੌਲੀ ਉਸਦੇ ਪੈਰ ਜੰਮ ਗਏ ਤਾਂ ਜਗਤਾਰ ਨੂੰ ਨਿੱਕੀ ਨਿੱਕੀ ਗੱਲ ’ਤੇ ਤਾੜਨ ਲੱਗੀ। ਫਿਰ ਜਦੋਂ ਉਹਦੀ ਆਪਣੀ ਗੋਦ ਵਿਚ ਵੀ ਲੜਕਾ ਆ ਗਿਆ ਤਾਂ ਉਸ ਨੂੰ ਜਗਤਾਰ ਆਪਣੇ ਪੁੱਤ ਦਾ ਸ਼ਰੀਕ ਲੱਗਣ ਲੱਗਾ। ਉਹ ਜਗਤਾਰ ਨੂੰ ਕਈ ਵਾਰ ਭੁੱਖਾ ਰੱਖਦੀ ਤੇ ਕੁੱਟ ਮਾਰ ਵੀ ਕਰਨ ਲੱਗ ਪਈ। ਪਰ ਆਪਣੇ ਪੁੱਤ ਨੂੰ ਸਾਰਾ ਦਿਨ ਗੋਦੀਉਂ ਨਾ ਲਾਹੁੰਦੀ। ਇੰਝ ਲੱਗਦਾ ਸੀ ਕਿ ਰੱਬ ਕੋਲੋਂ ਵੱਡਮੁੱਲੀ ਦਾਤ ਪਾ ਕੇ ਉਹ ਰੱਬ ਨੂੰ ਵੀ ਭੁੱਲ ਗਈ ਸੀ। ਜਗਤਾਰ ਗੁੰਮ-ਸੁੰਮ ਰਹਿਣ ਲੱਗ ਪਿਆ। ਬਲਵੰਤ ਸਿੰਘ ਉਸ ਨੂੰ ਦੇਖ ਕੇ ਦਿਲੋਂ ਦੁਖੀ ਜ਼ਰੂਰ ਹੁੰਦਾ ਪਰ ਆਪਣੀ ਨਵੀਂ ਔਰਤ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਸੀ।

ਜਦੋਂ ਜੋਗਿੰਦਰ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਜਗਤਾਰ ਨੂੰ ਲੈਣ ਆ ਗਿਆ। ਜੋਗਿੰਦਰ ਸਿੰਘ ਦੀ ਉਮਰ ਤਾਂ ਸੱਠ ਕੁ ਸਾਲ ਦੀ ਹੋ ਗਈ ਸੀ। ਪਹਿਲਾਂ ਤਾਂ ਬਲਵੰਤ ਸਿੰਘ ਨੇ ਬਥੇਰੀ ਨਾਂਹ-ਨੁੱਕਰ ਕੀਤੀ ਤੇ ਨਸੀਬ ਕੌਰ ਵੀ ਕਹਿਣ ਲੱਗੀ, “ਕੋਈ ਨਹੀਂ, ਮਾਮਾ ਹੀ ਹੈ। ਇਹਨੂੰ ਵੀ ਕਰ ਲੈਣ ਦਿਓ ਆਪਣਾ ਚਾਅ ਪੂਰਾ। ਇਹ ਤੋਂ ਆਪਣਾ ਆਪ ਤਾਂ ਸੰਭਾਲ ਨਹੀਂ ਹੁੰਦਾ, ਖੁਦ ਦੀਆਂ ਤਾਂ ਕਬਰ ਵਿਚ ਲੱਤਾਂ ਹਨ, ਚੱਲਿਆ ਹੈ ਮੁੰਡੇ ਨੂੰ ਸੰਭਾਲਣ। ਜੇ ਇਕ ਹਫਤੇ ’ਚ ਹੀ ਵਾਪਿਸ ਨਾ ਮੋੜ ਲਿਆਇਆ ਤਾਂ ਮੈਨੂੰ ਨਸੀਬ ਕੌਰ ਨਾ ਆਖਿਓ।”

ਜੋਗਿੰਦਰ ਸਿੰਘ ਨੇ ਸਾਰੀ ਗੱਲ ਸੁਣੀ-ਅਣਸੁਣੀ ਕਰ ਦਿੱਤੀ ਤੇ ਝੱਟ ਹੀ ਕਹਿ ਦਿੱਤਾ ਕਿ “ਲੈ ਜਾਹ, ਜੇ ਓਦਰਿਆ ਤਾਂ ਵਾਪਿਸ ਲੈ ਆਈਂ, ਨਾਲੇ ਤੇਰਾ ਵੀ ਚਿੱਤ ਲੱਗ ਜਾਵੇਗਾ।”

ਜੋਗਿੰਦਰ ਸਿੰਘ ਉਸ ਨੂੰ ਆਪਣੇ ਪਿੰਡ ਲੈ ਆਇਆ। ਉਹ ਸਾਰਾ ਦਿਨ ਜਗਤਾਰ ਦੇ ਆਲੇ-ਦੁਆਲੇ ਰਹਿੰਦਾ ਪਰ ਇਕ ਆਵਾਜ਼ ਸਦਾ ਉਸਦੇ ਕੰਨਾਂ ਵਿਚ ਗੂੰਜਦੀ ਰਹਿੰਦੀ “ਕਬਰ ਵਿਚ ਲੱਤਾਂ ਹਨ.......ਕਬਰ ਵਿਚ ਲੱਤਾਂ ਹਨ।” ਉਹ ਨੂੰ ਹੁਣ ਇਹ ਫਿਕਰ ਸੀ ਕਿ ਜੇ ਉਹਨੂੰ ਕੁਝ ਹੋ ਗਿਆ ਤਾਂ ਜਗਤਾਰ ਦਾ ਕੀ ਬਣੂਗਾ। ਪਿਓ ਦੇ ਹੁੰਦਿਆਂ ਹੋਇਆਂ ਵੀ ਇਹ ਅਨਾਥ ਹੋ ਜਾਵੇਗਾ। ਹੁਣ ਜਗਤਾਰ ਵੀ ਮੁਸਕਾਉਣ ਲੱਗਾ ਤੇ ਆਪਣੇ ਹਾਣ ਦੇ ਜੁਆਕਾਂ ਨਾਲ ਖੇਡਦਾ ਰਹਿੰਦਾ। ਕਈ ਵਾਰ ਰੋਟੀ ਵੀ ਆਪਣੇ ਬੇਲੀਆਂ ਦੇ ਘਰ ਹੀ ਖਾ ਲੈਂਦਾ ਤੇ ਕਈ ਵੇਰ ਸੌਂ ਵੀ ਉਥੇ ਹੀ ਜਾਂਦਾ। ਇੰਝ ਲੱਗਦਾ ਸੀ ਕਿ ਇਹ ਇਕੱਲੇ ਜੋਗਿੰਦਰ ਸਿੰਘ ਦਾ ਹੀ ਦੋਹਤਾ ਨਹੀਂ ਸਗੋਂ ਸਾਰੇ ਪਿੰਡ ਦਾ ਹੀ ਦੋਹਤਾ ਸੀ। ਕਿਉਂਕਿ ਸਾਰੇ ਪਿੰਡ ਨੇ ਹੀ ਇਸ ਨੂੰ ਆਪਣਾ ਜਾਣ ਕੇ ਅਪਣਾ ਲਿਆ ਸੀ।

ਸਮਾਂ ਆਉਣ ਤੇ ਜੋਗਿੰਦਰ ਸਿੰਘ ਨੇ ਉਸ ਨੂੰ ਪਿੰਡ ਦੇ ਸਕੂਲ ਪੜ੍ਹਨ ਵੀ ਪਾ ਦਿੱਤਾ ਤੇ ਆਪਣੀ ਜ਼ਮੀਨ ਤੇ ਘਰ ਵੀ ਉਸ ਦੇ ਨਾਂ ਲਗਵਾ ਦਿੱਤਾ। ਜੋਗਿੰਦਰ ਸਿੰਘ ਖੁਦ ਭਜਨ ਬੰਦਗੀ ਕਰਨ ਵਾਲਾ ਬੰਦਾ ਸੀ ਤੇ ਇਸ ਸਾਲ ਜਦੋਂ ਸੰਤਾਂ ਦਾ ਜੱਥਾ ਉਹਨਾਂ ਦੇ ਪਿੰਡ



ਆਇਆ ਤਾਂ ਉਸਨੇ ਦਿਲ ਕਰੜਾ ਕੀਤਾ, ਸੰਤਾਂ ਨਾਲ ਗੱਲਬਾਤ ਕਰਕੇ ਜਗਤਾਰ ਨੂੰ ਸੰਤਾਂ ਦੇ ਹਵਾਲੇ ਕਰ ਦਿੱਤਾ। ਆਪਣੀ ਜ਼ਮੀਨ ਦੇ ਕਾਗਜ਼ ਵੀ ਉਹਨਾਂ ਦੇ ਸਪੁਰਦ ਕਰ ਦਿੱਤੇ। ਜਗਤਾਰ ਨੂੰ ਕਹਿਣ ਲੱਗਾ, “ਬੇਟਾ, ਤੂੰ ਪੜ੍ਹਨ ਲਈ ਸੰਤਾਂ ਦੇ ਨਾਲ ਜਾ ਰਿਹਾ ਹੈਂ, ਸਦਾ ਇਹਨਾਂ ਦਾ ਕਹਿਣਾ ਮੰਨਣਾ।”

ਪਹਿਲਾਂ ਪਹਿਲਾਂ ਤਾਂ ਜਗਤਾਰ ਨੂੰ ਇਹ ਬਹੁਤ ਬੁਰਾ ਲਗਿਆ। ਫ਼ਿਰ ਹੌਲੀ ਹੌਲੀ ਦੂਸਰੇ ਬੱਚਿਆਂ ਨਾਲ ਰਚ-ਮਿਚ ਗਿਆ। ਪੜ੍ਹਨ ਵਿਚ ਵੀ ਕਾਫੀ ਦਿਲਚਸਪੀ ਲੈਂਦਾ। ਇਕ ਦੋ ਵਾਰ ਬਲਵੰਤ ਸਿੰਘ ਉਸਨੂੰ ਮਿਲਣ ਆਇਆ, ਫਿਰ ਉਹ ਵੀ ਚੜ੍ਹਾਈ ਕਰ ਗਿਆ। ਸੰਤਾਂ ਨੇ ਬੜੇ ਪਿਆਰ ਨਾਲ ਸਮਝਾਇਆ, “ਬੇਟਾ, ਘਬਰਾ ਨਾ। ਜਿਸ ਦਾ ਕੋਈ ਨਹੀਂ ਹੁੰਦਾ, ਉਹਦਾ ਰੱਬ ਹੁੰਦਾ ਹੈ।” ਸੰਤਾਂ ਦੀ ਇਹ ਗੱਲ ਉਸ ਭੋਲੇ ਦਿਮਾਗ ਵਿਚ ਘਰ ਕਰ ਗਈ। ਉਹ ਹਮੇਸ਼ਾ ਰੱਬ ਨੂੰ ਆਪਣੇ ਆਲ਼ੇ-ਦੁਆਲੇ ਸਮਝਦਾ ਤੇ ਕਈ ਵਾਰ ਜਦ ਉਦਾਸ ਹੁੰਦਾ ਤਾਂ ਗ੍ਰੰਥ ਸਾਹਿਬ ਦੇ ਕੋਲ ਜਾ ਕੇ ਬਹਿ ਜਾਂਦਾ ਤੇ ਅਰਦਾਸ ਕਰਦਾ, “ਬਾਬਾ ਜੀ, ਮੇਰੀ ਬੀਬੀ ਤੇ ਮਾਮੇ ਨੂੰ ਵਾਪਿਸ ਭੇਜ ਦਿਓ। ਮੇਰਾ ਮਿਲਣ ਨੂੰ ਚਿੱਤ ਕਰਦਾ ਹੈ।” ਪਰ ਉਸ ਭੋਲੇ ਨੂੰ ਕੀ ਪਤਾ ਕਿ ਉਥੇ ਗਿਆ ਕੌਣ ਮੁੜਦਾ ਹੈ?

ਆਖਿਰ ਜਦੋਂ ਮੋਰਚਾ ਲੱਗਾ ਤਾਂ ਸੰਤਾਂ ਨੇ ਆ ਕੇ ਅੰਮ੍ਰਿਤਸਰ ਡੇਰਾ ਲਾ ਲਿਆ। ਜਗਤਾਰ ਬਹੁਤ ਉਦਾਸ ਰਹਿਣ ਲੱਗਾ ਤੇ ਜਦੋਂ ਸੰਤਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਜਗਤਾਰ ਨੂੰ ਆਪਣੇ ਕੋਲ ਬੁਲਾ ਲਿਆ। ਇਥੇ ਹੀ ਉਹਦੀ ਪੜ੍ਹਾਈ ਦਾ ਇੰਤਜ਼ਾਮ ਕਰ ਦਿੱਤਾ। ਮੋਰਚਾ ਦਿਨੋਂ ਦਿਨ ਬਹੁਤ ਗਰਮ ਹੋ ਰਿਹਾ ਸੀ। ਉਥੇ ਜੋ ਵੀ ਮੁੰਡੇ ਮਸ਼ੀਨਗੰਨਾਂ ਲੈ ਕੇ ਆਉਂਦੇ, ਜਗਤਾਰ ਨੂੰ ਬਹੁਤ ਚੰਗੇ ਲੱਗਦੇ। ਉਹਦੀ ਵੀ ਤਮੰਨਾ ਸੀ ਕਿ ਉਹਦੇ ਕੋਲ ਵੀ ਆਪਣੀ ਬੰਦੂਕ ਹੋਵੇ, ਪਰ ਉਹ ਬੰਦੂਕ ਨੂੰ ਬੰਦੂਕ ਨਾ ਕਹਿ ਕੇ ‘ਦੰਬੂਕ’ ਕਹਿੰਦਾ ਸੀ। ਉਹਨੂੰ ਚੇਤਾ ਸੀ ਕਿ ਉਹਦੇ ਬਾਪੂ ਕੋਲ ਇਕ ਦੰਬੂਕ ਹੁੰਦੀ ਸੀ। ਉਹਨੇ ਆਪਣੇ ਬਾਪੂ ਨੂੰ ਇਕ ਚਿੱਠੀ ਲਿਖ ਦਿੱਤੀ ਕਿ ਉਹ ਆ ਕੇ ਦੰਬੂਕ ਦੇ ਜਾਵੇ, ਨਹੀਂ ਤਾਂ ਉਹਦੀ ਜਾਨ ਨੂੰ ਖਤਰਾ ਹੈ।

ਬਲਵੰਤ ਸਿੰਘ ਅੰਮ੍ਰਿਤਸਰ ਆ ਕੇ ਸੰਤਾਂ ਨੂੰ ਮਿਲਿਆ ਤੇ ਸਾਰਾ ਭੇਦ ਖੁੱਲ੍ਹ ਗਿਆ। ਜਗਤਾਰ ਨੇ ਸ਼ਰਮਿੰਦਾ ਹੋ ਕੇ ਸੰਤਾਂ ਦੇ ਕਹਿਣ ’ਤੇ ਆਪਣੇ ਪਿਤਾ ਕੋਲੋਂ ਮੁਆਫੀ ਮੰਗ ਲਈ। ਬਲਵੰਤ ਸਿੰਘ ਨੇ ਆਪਣਾ ਪੁੱਤ ਪੰਜ ਸਾਲਾਂ ਬਾਅਦ ਵੇਖਿਆ, ਉਹ ਕਾਫੀ ਲੰਮਾ ਹੋ ਗਿਆ ਸੀ। ਇਕ ਵਾਰ ਪਿਓ ਦਾ ਦਿਲ ਕੀਤਾ ਕਿ ਉਹ ਜਗਤਾਰ ਨੂੰ ਘੁੱਟ ਕੇ ਹਿੱਕ ਨਾਲ ਲਾ ਲਵੇ। ਫਿਰ ਉਸਨੇ ਇਸੇ ਵਿਚ ਹੀ ਭਲਾਈ ਸਮਝੀ ਕਿ ਉਹਨੂੰ ਉਹਦੇ ਹਾਲ ’ਤੇ ਛੱਡ ਦੇਵੇ।

ਹਰਿਮੰਦਰ ਸਾਹਿਬ ਵਿਚ ਸਰੋਵਰ ਦੁਆਲੇ ਬਣੇ ਕਮਰਿਆਂ ਵਿਚ ਕਾਫੀ ਅਸਲਾ ਸੀ। ਜਗਤਾਰ ਨੂੰ ਇਕ ਆਦਤ ਸੀ ਕਿ ਉਹ ਹਰ ਹਥਿਆਰ ਬਾਰੇ ਜਾਨਣਾ ਚਾਹੁੰਦਾ ਕਿ ਇਹ ਕਿੰਨੇ ਬੋਰ ਦਾ ਹੈ? ਇਸ ਵਿਚ ਕਿੰਨੀਆਂ ਗੋਲੀਆਂ ਪੈਂਦੀਆਂ ਹਨ? ਇਸ ਤਰ੍ਹਾਂ

ਉਸਨੂੰ ਇਹ ਪਤਾ ਲੱਗ ਗਿਆ ਕਿ ਕਿਹੜੀ ਗੋਲੀ ਕਿਹੜੇ ਹਥਿਆਰ ਵਾਸਤੇ ਹੈ। ਜੂਨ 1984 ਨੂੰ ਜਦ ਹਰਿਮੰਦਰ ਸਾਹਿਬ 'ਤੇ ਹਮਲਾ ਹੋਇਆ ਉਦੋਂ ਜਗਤਾਰ ਸਭ ਨਾਲੋਂ ਛੋਟੀ ਉਮਰ ਦਾ ਸੀ। ਇਹਨਾਂ ਸਭਨਾਂ ਦੀ ਜ਼ਿੰਮੇਵਾਰੀ ਵੱਖ-ਵੱਖ ਮੋਰਚਿਆਂ ਤੇ ਬੈਠੇ ਸਿੰਘਾਂ ਲਈ ਗੋਲੀ ਸਿੱਕਾ 'ਤੇ ਖਾਣ-ਪੀਣ ਦਾ ਸਮਾਨ ਪਹੁੰਚਾਉਣ ਦੀ ਸੀ, ਜੋ ਇਹਨਾਂ ਨੇ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਨਿਭਾਈ। ਛੇ ਜੂਨ ਨੂੰ ਸੰਤਾਂ ਦੀ ਸ਼ਹੀਦੀ ਤੋਂ ਬਾਅਦ ਬਾਕੀ ਸੰਗਤਾਂ ਦੇ ਨਾਲ ਜਗਤਾਰ ਨੂੰ ਵੀ ਫੌਜੀਆਂ ਨੇ ਫੜ ਲਿਆ।

ਪਹਿਲਾਂ ਕਈ ਦਿਨ ਤਾਂ ਉਸਨੂੰ ਕੈਂਪ ਵਿਚ ਰੱਖਿਆ ਗਿਆ ਤੇ ਕਾਫੀ ਡਰਾਇਆ ਧਮਕਾਇਆ। ਉਹਨੂੰ ਅਸਲੇ ਬਾਰੇ ਪੁੱਛਦੇ। ਉਹਨਾਂ ਨੂੰ ਇਹ ਸੂਹ ਮਿਲੀ ਸੀ ਕਿ ਦਸ ਸਾਲਾਂ ਦਾ ਮੁੰਡਾ ਹੈ ਜੋ ਸੰਤਾਂ ਦੇ ਕਾਫੀ ਨੇੜੇ ਸੀ, ਉਹਨੂੰ ਇਹ ਸਾਰਾ ਪਤਾ ਹੈ ਕਿ ਕੌਣ ਕੌਣ ਉਥੇ ਆਉਂਦਾ ਜਾਂਦਾ ਸੀ।

ਫੌਜੀ ਜਦੋਂ ਵੀ ਕੋਈ ਬੰਦੂਕ, ਮਸ਼ੀਨਗੰਨ ਜਾਂ ਹੋਰ ਕੋਈ ਰਾਈਫਲ ਉਹਨੂੰ ਦਿਖਾ ਕੇ ਪੁੱਛਦੇ, ਇਹ ਕੀ ਹੈ? "ਦੰਬੂਕ, ਹੋਰ ਕੀ ਹੈ", ਜਗਤਾਰ ਦਾ ਜਵਾਬ ਹੁੰਦਾ। ਜੇ ਪਿਸਤੌਲ ਜਾਂ ਰਿਵਾਲਵਰ ਦਿਖਾਂਦੇ ਤਾਂ ਉਹ ਕਹਿ ਦਿੰਦਾ "ਇਹ ਦੰਬੂਕ ਦਾ ਬੱਚਾ ਹੈ।" ਗੋਲੀਆਂ ਨੂੰ ਉਹ ਬੰਦੂਕ ਦੀਆਂ ਮੇਂਗਣਾਂ ਦੱਸਦਾ। ਕਾਫ਼ੀ ਡਰਾਉਣ ਧਮਕਾਉਣ ਦਾ ਉਹਦੇ ਤੇ ਕੋਈ ਅਸਰ ਨਾ ਹੋਇਆ। ਸਕੂਲ ਵਿਚ ਸੁਣੇ ਛੋਟੇ ਸਾਹਿਬਜ਼ਾਦਿਆਂ ਦੇ ਸਾਕੇ ਹਮੇਸ਼ਾ ਉਹਦੇ ਸਾਹਮਣੇ ਆ ਜਾਂਦੇ। ਸੰਤਾਂ ਦੇ ਕਹੇ ਬੋਲ, 'ਜਿਹਦਾ ਕੋਈ ਨਹੀਂ ਹੁੰਦਾ, ਉਹਦਾ ਰੱਬ ਹੁੰਦਾ ਹੈ' ਉਹਦੇ ਦਿਲ ਵਿਚ ਘਰ ਕਰ ਗਏ ਸਨ। ਆਖਰ ਜਦੋਂ ਉਹਦੇ ਕੋਲੋਂ ਕੋਈ ਵਾਕਫੀਅਤ ਨਾ ਮਿਲੀ ਤਾਂ ਫੌਜੀਆਂ ਨੇ ਉਹਨੂੰ ਖਤਰਨਾਕ ਮੁਜਰਮ ਸਮਝਦੇ ਹੋਏ ਚਾਰ ਦੋਸਤਾਂ ਸਮੇਤ ਲੁਧਿਆਣੇ ਦੀ ਜੇਲ੍ਹ ਵਿਚ ਭੇਜ ਦਿੱਤਾ ਜਿਥੇ ਉਹ ਚਾਰ ਸਾਲ ਸੜਦਾ ਰਿਹਾ। ਆਖਰ 1988 ਵਿਚ ਜਦੋਂ ਛੁੱਟ ਕੇ ਆਇਆ ਤਾਂ ਉਹਦੇ ਮਾੜੀਆਂ ਮਾੜੀਆਂ ਮੁੱਛਾਂ ਫੁੱਟ ਪਈਆਂ ਸਨ। ਪਰ ਜੇਲ੍ਹ ਦੇ ਤਸ਼ੱਦਦ ਨੇ ਉਸ ਨੂੰ ਉਹਦੀ ਉਮਰ ਨਾਲੋਂ ਵੀ ਸਿਆਣਾ ਬਣਾ ਦਿੱਤਾ। ਜੇਲ੍ਹ ਵਿਚੋਂ ਜਦੋਂ ਬਾਹਰ ਨਿਕਲਿਆ ਤਾਂ ਜਾਣ ਨੂੰ ਕੋਈ ਥਾਂ ਨਹੀਂ; ਪੜ੍ਹਾਈ ਨੂੰ ਵੀ ਚਿੱਤ ਨਹੀਂ ਕਰਦਾ ਸੀ। ਉਹਨੇ ਫਿਰ ਅੰਮ੍ਰਿਤਸਰ ਆ ਕੇ ਡੇਰੇ ਲਾਏ ਜਿਥੇ ਫੌਜ ਦਾ ਕਾਫੀ ਪਹਿਰਾ ਸੀ। ਉਹ ਸੇਵਾ ਕਰਨ ਲੱਗ ਪਿਆ ਤੇ ਅੰਮ੍ਰਿਤ ਛੱਕ ਲਿਆ। ਅੰਮ੍ਰਿਤ ਛੱਕਣ ਤੋਂ ਬਾਅਦ ਪੁਲਿਸ ਹਮੇਸ਼ਾ ਉਸ ਦੇ ਮਗਰ ਰਹਿਣ ਲੱਗ ਪਈ। ਇਕ ਦੋ ਵਾਰ ਉਹ ਫੜਿਆ ਵੀ ਗਿਆ। ਕਿਉਂਕਿ ਉਸਦਾ ਕਿਸੇ ਵੀ ਕੇਸ ਵਿਚ ਕੋਈ ਹੱਥ ਨਹੀਂ ਸੀ, ਤੇ ਨਾ ਹੀ ਉਹਦੇ ਪਿਛੇ ਕੋਈ ਪੁਲਿਸ ਨੂੰ ਪੈਸੇ ਦੇਣ ਵਾਲਾ ਸੀ, ਇਸ ਲਈ ਪੁਲਿਸ ਉਹਨੂੰ ਕੁੱਟ-ਮਾਰ ਕਰਕੇ ਛੱਡ ਦਿੰਦੀ। ਇੰਞ ਹੀ ਤਿੰਨ ਸਾਲ ਹੋਰ ਗੁਜ਼ਰ ਗਏ ਪਰ ਉਸਨੂੰ ਇਹ ਤਿੰਨ ਸਾਲ ਤੀਹਾਂ ਵਰਗੇ ਲੱਗੇ। ਪਿਛਲੀ ਵਾਰ ਜਦੋਂ ਪੁਲਿਸ ਨੇ ਫੜਿਆ ਤਾਂ ਇਕ ਸਿਪਾਹੀ ਨੇ ਉਹਨੂੰ ਰੱਜ ਕੇ ਕੁੱਟਿਆ। ਜਗਤਾਰ ਜਦੋਂ ਬਾਹਰ ਆਇਆ ਤਾਂ ਉਸਨੇ ਆਪਣੇ ਦਿਲ ਵਿਚ ਇਹ ਸਹੁੰ ਖਾ ਲਈ ਕਿ ਉਹ ਮੁੜਕੇ ਕਦੇ ਪੁਲਿਸ ਦੇ ਕਾਬੂ ਨਹੀਂ ਆਏਗਾ।



ਆਖਿਰ ਇਕ ਦਿਨ ਸ਼ਾਮ ਨੂੰ ਉਹ ਆਪਣੇ ਬਾਪ ਦੇ ਘਰ ਪਹੁੰਚ ਗਿਆ ਤੇ ਜਾ ਕੇ ਬਾਪ ਦੀ ਮਿੰਨਤ ਕੀਤੀ, "ਬਾਪੂ ਜੀ, ਤੁਸੀਂ ਮੈਨੂੰ ਆਪਣੀ ਦੰਬੂਕ ਦੇ ਦਿਓ। ਮੈਂ ਤੁਹਾਡੇ ਕੋਲੋਂ ਹੋਰ ਕੁਝ ਨਹੀਂ ਮੰਗਦਾ।" ਬਲਵੰਤ ਸਿੰਘ ਨੇ ਨਾਂਹ ਕਰ ਦਿੱਤੀ।

ਕੁਝ ਮਹੀਨੇ ਹੋਰ ਉਹ ਇਧਰ ਉਧਰ ਫਿਰਦਾ ਰਿਹਾ। ਜੁਝਾਰੂ ਸਿੰਘਾਂ ਨਾਲ ਸੰਪਰਕ ਪੈਦਾ ਕਰਨ ਲੱਗਾ। ਆਖਿਰ ਉਹਨੂੰ ਇਕ ਨੌਜਵਾਨ ਹਰਬੰਸ ਸਿੰਘ ਮਿਲਿਆ ਜੋ ਪਹਿਲਾਂ ਸੰਤਾਂ ਕੋਲ ਵੀ ਆਉਂਦਾ ਹੁੰਦਾ ਸੀ। ਹਮਲੇ ਵਾਲੇ ਦਿਨ ਉਹ ਕਿਸੇ ਕੰਮ ਕਰਕੇ ਬਾਹਰ ਸੀ ਤੇ ਬਚ ਗਿਆ। ਪਹਿਲਾਂ ਤਾਂ ਉਹਨੇ ਜਗਤਾਰ ਨੂੰ ਪਛਾਨਣ ਤੋਂ ਨਾਂਹ ਕਰ ਦਿੱਤੀ ਪਰ ਫੇਰ ਯਾਦ ਕਰਵਾਉਣ ਤੇ ਉਹਨੂੰ ਯਾਦ ਆਇਆ, "ਅੱਛਾ ਤੂੰ ਓਹੀ ਏਂ ਦੰਬੂਕ ਵਾਲਾ।" ਦੋਵੇਂ ਹੱਸ ਪਏ, ਜਗਤਾਰ ਨੇ ਆਪਣੀ ਸਾਰੀ ਹੱਡ-ਬੀਤੀ ਉਹਨੂੰ ਸੁਣਾ ਦਿੱਤੀ। ਹਰਬੰਸ ਸਿੰਘ ਉਸ ਨੂੰ ਨਾਂਹ ਨਾ ਕਰ ਸਕਿਆ ਤੇ ਆਪਣੇ ਨਾਲ ਲੈ ਤੁਰਿਆ।

ਸਭ ਤੋਂ ਪਹਿਲਾਂ ਉਹ ਫਿਰ ਆਪਣੇ ਬਾਪ ਦੇ ਘਰ ਆਇਆ ਤੇ ਆ ਕੇ ਕਿਹਾ, "ਬਾਪੂ ਜੀ, ਦੰਬੂਕ ਤਾਂ ਮੈਂ ਹੁਣ ਲੈ ਕੇ ਹੀ ਜਾਣੀ ਹੈ। ਇਹ ਤੁਹਾਡੀ ਮਰਜ਼ੀ ਹੈ, ਚਾਹੇ ਸੁਲਾਹ ਸਫਾਈ ਨਾਲ ਦੇ ਦਿਓ ਨਹੀਂ ਤਾਂ ਮੈਂ ਖੋਹ ਕੇ ਲੈ ਜਾਣੀ ਹੈ। ਜੇ ਕਿਸੇ ਦੇ ਸੱਟ-ਫੇਟ ਲੱਗੀ ਤਾਂ ਉਸ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੋਵੇਗੀ।" ਨਸੀਬ ਕੌਰ ਵੀ ਸਹਿਮ ਗਈ, ਆਪਣੇ ਮੁੰਡੇ ਨੂੰ ਅੰਦਰ ਲੁਕਾ ਦਿੱਤਾ ਤੇ ਮੌਕੇ ਦੀ ਨਜ਼ਾਕਤ ਨੂੰ ਭਾਂਪਦੀ ਹੋਈ ਨੇ ਝੱਟ ਲਿਆ ਕੇ ਦੁਨਾਲੀ ਤੇ ਕਾਰਤੂਸ ਉਹਦੇ ਹਵਾਲੇ ਕਰ ਦਿੱਤੇ। ਨਾਲੇ ਕਹਿਣ ਲੱਗੀ, "ਲੈ ਪੁੱਤ, ਇਹ ਤੇਰੀ ਆਪਣੀ ਚੀਜ਼ ਹੈ, ਲੈ ਜਾਹ ਸਾਨੂੰ ਕੀ?"

ਜਗਤਾਰ ਤੁਰਨ ਲੱਗਾ ਕਹਿਣ ਲੱਗਾ, "ਚੰਗਾ ਬਾਪੂ ਜੀ ! ਸ਼ਾਇਦ ਇਹ ਆਪਣਾ ਆਖ਼ੀਰੀ ਮੇਲ ਹੈ। ਏਸ ਗੁਸਤਾਖੀ ਦੀ ਮਾਫੀ ਚਾਹੁੰਦਾ ਹਾਂ। ਤੁਸੀਂ ਠਾਣੇ ਜਾ ਕੇ ਰਿਪੋਰਟ ਤਾਂ ਜ਼ਰੂਰ ਲਿਖਾਓਗੇ ਪਰ ਅਗਰ ਹੋ ਸਕੇ ਤਾਂ ਅੱਧਾ ਕੁ ਘੰਟਾ ਠਹਿਰ ਜਾਣਾ, ਅਸੀਂ ਕੁਝ ਦੂਰ ਚਲੇ ਜਾਵਾਂਗੇ।" ਬਲਵੰਤ ਸਿੰਘ ਨੇ ਝੱਟ ਪੱਟ ਠਾਣੇ ਜਾ ਕੇ ਰਿਪੋਰਟ ਲਿਖਵਾ ਦਿੱਤੀ ਕਿ ਉਹਦੇ ਘਰੋਂ ਦੋ ਸਿੱਖ ਨੌਜਵਾਨ ਬੰਦੂਕ ਤੇ ਕਾਫ਼ੀ ਸਾਰਾ ਪੈਸਾ ਲੈ ਗਏ ਹਨ।

ਜਗਤਾਰ ਨੇ ਅੱਜ ਪਹਿਲੀ ਵਾਰ ਆਪਣੇ ਆਪ ਨੂੰ ਕੁਝ ਸਮਝਿਆ। ਅੱਜ ਇਹਦੇ ਕੋਲ ਆਪਣੀ ਦੰਬੂਕ ਸੀ। ਹੱਥ ਵਿਚ ਬੰਦੂਕ ਹੁੰਦਿਆਂ ਹੋਇਆਂ ਵੀ ਉਹ ਹਰ ਇਕ ਨੂੰ ਬੜੀ ਨਰਮੀ ਨਾਲ ਪੇਸ਼ ਆਉਂਦਾ ਤੇ ਬੜੀਆਂ ਸਿਆਣੀਆਂ ਗੱਲਾਂ ਕਰਦਾ। ਹਰਬੰਸ ਸਿੰਘ ਨੇ ਉਹਨੂੰ ਇਲਾਕੇ ਦੇ ਜੁਝਾਰੂਆਂ ਤੇ ਜੁਝਾਰੂਆਂ ਦੀ ਮੱਦਦ ਕਰਨ ਵਾਲਿਆਂ ਨਾਲ ਮਿਲਾ ਦਿੱਤਾ।

ਕੁਝ ਮਹੀਨਿਆਂ ਬਾਅਦ ਹਰਬੰਸ ਸਿੰਘ ਪੁਲਿਸ ਮੁਕਾਬਲੇ ਵਿਚ ਕਾਫੀ ਜ਼ਖ਼ਮੀ ਹੋ ਗਿਆ। ਕਾਫੀ ਦੇਰ ਤੱਕ ਇਹਨਾਂ ਦੋਹਾਂ ਨੇ ਪੁਲਿਸ ਨੂੰ ਰੋਕੀ ਰੱਖਿਆ। ਪੁਲਿਸ ਵਾਲੇ ਜੀਪਾਂ ਦੇ ਉਹਲੇ ਬੈਠੇ ਅੰਨ੍ਹੇ ਵਾਹ ਗੋਲੀ ਚਲਾ ਰਹੇ ਸਨ। ਜਦੋਂ ਅਸਲਾ ਥੋੜ੍ਹਾ ਰਹਿ ਗਿਆ ਤਾਂ ਹਰਬੰਸ ਸਿੰਘ ਕਹਿਣ ਲੱਗਾ, "ਚੰਗਾ ਛੋਟੇ ਭਾਈ, ਆਪਣਾ ਤਾਂ ਹੁਣ ਜਾਣ ਦਾ

ਵਕਤ ਹੋ ਗਿਆ। ਤੇਰਾ ਰੱਬ ਰਾਖਾ। ਤੂੰ ਆਹ ਲੈ ਮੇਰੀ ਮਸ਼ੀਨਗੰਨ ਤੇ ਲਾਗਲੇ ਪਿੰਡ ਬਲਬੀਰ ਕੋਲ ਚਲੇ ਜਾਈਂ। ਉਹ ਆਪੇ ਹੀ ਤੇਰਾ ਕੋਈ ਬੰਦੋਬਸਤ ਕਰ ਦੇਵੇਗਾ। ਆਪਣੀ ਬੰਦੂਕ ਮੈਨੂੰ ਦੇ ਦੇਹ, ਮੈਂ ਪੁਲਿਸ ਨੂੰ ਰੋਕੀ ਰੱਖਾਂਗਾ।" ਪਹਿਲਾਂ ਤਾਂ ਜਗਤਾਰ ਨੇ ਨਾਂਹ ਕਰ ਦਿੱਤੀ ਪਰ ਹਰਬੰਸ ਦੇ ਸਹੁੰ ਪਵਾਉਣ ਤੇ ਉਹ ਉਹਦੇ ਨਾਲ ਬੰਦੂਕ ਵਟਾ ਕੇ ਹਨੇਰੇ ਵਿਚ ਗਾਇਬ ਹੋ ਗਿਆ। ਉਹਨੂੰ ਹਾਲੇ ਵੀ ਪੁਲਿਸ ਦੀਆਂ ਮਸ਼ੀਨਗੰਨਾਂ ਦੀ ਆਵਾਜ਼ ਵਿਚ ਟਾਂਵੀਂ ਟਾਂਵੀਂ ਉਹਦੀ ਬੰਦੂਕ ਦੀ ਆਵਾਜ਼ ਸੁਣਦੀ ਸੀ ਤੇ ਫਿਰ ਉਹ ਬੰਦ ਹੋ ਗਈ। ਜਗਤਾਰ ਥੋੜ੍ਹੀ ਦੇਰ ਰੁੱਕਿਆ ਤੇ ਹੋਕਾ ਲੈ ਕੇ ਕਹਿਣ ਲੱਗਾ, "ਰੱਬਾ, ਕੀ ਗੱਲ ਹੈ, ਜਿਹੜਾ ਮੇਰੇ ਨਾਲ ਥੋੜ੍ਹਾ ਜਿਹਾ ਪਿਆਰ ਕਰਦਾ ਹੈ, ਉਹ ਤੈਨੂੰ ਪਿਆਰਾ ਹੋ ਜਾਂਦਾ ਹੈ। ਅੱਛਾ ਜੋ ਤੇਰੀ ਮਰਜ਼ੀ। ਮਿਹਰ ਕਰੀਂ, ਮੈਂ ਵੀ ਇਹਦੇ ਵਾਂਗ ਹੀ ਜੰਗ-ਏ-ਮੈਦਾਨ ਵਿਚ ਮਰਾਂ। ਇਹਨਾਂ ਜ਼ਾਲਮਾਂ ਦੇ ਵੱਸ ਨਾ ਪਾਵੀਂ।"

ਹੌਲੀ ਹੌਲੀ ਸਾਰੇ ਇਲਾਕੇ ਵਿਚ ਜਗਤਾਰ ਸਿੰਘ ਇਕ ਸਿਆਣੇ ਤੇ ਇਮਾਨਦਾਰ ਜੁਝਾਰੂ ਦੇ ਤੌਰ ਤੇ ਮਸ਼ਹੂਰ ਹੋਇਆ। ਉਹਨੇ ਆਪਣੇ ਸਾਥੀਆਂ ਸਮੇਤ ਕਈ ਵਾਰ ਫੌਜ ਨਾਲ ਟੱਕਰ ਲਈ ਤੇ ਕਈ ਬੇ-ਗੁਨਾਹ ਸਿੱਖਾਂ ਨੂੰ ਪੁਲਿਸ ਦੇ ਕੋਲੋਂ ਛੁਡਾਇਆ।

ਹੁਣ ਉਹਦਾ ਨਾਂ ਸੁਣ ਕੇ ਪੁਲਿਸ ਕੰਬਦੀ ਸੀ ਤੇ ਜੇ ਕੋਈ ਦੱਸ ਪਾਵੇ ਕਿ ਉਹ ਚੜ੍ਹਦੇ ਪਾਸੇ ਹੈ ਤਾਂ ਪੁਲਿਸ ਲਹਿੰਦੇ ਨੂੰ ਭੱਜ ਪੈਂਦੀ ਤੇ ਜਾ ਕੇ ਕਈ ਬੇਗੁਨਾਹਾਂ ਨੂੰ ਤੰਗ ਕਰਨ ਲੱਗ ਪੈਂਦੀ, "ਦੱਸੋ, ਜਗਤਾਰ ਕਿਥੇ ਹੈ?" ਜਗਤਾਰ ਕਿਸੇ ਬੇਗੁਨਾਹ ਨੂੰ ਮਾਰਨ ਦੇ ਹੱਕ ਵਿਚ ਨਹੀਂ ਸੀ ਸਿਰਫ਼ ਕਿਸੇ ਹੋਰ ਧਰਮ ਦਾ ਹੋਣ ਕਰਕੇ। ਉਹਦਾ ਨਿਸ਼ਾਨਾ ਤਾਂ ਜ਼ਾਲਮ ਪੁਲਿਸ ਅਫਸਰ ਤੇ ਸਰਕਾਰੀ ਪਿੱਠੂ ਸਨ ਜਿਹਨਾਂ ਵਿਚੋਂ ਬਦਕਿਸਮਤੀ ਨਾਲ ਬਹੁਤੇ ਸਿੱਖ ਹੀ ਸਨ। ਜਿਵੇਂ ਜਿਵੇਂ ਉਹਦੀ ਬਹਾਦਰੀ ਦੀਆਂ ਕਹਾਣੀਆਂ ਵੱਧਣ ਲੱਗੀਆਂ, ਉਹਦੇ ਸਿਰ ਦਾ ਮੁੱਲ ਵੀ ਵੱਧਣ ਲੱਗਾ। ਹੁਣ ਉਹਦੇ ਸਿਰ ਦਾ ਮੁੱਲ ਪੰਜ ਲੱਖ ਰੁਪਏ ਸੀ।

ਅੱਜ ਜਗਤਾਰ ਫਿਰ ਆਪਣੇ ਦੋਸਤ ਬਲਬੀਰ ਦੇ ਕੋਲ ਆਇਆ। ਕੁਝ ਅਸਲਾ ਚਾਹੀਦਾ ਸੀ ਤੇ ਨਾਲੇ ਰਾਤ ਕੱਟਣੀ ਸੀ। ਬਲਬੀਰ ਉਹਨੂੰ ਨਾਲ ਲੈ ਕੇ ਸੂਬੇਦਾਰ ਕਿਰਪਾਲ ਸਿੰਘ ਦੇ ਖੂਹ ਤੇ ਗਿਆ। ਕਿਰਪਾਲ ਸਿੰਘ ਦੋ-ਧਾਰੀ ਤਲਵਾਰ ਸੀ, ਉਹਦੇ ਕੋਲ ਫੌਜੀ ਤੇ ਪੁਲਿਸ ਵਾਲੇ ਵੀ ਅਸਲਾ ਚੋਰੀ ਕਰਕੇ ਵੇਚਣ ਆਉਂਦੇ ਸੀ ਤੇ ਕਈ ਜੁਝਾਰੂ ਵੀ ਜ਼ਿਆਦਾ ਬਲਬੀਰ ਦੇ ਰਾਹੀਂ ਹੀ ਉਹਦੇ ਕੋਲੋਂ ਅਸਲਾ ਖਰੀਦ ਕੇ ਲੈ ਜਾਂਦੇ।

ਇਕ ਵਾਰ ਜਗਤਾਰ ਕੁਝ ਮਹੀਨੇ ਪਹਿਲਾਂ ਵੀ ਉਸਨੂੰ ਮਿਲਿਆ ਸੀ ਤੇ ਗੱਲਬਾਤ ਦੇ ਦੌਰਾਨ ਜਗਤਾਰ ਨੂੰ ਪਤਾ ਲੱਗਾ ਕਿ ਉਹ ਉਸਦੀ ਮਤ੍ਰੇਈ ਮਾਂ ਨਸੀਬ ਕੌਰ ਦਾ ਘਰਾਂ 'ਚੋਂ ਭਰਾ ਲੱਗਦਾ ਹੈ ਤੇ ਕਹਿਣ ਲੱਗਾ ਕਿ "ਫਿਰ ਤਾਂ ਤੁਸੀਂ ਮੇਰੇ ਮਾਮਾ ਜੀ ਹੀ ਹੋਏ।" ਜਗਤਾਰ ਦੇ ਦਿਲ ਵਿਚ ਕੋਈ ਖੋਟ ਨਹੀਂ ਸੀ ਤੇ ਨਾ ਹੀ ਕਿਰਪਾਲ ਸਿੰਘ ਦੇ। ਇਹ ਸਾਰੇ



ਧੜੇ ਤਾਂ ਉਹਦੇ ਗਾਹਕ ਸਨ ਤੇ ਸਭ ਨੂੰ ਯਕੀਨ ਸੀ ਕਿ ਪੁਲਿਸ ਜਾਂ ਫੌਜ ਉਹਦੇ ਖੂਹ ਤੇ ਛਾਪਾ ਨਹੀਂ ਮਾਰਦੀ ਕਿਉਂਕਿ ਉਹ ਉਹਨਾਂ ਲਈ ਬਹੁਤ ਫਾਇਦੇਮੰਦ ਸੌਦਾ ਸੀ। ਜਦੋਂ ਕਿਰਪਾਲ ਸਿੰਘ ਆਪਣੀ ਭੈਣ ਨੂੰ ਮਿਲਿਆ ਤਾਂ ਉਹਨੇ ਜਗਤਾਰ ਦਾ ਜ਼ਿਕਰ ਕੀਤਾ ਤਾਂ ਨਸੀਬ ਕੌਰ ਨੇ ਵਧਾ ਚੜ੍ਹਾ ਕੇ ਇਕ ਲੰਬੀ ਕਹਾਣੀ ਦਸ ਦਿੱਤੀ, ਕਹਿਣ ਲੱਗੀ, "ਵੇ ਵੀਰਾ, ਉਹ ਤਾਂ ਮੇਰੀ ਜਾਨ ਦਾ ਦੁਸ਼ਮਣ ਹੈ। ਅੱਗੇ ਦੋ ਵਾਰ ਮੈਨੂੰ ਮਾਰਨ ਆ ਚੁੱਕਾ ਹੈ, ਮਸੀਂ ਬਚੀ ਹਾਂ। ਜੇਕਰ ਉਹਦੇ ਕੋਲੋਂ ਖਹਿੜਾ ਛੁਡਾ ਦੇਵੇਂ ਤਾਂ ਸਾਰੀ ਉਮਰ ਤੇਰਾ ਇਹਸਾਨ ਮੰਨੂਗੀ। ਮੈਨੂੰ ਤਾਂ ਡਰ ਲੱਗਦਾ ਹੈ ਉਹ ਮੇਰੇ ਪੁੱਤ ਨੂੰ ਗੋਲੀ ਨਾ ਮਾਰ ਦੇਵੇ। ਬਹੁਤ ਖਾਰ ਖਾਂਦਾ ਹੈ ਉਹਦੇ ਨਾਲ, ਸਰੀਕ ਜਿਉਂ ਹੋਇਆ ਪਰ ਇਹ ਗੱਲ ਸਰਦਾਰ ਹੋਰਾਂ ਕੋਲ ਨਾ ਕਰੀਂ।"

ਅੱਜ ਜਦ ਬਲਬੀਰ ਤੇ ਜਗਤਾਰ ਉਹਦੇ ਖੂਹ ਤੇ ਪੁੱਜੇ ਤਾਂ ਕਿਰਪਾਲ ਸਿੰਘ ਦਾ ਮਨ ਬੇਈਮਾਨ ਹੋ ਗਿਆ। ਬੜੇ ਚਾਅ ਨਾਲ "ਆ ਬਈ ਭਾਣਜੇ, ਆ ਬਈ ਭਾਣਜੇ" ਕਹਿੰਦੇ ਹੋਏ ਜੱਫੀ ਵਿਚ ਲੈ ਲਿਆ। "ਕਿੱਦਾਂ ਆਉਣੇ ਹੋਏ?" ਜਗਤਾਰ ਨੂੰ ਅੱਜ ਲੱਗਾ ਜਿਵੇਂ ਉਹਦਾ ਸਕਾ ਮਾਮਾ ਜੋਗਿੰਦਰ ਸਿੰਘ ਉਹਨੂੰ ਜੱਫੀ ਵਿਚ ਲੈ ਕੇ ਘੁੱਟ ਰਿਹਾ ਹੋਵੇ। ਕਈ ਪੁਰਾਣੀਆਂ ਯਾਦਾਂ ਅੱਖਾਂ ਸਾਹਮਣੇ ਆ ਗਈਆਂ। ਅੱਖਾਂ ਭਰ ਆਈਆਂ ਪਰ ਜਗਤਾਰ ਨੇ ਛੇਤੀ ਹੀ ਆਪਣੇ ਆਪ ਤੇ ਕਾਬੂ ਪਾ ਲਿਆ ਤੇ ਕਹਿਣ ਲੱਗਾ, "ਕੰਮ ਤਾਂ ਤੁਹਾਨੂੰ ਪਤਾ ਹੀ ਹੈ, ਕਰੋ ਹੋਰ ਥੋੜ੍ਹੀ ਜਿਹੀ ਕੌਮ ਦੀ ਸੇਵਾ।" "ਭਾਣਜੇ ਇਹ ਕਿਹੜੀ ਗੱਲ ਹੈ, ਸਾਡਾ ਤਾਂ ਜਨਮ ਹੀ ਵਾਹਿਗੁਰੂ ਨੇ ਸਿੱਖੀ ਦੀ ਸੇਵਾ ਲਈ ਕੀਤਾ ਹੈ।" ਬਲਬੀਰ ਨੂੰ ਇਹਦੇ ਬਾਰੇ ਸਾਰਾ ਪਤਾ ਸੀ ਜਿਵੇਂ ਕੋਈ ਦਮੂੰਹਾਂ ਸੱਪ ਜ਼ਹਿਰ ਨਾਲ ਭਰਿਆ ਮਿੱਠੇ ਮਿੱਠੇ ਬੋਲ ਬੋਲ ਰਿਹਾ ਹੋਵੇ। ਰਾਤ ਤਾਂ ਉਹਨੇ ਕੱਟਣੀ ਹੀ ਸੀ, ਉਹਨਾਂ ਨੂੰ ਖੂਹ ਤੇ ਪਾ ਕੇ ਕਿਰਪਾਲ ਸਿੰਘ ਘਰ ਖਾਣਾ ਲੈਣ ਚਲੇ ਗਿਆ ਤੇ ਨਾਲੇ ਇਹ ਵਾਅਦਾ ਕਰ ਗਿਆ ਕਿ ਅਸਲਾ ਸਵੇਰੇ ਚਾਰ ਵਜੇ ਦੇਵੇਗਾ। ਇਹ ਉਹਦਾ ਆਮ ਢੰਗ ਹੀ ਸੀ, ਕਿਸੇ ਨੂੰ ਕੋਈ ਸ਼ੱਕ ਨਾ ਹੋਇਆ।

ਖਾਣਾ ਖਾ ਕੇ ਉਹਨਾਂ ਨੂੰ ਸੁਸਤੀ ਜਿਹੀ ਪੈ ਗਈ। ਇਕ ਤਾਂ ਪਿਛਲੀਆਂ ਕੁਝ ਰਾਤਾਂ ਦਾ ਉਨੀਂਦਰਾ ਤੇ ਥਕੇਵਾਂ, ਦੂਸਰਾ ਖਾਣੇ ਵਿਚ ਨਸ਼ੇ ਦੀਆਂ ਗੋਲੀਆਂ ਰਲੀਆਂ ਹੋਣ ਕਰਕੇ ਉਹ ਕੁਝ ਹੀ ਮਿੰਟਾਂ ਵਿਚ ਘੂਕ ਸੌਂ ਗਏ। ਉਨੀ ਦੇਰ ਕਿਰਪਾਲ ਸਿੰਘ ਖੂਹ ਦੇ ਆਲੇ-ਦੁਆਲੇ ਫਿਰਦਾ ਰਿਹਾ ਤੇ ਜਦੋਂ ਉਹ ਘੁਰਾੜੇ ਮਾਰਨ ਲੱਗ ਪਏ ਤਾਂ ਕਿਰਪਾਲ ਸਿੰਘ ਨੇ ਪੋਲੇ ਪੈਰੀਂ ਜਾ ਕੇ ਉਹਦੀ ਮਸ਼ੀਨਗੰਨ ਚੁੱਕ ਲਈ ਤੇ ਬਲਬੀਰ ਤਾਂ ਨਿਹੱਥਾ ਹੀ ਸੀ।

ਜਦ ਕਿਰਪਾਲ ਸਿੰਘ ਮਸ਼ੀਨਗੰਨ ਚੁੱਕ ਕੇ ਬਾਹਰ ਲੈ ਆਇਆ ਤਾਂ ਉਹਨੂੰ ਆਪਣੀ ਕਾਮਯਾਬੀ ਦਾ ਪੂਰਾ ਯਕੀਨ ਹੋ ਗਿਆ। ਉਹਨੂੰ ਪੰਜ ਲੱਖ ਰੁਪਏ ਆਪਣੀ ਪਹੁੰਚ ਵਿਚ ਦਿੱਸੇ ਤੇ ਨਾਲੇ ਭੈਣ ਤੇ ਇਹਸਾਨ ਸਾਰੀ ਉਮਰ ਦਾ ਤੇ ਨਾਲੇ ਪੁਲਿਸ ਵਾਲਿਆਂ ਨਾਲ

ਯਾਰੀ ਹੋਰ ਪੱਕੀ। ਉਹਨੇ ਘਰ ਜਾ ਕੇ ਪੁਲਿਸ ਨੂੰ ਫੋਨ ਕਰ ਦਿੱਤਾ। ਕੁਛ ਮਿੰਟਾਂ ਵਿਚ ਹੀ ਪੁਲਿਸ ਧਾੜ ਧਾੜ ਕਰਦੀ ਆ ਗਈ ਤੇ ਖੂਹ ਨੂੰ ਘੇਰਾ ਪਾ ਲਿਆ। ਮਕਾਨ ਨੂੰ ਚਾਰੇ ਪਾਸਿਉਂ ਰੋਸ਼ਨੀ ਨਾਲ ਰੁਸ਼ਨਾ ਦਿੱਤਾ। ਐਸ. ਪੀ. ਨੇ ਸਪੀਕਰ ਵਿਚ ਜ਼ੋਰ ਨਾਲ ਕਿਹਾ "ਤੁਸੀਂ ਖ਼ੁਦ ਨੂੰ ਪੁਲਿਸ ਦੇ ਹਵਾਲੇ ਕਰ ਦਿਓ, ਬਚਣ ਦਾ ਕੋਈ ਰਸਤਾ ਨਹੀਂ। ਹੱਥ ਉੱਪਰ ਕਰਕੇ ਬਾਹਰ ਆ ਜਾਓ।" ਲਾਊਡ ਸਪੀਕਰ ਦੀ ਆਵਾਜ਼ ਸੁਣ ਕੇ ਦੋਹਾਂ ਦੀ ਅੱਖ ਖੁੱਲ੍ਹ ਗਈ। ਜਗਤਾਰ ਨੇ ਸਿਰਹਾਣੇ ਵੱਲ ਹੱਥ ਮਾਰਿਆ, ਮਸ਼ੀਨਗੰਨ ਉਥੇ ਨਹੀਂ ਸੀ। ਜਗਤਾਰ ਅੱਭੜਵਾਹੇ ਬੋਲਿਆ "ਮੇਰੀ ਢੰਬੂਕ ਕਿਥੇ ਹੈ?" ਇੰਨੇ ਨੂੰ ਬਲਬੀਰ ਨੇ ਵੀ ਹੋਸ਼ ਸੰਭਾਲਿਆ ਤੇ ਕਹਿਣ ਲੱਗਾ, "ਭਾਈ ਜਗਤਾਰ ਸਿੰਘ, ਆਪਣੇ ਨਾਲ ਤਾਂ ਧੋਖਾ ਹੋ ਗਿਆ। ਪਿਛਲੇ ਕਈ ਸਾਲਾਂ ਤੋਂ ਇਹਦੇ ਨਾਲ ਧੰਦਾ ਕਰ ਰਹੇ ਹਾਂ, ਅੱਗੇ ਤਾਂ ਇਨ੍ਹੇ ਕਦੇ ਐਸਾ ਨਹੀਂ ਕੀਤਾ। ਭਾਈ, ਯਕੀਨ ਮੰਨੀਂ, ਮੇਰਾ ਇਸ ਵਿਚ ਕੋਈ ਹੱਥ ਨਹੀਂ।" ਜਗਤਾਰ ਬਲਬੀਰ ਦੀ ਗੱਲ ਸੁਣ ਰਿਹਾ ਸੀ ਤੇ ਨਾਲੇ ਬਾਹਰ ਦੀ ਹਾਲਤ ਦਾ ਲੇਖਾ-ਜੋਖਾ ਲਾ ਰਿਹਾ ਸੀ। ਬਲਬੀਰ ਕਹਿਣ ਲੱਗਾ, "ਚਲ ਆਪਾਂ ਖ਼ੁਦ ਨੂੰ ਪੁਲਿਸ ਦੇ ਹਵਾਲੇ ਕਰ ਦਈਏ। ਚਾਰੇ ਪਾਸੇ ਘੇਰਾ ਹੈ। ਬਾਹਰ ਨਿਕਲਣ ਦੀ ਕੋਈ ਉਮੀਦ ਨਹੀਂ। ਮੇਰੀ ਚੀਫ ਮਨਿਸਟਰ ਤੱਕ ਪਹੁੰਚ ਹੈ। ਮੈਂ ਪੂਰਾ ਵਾਹ ਲਾਵਾਂਗਾ ਕਿ ਤੈਨੂੰ ਛੁੜਾ ਸਕਾਂ।" ਜਗਤਾਰ ਕਹਿਣ ਲੱਗਾ "ਦੋਸਤ ਕਿਉਂ ਭੋਲੀਆਂ ਗੱਲਾਂ ਕਰਦਾ ਏਂ। ਮੈਨੂੰ ਛੱਡਣ ਵਾਸਤੇ ਤਾਂ ਇਹਨਾਂ ਫੜਨਾ ਨਹੀਂ। ਮੈਂ ਤਾਂ ਸਹੁੰ ਖਾਧੀ ਹੋਈ ਹੈ ਕਿ ਜਿਊਂਦਾ ਪੁਲਿਸ ਦੇ ਹੱਥ ਨਹੀਂ ਆਉਣਾ। ਜੇ ਤੂੰ ਖ਼ੁਦ ਨੂੰ ਪੁਲਿਸ ਦੇ ਹਵਾਲੇ ਕਰਨਾ ਚਾਹੁੰਦਾ ਏਂ ਤਾਂ ਕਰ ਦੇਹ, ਮੈਨੂੰ ਤੇਰੇ ਤੇ ਕੋਈ ਗਿਲਾ ਨਹੀਂ ਹੋਵੇਗਾ। ਜੋ ਤੂੰ ਹੁਣ ਤਾਈਂ ਸਾਥ ਨਿਭਾਇਆ ਹੈ, ਉਸ ਲਈ ਤੇਰਾ ਸ਼ੁਕਰਗੁਜ਼ਾਰ ਹਾਂ। ਮੈਨੂੰ ਤੇਰੀ ਗੱਲ ਤੇ ਯਕੀਨ ਹੈ।"

ਇਹ ਕਹਿ ਓਹਨੇ ਬਲਬੀਰ ਨੂੰ ਕਹਿ ਦਿੱਤਾ ਕਿ ਤੂੰ ਹੱਥ ਖੜ੍ਹੇ ਕਰ ਤੁਰ ਜਾਹ, ਪਰ ਜਾਈਂ ਹੌਲੀ ਹੌਲੀ। ਅੱਛਾ ਕਹਿ ਬਲਬੀਰ ਨੇ ਬੂਹਾ ਖੋਲ੍ਹਿਆ ਤੇ ਹੱਥ ਉਤਾਂਹ ਕਰਕੇ ਕਿਹਾ, "ਅਸੀਂ ਆ ਰਹੇ ਹਾਂ।" ਪੁਲਿਸ ਚੌਕੰਨੀ ਹੋ ਗਈ। ਸਭ ਦੀਆਂ ਮਸ਼ੀਨਗੰਨਾਂ ਦੇ ਮੂੰਹ ਇਹਨਾਂ ਦੇ ਵੱਲ ਸਨ ਤੇ ਉਂਗਲਾਂ ਘੋੜਿਆਂ ਤੇ। ਪੁਲਿਸ ਵਾਲੇ ਜਗਤਾਰ ਨੂੰ ਬੜੀ ਬੇਸਬਰੀ ਨਾਲ ਉਡੀਕ ਰਹੇ ਸਨ। ਜਗਤਾਰ ਬਾਂਹ ਉਤਾਂਹ ਕਰਕੇ ਬਾਹਰ ਨਿਕਲਿਆ ਤੇ ਕੁਝ ਦੂਰ ਚੱਲ ਕੇ, ਇਹ ਭੱਜ ਕੇ ਕਹਿੰਦਾ ਹੋਇਆ ਕਣਕ ਵਿਚ ਆ ਲੁਕਿਆ "ਓ ਮਾਮਾ! ਤੂੰ ਕੰਸ ਨਿਕਲਿਆ ਓਏ।" ਇੰਨੇ ਨੂੰ ਬਲਬੀਰ ਭੱਜ ਕੇ ਪੁਲਿਸ ਵਾਲਿਆਂ ਕੋਲ ਪਹੁੰਚ ਗਿਆ ਤੇ ਉਹਨਾਂ ਫੜ ਲਿਆ। ਇਹ ਬਲਬੀਰ ਦੀ ਪਹਿਲੀ ਗ੍ਰਿਫ਼ਤਾਰੀ ਸੀ। ਜਗਤਾਰ ਨੂੰ ਕਣਕ ਵਿਚ ਲੁਕਦਾ ਦੇਖ ਕੇ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਦੋ ਘੰਟੇ ਤੱਕ ਗੋਲੀ ਚੱਲਦੀ ਰਹੀ ਤੇ ਫਿਰ ਚੁੱਪ ਚਾਪ ਬੈਠ ਕੇ ਬੂਟਿਆਂ ਦੀ ਹਿੱਲਜੁੱਲ ਦੇਖ ਰਹੇ ਸੀ। ਦਿਨ ਵੀ ਚੜ੍ਹਨ ਵਾਲਾ ਸੀ। ਜਿਥੇ ਵੀ ਕੋਈ ਬੂਟਾ ਹਵਾ ਨਾਲ ਹਿੱਲਦਾ, ਪੁਲਿਸ ਵਾਲੇ ਉਥੇ ਹੀ ਗੋਲੀਆਂ ਦੀ ਬੁਛਾੜ ਕਰ ਦਿੰਦੇ। ਪੁਲਿਸ ਨੂੰ ਯਕੀਨ ਹੋ ਚੁੱਕਾ ਸੀ ਕਿ ਉਹ



ਮਰ ਗਿਆ ਹੈ, ਪਰ ਹਾਲੇ ਵੀ ਕਿਸੇ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਜਾ ਕੇ ਉਹਦੀ ਲਾਸ਼ ਨੂੰ ਤੱਕ ਲਵੇ। ਆਖਰ ਨੂੰ ਇੰਸਪੈਕਟਰ ਨੇ ਬਲਬੀਰ ਨੂੰ ਕਿਹਾ, "ਸਾਨੂੰ ਪਤਾ ਹੈ, ਤੂੰ ਇਹਦੇ ਨਾਲ ਨਹੀਂ ਸੀ। ਤੇਰੀ ਹਮਦਰਦੀ ਜ਼ਰੂਰ ਸੀ ਇਹਦੇ ਨਾਲ। ਕਿਰਪਾਲ ਸਿਹੁੰ ਨੇ ਸਾਡੇ ਕੋਲੋਂ ਤੇਰੇ ਖਿਲਾਫ ਕੋਈ ਕੇਸ ਨਾ ਕਰਨ ਦਾ ਵਾਅਦਾ ਲਿਆ ਹੈ। ਅਸੀਂ ਤੈਨੂੰ ਫੜਦੇ ਨਹੀਂ, ਤੂੰ ਜਾਹ, ਇਕ ਵਾਰ ਜਾ ਕੇ ਉਹਨੂੰ ਦੇਖ ਕੇ ਦੱਸ ਕਿ ਹਾਲੇ ਮਰਿਆ ਹੈ ਕਿ ਨਹੀਂ। ਉਸ ਤੋਂ ਬਾਅਦ ਤੂੰ ਭਾਵੇਂ ਸਿੱਧਾ ਘਰ ਚਲੇ ਜਾਈਂ।"

ਬਲਬੀਰ ਨੂੰ ਹੋਰ ਕੋਈ ਰਾਹ ਨਾ ਦਿਸਿਆ। ਇਕ ਵਾਰ ਉਸਨੇ ਨਫ਼ਰਤ ਭਰੀ ਨਿਗਾਹ ਨਾਲ ਕਿਰਪਾਲ ਸਿੰਘ ਵੱਲ ਤੱਕਿਆ। ਕਿਰਪਾਲ ਸਿੰਘ ਨੇ ਨੀਵੀਂ ਪਾ ਲਈ। ਅੱਖਾਂ ਨਾਲ ਅੱਖਾਂ ਮਿਲਾ ਨਾ ਸਕਿਆ ਤੇ ਬਲਬੀਰ ਸਿੰਘ ਨਿਧੱੜਕ ਹੋ ਜਗਤਾਰ ਵੱਲ ਨੂੰ ਤੁਰ ਪਿਆ। ਹਾਲੇ ਮਸਾਂ ਦਸ ਕੁ ਫੁੱਟ ਹੀ ਉਹ ਕਣਕ ਅੰਦਰ ਗਿਆ ਹੋਵੇਗਾ ਕਿ ਉਸਨੂੰ ਜਗਤਾਰ ਦੀ ਲਾਸ਼ ਲਹੂ ਨਾਲ ਲੱਥ ਪੱਥ ਮਿਲੀ। ਉਹਦੇ ਹੱਥ ਵਿਚ ਕਣਕ ਦੇ ਕੁਝ ਇਕ ਤੀਲੇ ਫੜੇ ਹੋਏ ਸਨ। ਇੰਝ ਲੱਗਦਾ ਸੀ ਜਿਵੇਂ ਹਾਲੇ ਵੀ ਉਹ ਆਪਣੀ ਦੰਬੂਕ ਭਾਲ ਰਿਹਾ ਹੋਵੇ। ਬਲਬੀਰ ਦੇ ਕੰਨਾਂ ਵਿਚ ਹਾਲੇ ਵੀ ਜਗਤਾਰ ਦੇ ਬੋਲ ਗੂੰਜ ਰਹੇ ਸਨ, "ਮੇਰੀ ਦੰਬੂਕ ਕਿਥੇ ਹੈ?" ਬਲਬੀਰ ਨੇ ਪੁਲਿਸ ਵਾਲਿਆਂ ਨੂੰ ਦੱਸ ਦਿੱਤਾ ਕਿ ਉਹ ਮਰ ਚੁੱਕਾ ਹੈ। ਪੁਲਿਸ ਆਪਣਾ ਬੁੱਲਟ-ਪਰੂਫ ਟਰੈਕਟਰ ਲੈ ਕੇ ਸੰਗੀਨਾਂ ਨੂੰ ਤਾਣ ਕੇ ਅੱਗੇ ਵਧੀ ਤੇ ਉਹਦੇ ਕੋਲ ਪਹੁੰਚ ਗਈ। ਉਹਦੀ ਮਸ਼ੀਨਗੰਨ, ਕੁਝ ਖਾਲੀ ਤੇ ਕੁਝ ਵਰਤਣਯੋਗ ਕਾਰਤੂਸ ਸੁੱਟ ਦਿੱਤੇ ਤੇ ਫੇਰ ਸਭਨਾਂ ਨੇ ਉਹਦੀ ਲਾਸ਼ ਨਾਲ ਖੜੋ ਕੇ ਫੋਟੋ ਖਿਚਵਾਈਆਂ। ਰਾਤ ਨੂੰ ਜਲੰਧਰ ਟੀ. ਵੀ. ਤੇ ਪੁਲਿਸ ਦੀ ਬਹਾਦਰੀ ਤੇ ਸੂਬੇਦਾਰ ਕਿਰਪਾਲ ਸਿੰਘ ਦੀ ਵਫ਼ਾਦਾਰੀ ਦੇ ਚਰਚੇ ਹੋ ਰਹੇ ਸਨ। ਕਿਰਪਾਲ ਸਿੰਘ ਟੀ. ਵੀ. ਤੇ ਆਪਣੀ ਸੂਬੇਦਾਰੀ ਦੀ ਵਰਦੀ ਪਾਈ ਬੈਠਾ ਕਹਿ ਰਿਹਾ ਸੀ, "ਇਸ ਦੇਸ਼ ਦੀ ਆਜ਼ਾਦੀ ਖਾਤਰ ਮੈਂ ਕਈ ਜੰਗ ਲੜੇ ਤੇ ਹੁਣ ਵੀ ਇਹਦੀ ਖਾਤਰ ਹੀ ਆਪਣੀ ਜਾਨ ਵਾਰਨ ਨੂੰ ਤਿਆਰ ਹਾਂ। ਜਗਤਾਰ ਭਾਵੇਂ ਮੇਰਾ ਸਕਾ ਭਾਣਜਾ ਨਹੀਂ ਸੀ ਪਰ ਮੈਨੂੰ ਆਪਣੇ ਪੁੱਤਰਾਂ ਵਰਗਾ ਸੀ। ਮੈਂ ਉਹਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਜਦੋਂ ਉਹ ਨਾ ਮੰਨਿਆ ਤਾਂ ਮੈਨੂੰ ਇਹ ਕੰਮ ਕਰਨਾ ਪਿਆ। ਮੈਂ ਆਪਣੀ ਭਾਰਤ ਮਾਤਾ ਨਾਲ ਗਦਾਰੀ ਨਹੀਂ ਕਰ ਸਕਦਾ। ਮੈਂ ਆਪਣੇ ਦੋਸਤ ਬਲਬੀਰ ਦਾ ਬਹੁਤ ਧੰਨਵਾਦੀ ਹਾਂ, ਉਹਦੀ ਮੱਦਦ ਤੋਂ ਬਿਨਾਂ ਇਹ ਕਾਮਯਾਬੀ ਨਹੀਂ ਸੀ ਮਿਲ ਸਕਦੀ।"

ਉਧਰ ਨਸੀਬ ਕੌਰ ਵੀ ਉਤੋਂ ਉਤੋਂ ਬਲਵੰਤ ਸਿੰਘ ਕੋਲ ਅਫਸੋਸ ਪ੍ਰਗਟ ਕਰ ਰਹੀ ਸੀ, "ਮਾੜੇ ਕੰਮਾਂ ਦੇ ਮਾੜੇ ਹੀ ਨਤੀਜੇ ਹੁੰਦੇ ਹਨ। ਜੇ ਮੇਰੇ ਭਰਾ ਦੀ ਗੱਲ ਮੰਨ ਲੈਂਦਾ, ਉਹ ਉਹਨੂੰ ਕੁਝ ਵੀ ਨਹੀਂ ਸੀ ਹੋਣ ਦਿੰਦਾ। ਮੇਰੇ ਭਰਾ ਦੀ ਬਹੁਤ ਚੱਲਦੀ ਹੈ।" ਬਲਵੰਤ ਸਿੰਘ ਨੂੰ ਅੱਜ ਫਿਰ ਉਹਦੇ ਜਨਮ-ਦਿਨ ਵਾਲੀ ਪਾਰਟੀ ਦਾ ਚੇਤਾ ਆਇਆ। ਇਕ ਦਮ ਉੱਠ ਕੇ ਬਾਹਰ ਨੂੰ ਪਾਗਲਾਂ ਵਾਂਗ ਭੱਜ ਤੁਰਿਆ। "ਜਗਤਾਰ ਬੇਟਾ, ਮੈਨੂੰ ਮਾਫ ਕਰੀਂ। ਮੈਂ

ਹੀ ਤੇਰਾ ਖੂੰਨੀ ਹਾਂ।" ਬਲਬੀਰ ਨੇ ਜਦੋਂ ਟੀ. ਵੀ. 'ਤੇ ਇਹ ਖਬਰ ਦੇਖੀ ਤਾਂ ਉਹਨੂੰ ਜਗਤਾਰ ਦੀ ਮੌਤ ਤੋਂ ਵੀ ਵੱਧ ਆਪਣੇ ਜਿਊਂਦੇ ਰਹਿਣ ਦਾ ਦੁੱਖ ਸੀ। ਸਿਰਫ ਉਹ ਹੀ ਜਾਣਦਾ ਸੀ ਕਿ ਜੇਕਰ ਉਹਦੇ ਕੋਲ ਵੀ ਬੰਦੂਕ ਹੁੰਦੀ ਤਾਂ ਪਤਾ ਨਹੀਂ ਉਹ ਕਿੰਨੇ ਪੁਲਿਸ ਵਾਲੇ ਨਾਲ ਲੈ ਕੇ ਜਾਂਦਾ ਤੇ ਸ਼ਾਇਦ ਬਚ ਕੇ ਨਿਕਲ ਵੀ ਜਾਂਦਾ। ਬਲਬੀਰ ਸਿੰਘ ਨੂੰ ਪਤਾ ਨਹੀਂ ਕੀ ਹੋਇਆ। ਉਹ ਇਕ ਦਮ ਉੱਠਿਆ, ਆਪਣੀ ਬੰਦੂਕ ਚੁੱਕ ਕੇ ਰਾਤ ਦੇ ਹਨੇਰੇ ਵਿਚ ਗੁੰਮ ਹੋ ਗਿਆ, ਸ਼ਾਇਦ ਜਗਤਾਰ ਦੇ ਛੱਡੇ ਹੋਏ ਅਧੂਰੇ ਕੰਮ ਨੂੰ ਪੂਰਾ ਕਰਨ ਵਾਸਤੇ। ਉਹਦੇ ਕੰਨਾਂ ਵਿਚ ਹਾਲੇ ਵੀ ਬੋਲ ਗੂੰਜ ਰਹੇ ਸਨ "ਮੇਰੀ ਦੰਬੂਕ ਕਿਥੇ ਹੈ? ਮੇਰੀ ਦੰਬੂਕ ਕਿਥੇ ਹੈ? **ਓ ਮਾਮਾ ਤੂੰ** ਕੰਸ ਨਿਕਲਿਆ ਓਏ।"

# ਉਜੜੇ ਲੋਕ

ਨਵੰਬਰ 84 ਦੇ ਮਹੀਨੇ ਦੀ ਅੱਜ 15 ਤਾਰੀਖ ਸੀ। ਦਿੱਲੀ ਦੇ ਸ਼ਰਨਾਰਥੀਆਂ ਵਾਸਤੇ ਲਾਇਆ ਹੋਇਆ ਸ਼ਕੂਰਪੁਰ ਦਾ ਕੈਂਪ ਤਕਰੀਬਨ ਤਕਰੀਬਨ ਬੰਦ ਹੋ ਚੁੱਕਾ ਸੀ।

ਉਥੇ ਇਕ ਤਕਰੀਬਨ 70 ਕੁ ਸਾਲ ਦਾ ਬਿਰਧ, ਬਰਾਂਡੇ ਵਿਚ ਇਕ ਖੂੰਜੇ, ਇਕ ਟੁੱਟੀ ਜਿਹੀ ਮੰਜੀ ਤੇ, ਇਕ ਪਾਟੇ ਕੰਬਲ ਦਾ ਝੁਰਮਟ ਮਾਰੀ ਪਿਆ ਸੀ। ਕੈਂਪ ਵਾਲਿਆਂ ਨੂੰ ਸਿਰਫ ਏਨਾ ਪਤਾ ਸੀ ਕਿ ਇਸ ਦਾ ਨਾਮ ਨਗਿੰਦਰ ਸਿੰਘ ਹੈ, ਜੋ ਉਹਨਾਂ ਨੂੰ ਡਾਕਟਰ ਭਾਰਗਵ ਦਸ ਗਿਆ ਸੀ, ਜਿਹਦਾ ਕਲਿਨਕ ਸੁਲਤਾਨਪੁਰੀ ਵਿਚ ਸੀ ਤੇ ਇਸ ਪਰੀਵਾਰ ਨੂੰ ਕਈ ਸਾਲਾਂ ਤੋਂ ਜਾਣਦਾ ਸੀ। ਪਿਛਲੇ ਕਈ ਦਿਨਾਂ ਤੋਂ ਇਸ ਬਾਬੇ ਨੇ ਕੁਝ ਨਹੀਂ ਸੀ ਖਾਧਾ। ਉਸਦੀਆਂ ਅੱਖਾਂ ਪਥਰਾਈਆਂ ਹੋਈਆਂ ਸਨ ਤੇ ਉਹ ਡੈਂਬਰਿਆਂ ਵਾਂਗਰ ਝਾਕ ਰਿਹਾ ਸੀ ਤੇ ਜਦ ਵੀ ਕੋਈ ਕੈਂਪ ਦਾ ਕਰਮਚਾਰੀ ਆ ਕੇ ਉਸ ਨੂੰ ਪੁਛਦਾ ਕਿ ਬਾਬਾ ਆਪਣਾ ਨਾਮ ਪਤਾ ਦਸ ਤਾਂ ਉਹ ਕਹਿ ਦੇਂਦਾ ਕਿ 'ਅਸੀਂ ਤਾਂ ਉਜੜੇ ਲੋਕ ਹਾਂ, ਉਜੜੇ ਲੋਕਾਂ ਦਾ ਕੋਈ ਥਾਂ ਪਤਾ ਨਹੀਂ ਹੋਂਦਾ ਤੇ ਮੇਰਾ ਨਾਮ ਤਾਂ ਮੈਨੂੰ ਯਾਦ ਨਹੀਂ, ਤੁਹਾਨੂੰ ਕੀ ਦਸਾਂ' ਤੇ ਇਸ ਤੋਂ ਜ਼ਿਆਦਾ ਉਹ ਕੁਝ ਨਹੀਂ ਦਸਦਾ। ਕੈਂਪ ਵਾਲਿਆਂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਕਿਸੇ ਰਿਸ਼ਤੇਦਾਰ ਜਾਂ ਦੋਸਤ ਦਾ ਨਾਮ ਦੱਸ ਦੇਵੇ ਤੇ ਉਹ ਉਸਨੂੰ ਉਥੇ ਭੇਜ ਕੇ ਆਪਣਾ ਕੰਮ ਨਿਬੇੜਨ। ਸਾਰੇ ਇਹ ਸੋਚ ਰਹੇ ਸਨ ਕਿ ਸਿਰ ਵਿਚ ਲਗੀਆਂ ਸੱਟਾਂ ਕਰਕੇ ਬਾਬਾ ਪਾਗਲ ਹੋ ਗਿਆ ਹੈ।

ਇਤਫਾਕ ਨਾਲ ਸ਼ਾਮ ਨੂੰ ਬਾਲਾ ਸਾਹਿਬ ਗੁਰਦੁਆਰੇ ਦੀ ਕਮੇਟੀ ਦਾ ਇਕ ਮੈਂਬਰ ਮਹਿੰਦਰ ਸਿੰਘ ਉਥੇ ਆ ਗਿਆ। ਉਹ ਹੋਰ ਕੈਂਪ ਵਿਚ ਘੁੰਮ ਘੁੰਮ ਕੇ ਆਪਣੇ ਰਿਸ਼ਤੇਦਾਰਾਂ ਨੂੰ ਭਾਲ ਰਿਹਾ ਸੀ। ਕੈਂਪ ਵਾਲਿਆਂ ਨੇ ਉਹਨੂੰ ਦਸਿਆ ਕਿ ਇਹ ਕੈਂਪ ਤਾਂ ਹੁਣ ਬੰਦ ਹੋ ਗਿਐ ਤੇ ਸਭ ਲੋਕਾਂ ਨੂੰ ਉਹਨਾਂ ਦੇ ਘਰੀਂ ਭੇਜ ਦਿੱਤਾ ਹੈ ਪਰ ਇਹ ਬਾਬਾ ਕੁਝ ਨਹੀ ਦਸ ਰਿਹਾ। ਉਹਨਾ ਮਹਿੰਦਰ ਸਿੰਘ ਨੂੰ ਆਖਿਆ ਕਿ ਅਗਰ ਤੁਸੀਂ ਇਸ ਤੋਂ ਪੁਛੋ ਕਿ ਸ਼ਾਇਦ ਇਹ ਤੁਹਾਨੂੰ ਕੁਝ ਦਸ ਦੇਵੇ। ਮਹਿੰਦਰ ਸਿੰਘ ਚੁੱਪ ਚਾਪ ਆ ਕੇ ਬਾਬੇ ਦੀ ਮੰਜੀ ਤੇ ਬਹਿ ਗਿਆ। ਬਾਬੇ ਨੂੰ ਪਹਿਲਾਂ ਤਾਂ ਲਗਾ ਕਿ ਸ਼ਇਦ ਕੋਈ ਸਰਕਾਰੀ ਸਿੱਖ ਹੌਂਸਲਾ ਦੇਣ ਆਇਆ ਜੋ ਕਿ ਹਾਲੀ ਭੀ ਗਾਂਧੀਆਂ ਦੇ ਤੇ ਭਾਰਤ ਸਰਕਾਰ ਦੇ ਗੁਣ ਗਾਏਗਾ।

ਮਹਿੰਦਰ ਸਿੰਘ ਕਹਿਣ ਲਗਾ ਕਿ 'ਬਾਬਾ ਜੀ, ਮੇਰਾ ਨਾਮ ਮਹਿੰਦਰ ਹੈ ਤੇ ਮੈਂ ਬਾਲਾ ਸਾਹਿਬ ਗੁਰਦੁਆਰੇ ਦਾ ਸਕੱਤਰ ਹਾਂ, ਅਗਰ ਤੁਸੀਂ ਮੈਨੂੰ ਆਪਣਾ ਥਾਂ ਪਾਤ ਦਸ ਦਿਉ ਤਾਂ ਮੈਂ ਖ਼ੁਦ ਤੁਹਾਨੂੰ ਆਪਣੀ ਗੱਡੀ ਵਿਚ ਤੁਹਾਡੇ ਰਿਸ਼ਤੇਦਾਰ ਕੋਲ ਲੈ ਜਾਵਾਂਗਾ।'

ਬਾਬੇ ਨੇ ਫਿਰ ਕਿਹਾ, 'ਕਾਕਾ ਅਸੀਂ ਤਾਂ ਉਜੜੇ ਲੋਕ ਹਾਂ, ਸਾਡਾ ਕੋਈ ਥਾ ਟਿਕਾਣਾ ਨਹੀਂ।'

ਮਹਿੰਦਰ ਸਿੰਘ ਨੇ ਕਿਹਾ, 'ਬਾਬਾ ਜੀ ਮੈਂ ਤੁਹਾਡੀ ਤਕਲੀਫ ਜਾਣਦਾ ਹਾਂ। ਮੇਰੇ ਪਰੀਵਾਰ ਦੇ ਵੀ ਕਈ ਬੰਦੇ ਤੇ ਔਰਤਾਂ ਮਾਰੇ ਗਏ। ਮੇਰਾ ਘਰ ਵੀ ਸਾੜ ਦਿੱਤਾ ਗਿਆ। ਮੇਰੀ ਫੈਕਟਰੀ ਵੀ ਸੜ ਗਈ। ਮੈਂ ਉਸ ਦਿਨ ਲੁਧਿਆਣੇ ਕਿਸੇ ਕੰਮ ਗਿਆ ਹੋਇਆ ਸੀ, ਇਸ ਕਰਕੇ ਬੱਚ ਗਿਆ ਤੇ ਹੁਣ ਮੈਂ ਹਰ ਕੈਂਪ ਵਿਚ ਆਪਣੇ ਰਿਸ਼ਤੇਦਾਰਾਂ ਤੇ ਮਿਤਰਾਂ ਦੋਸਤਾਂ ਨੂੰ ਭਾਲ ਰਿਹਾ ਹਾਂ, ਅਗਰ ਤੁਹਾਨੂੰ ਹੋਰ ਕੋਈ ਜਗ੍ਹਾ ਨਹੀਂ ਜਾਣ ਵਾਸਤੇ ਤਾਂ ਮੇਰੇ ਨਾਲ ਚਲੋ, ਮੈਂ ਤੁਹਾਡਾ ਖਿਆਲ ਕਰਾਂਗਾ।'

ਬਾਬੇ ਨੂੰ ਅੱਜ ਕਈ ਦਿਨਾਂ ਬਾਦ ਕੋਈ ਹਮਦਰਦੀ ਜਿਤਾਉਣ ਵਾਲਾ ਮਿਲਿਆ। ਆਖਰ ਬਾਬੇ ਦੇ ਸਬਰ ਦਾ ਪਿਆਲਾ ਛਲਕ ਪਿਆ ਤੇ ਬਾਬਾ ਬਿਨਾਂ ਪਾਸਾ ਵੱਟੇ ਹੀ ਕਹਿਣ ਲਗਾ, "ਅਗਰ ਕਾਕਾ ਤੂੰ ਏਨਾ ਹੀ ਜ਼ੋਰ ਦੇ ਰਿਹਾ ਹਾਂ ਤਾਂ ਸੁਣ ਮੈਂ ਤੈਨੂੰ ਸਭ ਕੁਝ ਦਸ ਦਿਆਂਗਾ।"

ਇਕ ਵੱਡਾ ਸਾਰਾ ਸਾਹ ਲੈਕੇ ਬਾਬਾ ਕਹਿਣ ਲਗਾ, "ਸੰਨ 47 ਦੀ ਗੱਲ ਹੈ ਕਿ ਅਸੀਂ ਚਿਲਾਂਵਲੀ ਦੇ ਕੋਲ ਸਰਗੋਧੇ ਜ਼ਿਲੇ ਵਿਚ ਰਈਸਾਂ ਦੀ ਢਾਣੀ ਵਿਚ ਬੜੇ ਆਰਾਮ ਨਾਲ ਦਿਨ ਕੱਟ ਰਹੇ ਸਾਂ। ਸਾਡੀ ਇਕ ਵੱਡੀ ਸਾਰੀ ਹਵੇਲੀ ਸੀ ਜੋ ਬਾਬੇ ਹਰਨੇਕ ਸਿੰਘ ਨੇ ਆਪਣੀ ਜ਼ਮੀਨ ਦੇ ਬਿਲਕੁਲ ਵਿਚਾਲੇ ਬਣਾਈ ਸੀ। ਸਾਡੇ ਕੋਲ 30 ਮੁਰੱਬੇ ਸਨ ਤੇ ਸਾਰੇ ਇਲਾਕੇ ਵਿਚ ਮੇਰੇ ਬਾਬੇ ਜੀ ਦੀਆਂ ਧੁੰਮਾਂ ਸਨ। ਹਰਨੇਕ ਸਿੰਘ ਰਈਸ ਨੂੰ ਹਰ ਕੋਈ ਜਾਣਦਾ ਸੀ। ਉਹਦਾ ਰੋਹਬ ਏਨਾ ਸੀ ਕਿ ਉਹਦੇ ਨਾਲ ਅੱਖ ਮਿਲਾ ਕੇ ਕੋਈ ਗੱਲ ਨਹੀਂ ਸੀ ਕਰਦਾ। ਦਾਦੀ ਸਾਡੀ ਗੁਜ਼ਰ ਚੁੱਕੀ ਸੀ। ਘਰ ਵਿਚ ਮੇਰੇ ਪਿਤਾ ਜੀ, ਮਾਤਾ ਜੀ ਤੇ ਦੋ ਵੱਡੇ ਭਰਾ ਸੁਖਜਿੰਦਰ ਤੇ ਬਲਵਿੰਦਰ ਤੇ ਵੱਡੀ ਤੇ ਛੋਟੀ ਭਾਬੀ, ਚਾਰ ਭਤੀਜੇ ਤੇ ਤਿੰਨ ਭਤੀਜੀਆਂ ਸੀ। ਮੈਂ ਕੋਈ ਖਾਸ ਪੜ੍ਹਾਈ ਨਹੀਂ ਸੀ ਕੀਤੀ ਤੇ ਕਦੇ ਆਪਣੇ ਹੱਥ ਨਾਲ ਗਲਾਸ ਵਿਚ ਪਾਣੀ ਪਾ ਕੇ ਨਹੀਂ ਸੀ ਪੀਤਾ। ਨੌਕਰ ਚਾਕਰ ਸਨ। ਇੰਜ ਲਗਦਾ ਸੀ ਕਿ ਉਹ ਸਾਡੀ ਛੋਟੀ ਜਿਹੀ ਰਿਆਸਤ ਹੋਵੇ ਤੇ ਹਵੇਲੀ ਹੋਵੇ ਕਿਲ੍ਹਾ ਜਿਥੇ ਮੇਰੇ ਬਾਬਾ ਜੀ ਦਾ ਹੁਕਮ ਚਲਦਾ ਸੀ। ਮੈਂ ਕਈ ਬਾਰ ਆਜ਼ਾਦੀ ਦੇ ਅੰਦੋਲਨਾਂ ਵਿਚ ਜੇਲ੍ਹ ਜਾ ਚੁੱਕਾ ਸੀ ਤੇ ਮੇਰੇ ਬਾਬਾ ਜੀ, ਮੈਨੂੰ ਹਰ ਵਾਰ ਆਪਣੇ ਰਸੂਖ ਦੇ ਕਾਰਨ ਛੁੜਾ ਲੈਂਦੇ। ਆਖਿਰ ਮੇਰੇ ਬਾਬਾ ਜੀ ਇਕ ਦਿਨ ਮੇਰੇ ਪਿਤਾ ਜੀ ਨੂੰ ਕਹਿਣ ਲਗੇ, 'ਜੁਗਿੰਦਰਾ, ਇਸ ਮੁੰਡੇ ਨੂੰ ਸੰਭਾਲ ਜੇ ਇਹ ਹੁਣ ਫੜਿਆ ਗਿਆ ਤਾਂ ਮੈਂ ਇਹਨੂੰ ਛੁਡਾਉਣ ਨਹੀਂ ਜਾਣਾ। ਮੈਥੋਂ ਹਰ ਵਾਰ ਜਾ ਕੇ ਅਫਸਰਾਂ ਦੇ ਮਿੰਨਤਾਂ ਤਰਲੇ ਨਹੀਂ ਹੁੰਦੇ ਤੇ ਇਹਨੂੰ ਪੜ੍ਹਾਈ ਤੋਂ ਹਟਾ ਲੈ।' ਮੈਨੂੰ ਬਾਅਦ ਵਿਚ ਹਟਾ ਲਿਆ ਗਿਆ ਤੇ ਮੇਰਾ ਵਿਆਹ ਇਕ ਅਮੀਰ ਘਰਾਣੇ ਵਿਚ ਕਰ ਦਿੱਤਾ। ਛੋਟੀ ਹੀ ਉਪਰੋਂ ਥਲੀ ਮੇਰੀ ਪਤਨੀ ਸੁਰਜੀਤ ਨੂੰ ਪਹਿਲਾਂ ਲੜਕੀ ਤੇ ਫਿਰ ਲੜਕੇ ਨੇ ਜਨਮ ਦਿੱਤਾ।



ਸੰਨ ਸੰਤਾਲੀ ਚੜ੍ਹ ਆਇਆ। ਪੰਜਾਬ ਦੀ ਧਰਤੀ ਤੇ ਗਰਮ ਹਵਾ ਵੱਗਣ ਲਗ ਪਈ। ਨਿੱਤ ਕੋਈ ਨਾ ਕੋਈ, ਕਿਤੇ ਨਾ ਕਿਤੇ, ਹਾਦਸਾ ਹੋ ਜਾਂਦਾ। ਕਿਤੇ ਹਿੰਦੂ ਤੇ ਸਿੱਖ ਮਾਰੇ ਜਾਂਦੇ ਤੇ ਕਿਤੇ ਮੁਸਲਮਾਨ। ਕਈ ਵਾਰ ਲੋਕਾਂ ਨੇ ਸਾਨੂੰ ਕਿਹਾ ਵੀ ਕਿ ਪਿਛੇ ਆਪਣੇ ਪਿੰਡ ਜਲੰਧਰ ਜਾਕੇ ਕੋਈ ਛੋਟਾ ਮੋਟਾ ਥਾਂ ਟਿਕਾਣਾ ਬਣਾ ਲਵੋ ਪਰ ਮੇਰੇ ਬਾਬਾ ਜੀ ਕਹਿੰਦੇ ਹੁੰਦੇ ਸੀ ਕਿ ਕਿਸੇ ਦੀ ਕੀ ਮਜਾਲ ਕਿ ਮੇਰੀ ਹਵੇਲੀ ਵਲ ਮੂੰਹ ਤਾਂ ਕਰਕੇ ਦੇਖੇ, ਮੈਂ ਭੁੰਨ ਦਿਆਂਗਾਂ ਉਹਨਾਂ ਨੂੰ। ਸਾਨੂੰ ਕੀ ਫਰਕ ਪੈਂਦਾ ਹੈ। ਚਾਹੇ ਪਾਕਿਸਤਾਨ ਬਣੇ ਜਾਂ ਹਿੰਦੁਸਤਾਨ। ਜ਼ਮੀਨ ਛੱਡਕੇ ਕਿਥੇ ਜਾਣਾ ਹੈ। ਇਹ ਸਾਡੀ ਜੱਦੀ ਜਾਇਦਾਦ ਹੈ। ਛੋਟਾ ਹੋਣ ਕਰਕੇ ਤੇ ਕੁਝ ਪੜ੍ਹਿਆ ਲਿਖਿਆ ਹੋਣ ਕਰਕੇ, ਨਿੱਕੇ ਮੋਟੇ ਕੰਮਾਂ ਵਾਸਤੇ ਮੈਨੂੰ ਭੇਜ ਦੇਂਦੇ ਸੀ। 20 ਜੁਲਾਈ 47 ਦੀ ਰਾਤ ਮੈਨੂੰ ਭੁਲਦੀ ਨਹੀਂ। ਮੈਂ ਆਪਣੀ ਭੈਣ ਦੀ ਸਹੁਰੀਂ ਗਿਆ ਹੋਇਆ ਸੀ। ਉਹਨਾਂ ਨੇ ਵਾਪਸ ਆਪਣੇ ਪਿੰਡ ਦੁਸਾਂਝਾਂ ਨੂੰ ਜਾਣ ਦੀ ਤਿਆਰੀ ਕਰ ਲਈ ਸੀ। ਮੈਂ ਉਹਨਾਂ ਨੂੰ ਤੋਰਨ ਲਈ ਗਿਆ ਸੀ ਤੇ ਜਦ 21 ਜੁਲਾਈ ਨੂੰ ਵਾਪਸ ਆਪਣੇ ਘਰ ਆਇਆ ਤਾਂ ਮੈਂ ਜੋ ਤਕਿਆ ਬਿਆਨ ਨਹੀਂ ਕਰ ਸਕਦਾ, ਮੇਰਾ ਦਿੱਲ ਥੰਮ ਗਿਆ। ਉਹ ਹਵੇਲੀ, ਜਿਹਨੂੰ ਹਾਲੇ ਕਲ ਵੱਸਦੀ ਹਸਦੀ ਛੱਡ ਕੇ ਗਿਆ ਸੀ, ਉਥੇ ਸੁੰਨਮਸਾਨ ਸੀ ਤੇ ਕਈ ਜਗਾਹ ਅੱਗ ਹਾਲੇ ਵੀ ਸੁਲਗ ਰਹੀ ਸੀ ਤੇ ਵਿਹੜੇ ਵਿਚ ਲਾਸ਼ਾਂ ਹੀ ਲਾਸ਼ਾਂ ਸਨ। ਇੰਜ ਲਗਦਾ ਸੀ ਕਿ ਇਹ ਕਿਸੇ ਜੰਗ ਦਾ ਮੈਦਾਨ ਹੋਵੇ। ਵਿਹੜੇ ਵਿਚ ਮੇਰੇ ਦਾਦਾ ਜੀ, ਪਿਤਾ ਜੀ, ਮਾਤਾ ਜੀ, ਦੋਹਾਂ ਭਰਾਵਾਂ, ਦੋਹਾਂ ਭਰਜਾਈਆਂ, ਮੇਰੇ ਘਰ ਵਾਲੀ, ਮੇਰੀ ਬੱਚੀ, ਮੇਰੇ ਚਾਰ ਭਤੀਜੇ ਤੇ ਮੇਰਾ ਲੜਕਾ ਤੇ ਤਿੰਨਾਂ ਭਤੀਜੀਆਂ ਦੀਆਂ ਲਾਸ਼ਾਂ ਪਈਆਂ ਸਨ। ਉਹਨਾਂ ਨਾਲ ਸਾਡੇ ਕੁਝ ਸਿੱਖ ਮਜ਼ਾਰਿਆਂ ਦੀਆਂ ਲਾਸ਼ਾਂ ਵੀ ਸਨ। ਜ਼ਾਲਮਾਂ ਨੇ ਬੱਚਿਆਂ ਦੇ ਢਿੱਡ ਵੀ ਬਰਛਿਆਂ ਨਾਲ ਵਿੰਨ੍ਹ ਦਿੱਤੇ ਸਨ। ਮੈਂ ਪਾਗਲ ਜਿਹਾ ਹੋ ਗਿਆ। ਏਨੇ ਨੂੰ ਮੇਰੇ ਕੰਨੀਂ ਇਕ ਸਿਸਕਦੀ ਜਿਹੀ ਆਵਾਜ਼ ਪਈ। ਮੈਂ ਘੁੰਮ ਕੇ ਦੇਖਿਆ, ਬਰਾਂਡੇ ਵਿਚ ਸਾਡਾ ਪੁਰਾਣਾ ਨੌਕਰ ਕਰੀਮ ਬਖਸ਼ ਬੈਠਾ ਸੀ। ਉਸ ਨੇ ਮੈਨੂੰ ਦਸਿਆ ਕਿ ਰਾਤੀਂ ਚਿਲਾਂਵਾਲੀ ਤੋਂ ਕਾਫੀ ਸਾਰੇ ਲੋਕ ਇਕੱਠੇ ਹੋ ਕੇ ਆਏ ਤੇ ਉਹਨਾਂ ਦੀ ਅਗਵਾਈ ਖਾਨ ਬਹਾਦੁਰ ਕਰ ਰਿਹਾ ਸੀ ਜਿਸ ਦੇ ਨਾਲ ਕਈ ਵਾਰ ਮੇਰੇ ਬਾਬਾ ਜੀ ਦੀ ਪਹਿਲਾਂ ਵੀ ਟੱਕਰ ਲਗ ਚੁੱਕੀ ਸੀ ਤੇ ਉਹ ਸਾਡੇ ਨਾਲ ਕਾਫੀ ਦੇਰ ਤੋਂ ਖਾਰ ਖਾਂਦਾ ਸੀ। ਉਹਨਾਂ ਅਚਨਚੇਤ ਹਮਲਾ ਕਰ ਦਿੱਤਾ ਤੇ ਸਾਰਾ ਘਰ ਲੁੱਟ ਕੇ ਲੈ ਗਏ ਤੇ ਸਾਰਾ ਟੱਬਰ ਮਾਰ ਗਏ। ਕਈ ਪੁਸ਼ਤਾਂ ਤੋਂ ਚਲੇ ਆ ਰਹੇ ਸਾਡੇ ਮੁਜ਼ਾਰੇ ਜਿਹਨਾਂ ਤੇ ਮੇਰੇ ਬਾਬਾ ਜੀ ਨੂੰ ਏਨਾ ਮਾਨ ਸੀ ਕਿ ਉਹ ਬੜੇ ਇਮਾਨਦਾਰ ਸਨ ਤੇ ਬਾਬਾ ਜੀ ਕਹਿੰਦੇ ਹੁੰਦੇ ਸੀ ਕਿ ਇਹ ਮੇਰੇ ਅਸਲ ਪੁਤਰ ਹਨ ਤੇ ਹਰ ਇਕ ਦੀ ਲੋੜ ਪੂਰੀ ਕਰਦੇ। ਉਹਨਾਂ ਮੁਜ਼ਾਰਿਆਂ ਚੋਂ ਇਥੇ ਕੋਈ ਵੀ ਨਹੀਂ ਸੀ।

ਕੁਝ ਡਰ ਕੇ ਭੱਜ ਗਏ ਕੁਝ ਲੁਟੇਰਿਆਂ ਨਾਲ ਰਲ ਗਏ ਤੇ ਨਾਲ ਹੀ ਕੁਝ ਮਾਰੇ ਗਏ। ਸ਼ਾਇਦ ਉਹਨਾਂ ਚੋਂ ਹੀ ਕਿਸੇ ਨਮਕ ਹਰਾਮ ਨੇ ਹਵੇਲੀ ਦਾ ਵੱਡਾ ਬੂਹਾ ਲੁਟੇਰਿਆਂ ਵਾਸਤੇ ਖੋਹਲਿਆ ਹੋਵੇ। ਇਕ ਵਾਰ ਮੈਂ ਹਵੇਲੀ ਵਲ ਨੂੰ ਤਕਿਆ, ਜਿਸ ਵੇਹੜੇ ਵਿਚ ਜੰਮਿਆ ਤੇ ਖੇਡਿਆ ਅੱਜ ਓਪਰਾ ਜਿਹਾ ਲੱਗਾ। ਪੁਰਾਣੇ ਪਿੰਡ ਦੀ ਯਾਦ ਆਈ। ਹਰਨੇਕ ਸਿੰਘ ਰਈਸ ਦੇ ਖਾਨਦਾਨ ਦਾ ਮੈਂ ਸਿਰਫ ਕੱਲਾ ਵਾਰਸ ਸਾਂ। ਲੱਖਾਂ ਦੀ ਜਾਇਦਾਦ ਅੱਜ ਕੋਡੀ ਦੀ ਵੀ ਨਹੀਂ ਸੀ। ਬੰਦੂਕ ਤੇ ਕੁਝ ਕਾਰਤੂਸ ਮੇਰੇ ਹੱਥ ਵਿਚ ਹੀ ਸੀ ਤੇ ਜੇਬ ਵਿਚ ਕੁਝ ਰੁਪੈ। ਇਕ ਵਾਰ ਚਿੱਤ ਕੀਤਾ ਕਿ ਖਾਨ ਬਹਾਦਰ ਨੂੰ ਜਾ ਮਾਰਾਂ। ਪਰ ਕਰੀਮ ਬਖਸ਼ ਨੇ ਮੈਨੂੰ ਮਿੰਨਤਾਂ ਤਰਲੇ ਕਰਕੇ ਹੋਸ਼ ਵਿਚ ਲਿਆਂਦਾ ਕਿ ਉਥੇ ਮੇਰੇ ਇਕੱਲੇ ਦੀ ਕੋਈ ਪੇਸ਼ ਨਹੀਂ ਚਲਣੀ। ਮੈਂ ਸਰਗੋਧੇ ਕੈਂਪ ਵਿਚ ਚਲੇ ਗਿਆ। ਉਥੇ ਫੋਜ ਵਾਲਿਆਂ ਨੇ ਮੇਰੀ ਬੰਦੂਕ ਵੀ ਲੈ ਲਈ ਤੇ ਹੋਲੀ ਹੋਲੀ ਫੋਜੀ ਨਿਗਰਾਨੀ ਹੇਠ ਕਈ ਦੁਖ ਤੇ ਤਸੀਹੇ ਸਹਿੰਦੇ ਹੋਏ ਅਸੀਂ ਜਲੰਧਰ ਪਹੁੰਚ ਗਏ। ਮੈਨੂੰ ਸਿਰਫ ਏਨਾ ਪਤਾ ਸੀ ਕਿ ਸਾਡਾ ਪੁਰਾਣਾ ਪਿੰਡ ਜੰਡਿਆਲਾ ਹੈ। ਪਰ ਮੈਂ ਪਿੰਡ ਕਦੇ ਨਹੀਂ ਸੀ ਆਇਆ ਤੇ ਨਾ ਹੀ ਕਦੇ ਕੋਈ ਇਥੋਂ ਉਥੇ ਆਉਂਦਾ ਜਾਂਦਾ ਸੀ। ਬਾਬਾ ਜੀ ਕਦੇ ਕਦੇ ਗੱਲਾਂ ਕਰਿਆ ਕਰਦੇ ਸਨ। ਪੁਛਗਿਛ ਕਰਕੇ ਆਖਰ ਮੈਂ ਪਿੰਡ ਪਹੁੰਚਾ ਤੇ ਮੇਰੇ ਪੜਦਾਦੇ ਦੇ ਭਰਾ ਦੇ ਖਾਨਦਾਨ ਚੋਂ ਇਕ ਬੰਦੇ ਨੂੰ ਮਿਲਿਆ ਜਿਸ ਦਾ ਨਾਮ ਤਰਲੋਕ ਸਿੰਘ ਸੀ। ਜਦ ਮੈਂ ਉਹਨੂੰ ਆਪਣੀ ਕਹਾਨੀ ਦਸੀ ਤਾਂ ਉਸ ਨੇ ਬੜੀ ਬੇਰੁਖੀ ਨਾਲ ਜੁਆਬ ਦਿੱਤਾ, "ਮੈਨੂੰ ਕੀ ਪਤਾ ਤੂੰ ਸਾਡੇ ਖਾਨਦਾਨ ਚੋਂ ਹੈਂ ਜਾਂ ਕੋਈ ਭੁੱਖਾ ਨੰਗਾ ਸ਼ਰਨਾਰਥੀ ਵੇਹਲੀਆਂ ਬੈਠ ਕੇ ਰੋਟੀਆਂ ਖਾਣ ਦਾ ਬੰਦੋਬਸਤ ਕਰ ਰਿਹਾ ਏਂ। ਮੇਰੀ ਤੇਰੇ ਨਾਲ ਕੋਈ ਰਿਸ਼ਤੇਦਾਰੀ ਨਹੀਂ। ਮੈਂ ਤੈਨੂੰ ਨਹੀਂ ਜਾਣਦਾ ਤੇ ਬਾਕੀ ਸ਼ਕਲ ਤੋਂ ਤੂੰ ਰਈਸ ਨਹੀਂ ਲਗਦਾ, ਮੰਗਤਾ ਲਗਦਾ ਏਂ।"

ਉਹਦੀ ਗੱਲ ਮੇਰੇ ਸੀਨੇ ਵਿਚ ਛੁਰੇ ਵਾਂਗ ਚੁੱਭੀ। ਸਿਆਣੇ ਸੱਚ ਹੀ ਕਹਿੰਦੇ ਨੇ ਕਿ ਮਾੜੇ ਵੇਲੇ ਤਾਂ ਪਰਛਾਵਾਂ ਭੀ ਸਾਥ ਛੱਡ ਜਾਂਦਾ ਹੈ। ਆਖਰ ਕੈਂਪ ਵਿਚ ਵਾਪਸ ਮੁੜ ਆਇਆ। ਬਾਅਦ ਵਿਚ ਮੈਨੂੰ ਪਤਾ ਲਗਾ ਕਿ ਸਾਡੇ ਪੜਦਾਦੇ ਦੀ ਕੁਝ ਘਮਾਂ ਜ਼ਮੀਨ ਸੀ ਜੋ ਇਹ ਟੱਬਰ ਨੱਪੀ ਬੈਠਾ ਸੀ ਤੇ ਸ਼ਾਇਦ ਭਾਈ ਤਰਲੋਕ ਸਿੰਘ ਨੂੰ ਇਹ ਡਰ ਹੋਵੇ ਕਿ ਮੈਂ ਕਿਤੇ ਜ਼ਮੀਨ ਤੇ ਹੱਕ ਨਾ ਜਿਤਾਵਾਂ।

ਆਪਣੀ ਭੈਣ ਦੇ ਪਿੰਡ ਦੁਸਾਂਝ ਜਾ ਕੇ ਪਤਾ ਕੀਤਾ ਤੇ ਖਬਰ ਮਿਲੀ ਕਿ ਉਹਨਾਂ ਦਾ ਸਾਰਾ ਪਰੀਵਾਰ ਭੀ ਰਾਹ ਵਿਚ ਹੀ ਮਾਰਿਆ ਗਿਆ। ਮੇਰਾ ਇਸ ਦੁਨੀਆਂ ਤੇ ਕੋਈ ਨਹੀਂ ਸੀ। ਇਕ ਗਲੋਂ ਤਾਂ ਚੰਗਾ ਹੀ ਸੀ ਕਿ ਸਿਵਾਏ ਆਪਣੇ ਤੋਂ ਕਿਸੇ ਹੋਰ ਦੀ ਫਿਕਰ ਨਹੀਂ ਸੀ। ਫਿਰ ਤਕਰੀਬਨ ਇਕ ਸਾਲ ਇਕ ਕੈਂਪ ਤੋਂ ਦੂਸਰੇ ਕੈਂਪ ਵਿਚ ਘੁੰਮਦੇ ਫਿਰਦੇ ਆਖਰ ਦਿੱਲੀ ਪਹੁੰਚ ਗਿਆ ਤੇ ਉਥੇ ਕੈਂਪ ਦੇ ਵਿਚ ਹੀ ਇਕ ਵਿਧਵਾ ਗੁਰਚਰਨ ਕੋਰ ਮਿਲੀ ਜਿਸ ਦੇ ਕੁੱਛੜ ਇਕ ਸਾਲ ਦਾ ਲੜਕਾ ਸੀ। ਉਹਦੀ ਕਹਾਣੀ ਵੀ ਮੇਰੇ ਵਰਗੀ ਸੀ। ਉਹਦਾ ਵੀ ਕੋਈ ਨਹੀਂ ਸੀ। ਮੈਨੂੰ ਉਹਦੇ ਨਾਲ ਹਮਦਰਦੀ ਹੋ ਗਈ। ਹੋਲੀ ਹੋਲੀ ਇਹ ਹਮਦਰਦੀ



ਆਪਣੇਪਨ ਵਿਚ ਬਦਲ ਗਈ। ਸਾਲ ਕੁ ਬਾਅਦ ਅਸੀਂ ਦੋਹਾਂ ਨੇ ਵਿਆਹ ਕਰਵਾ ਲਿਆ ਤੇ ਘਰ ਦੀ ਜ਼ੁੰਮੇਵਾਰੀ ਸਿਰ ਤੇ ਆ ਪਈ। ਰਈਸ ਖਾਨਦਾਨ ਦਾ ਇਕਲੌਤਾ ਵਾਰਸ ਨਰਿੰਦਰ ਸਿੰਘ ਹੁਣ ਮਰ ਚੁੱਕਾ ਸੀ ਤੇ ਉਹਦੀ ਜਗਾ ਇਕ ਮਜ਼ਦੂਰ ਨਰਿੰਦਰ ਸਿੰਘ ਨੇ ਲੈ ਲਈ। ਕਈ ਖੇਖਣ ਖੇਲੇ। ਗੁਰਚਰਨ ਕੋਰ ਦੇ ਕੁੱਖੋਂ ਪੰਜ ਮੁੰਡੇ ਤੇ ਇਕ ਕੁੜੀ ਹੋਈ। ਗੁਰਚਰਨ ਕੋਰ ਦਾ ਪਹਿਲਾ ਲੜਕਾ ਸੁਰਿੰਦਰ ਵੀ ਮੈਨੂੰ ਬਾਪੂ ਜੀ ਹੀ ਕਹਿੰਦਾ ਸੀ ਤੇ ਮੈਨੂੰ ਆਪਣੇ ਪੁਤਰਾਂ ਵਾਂਗ ਸੀ। ਲੜਕੇ ਮੇਰੇ ਸਾਰੇ ਲਾਇਕ ਨਿਕਲੇ ਤੇ ਹੋਲੀ ਹੋਲੀ ਪੁਰਾਣੇ ਜ਼ਖਮ ਭਰ ਗਏ। ਮੇਰੇ ਤਿੰਨ ਲੜਕੇ ਟੈਕਸੀਆਂ ਚਲਾਉਂਦੇ ਸੀ ਤੇ ਦੋ ਸਕੂਟਰ ਰਿਕਸ਼ੇ। ਵੱਡੇ ਪੰਜ ਵਿਆਹੇ ਹੋਏ ਸਨ ਤੇ ਬਾਲ ਬੱਚਿਆਂ ਵਾਲੇ ਸੀ ਤੇ ਸਭ ਤੋਂ ਛੋਟਾ ਹਾਲੇ ਪਰੀ-ਮੈਡੀਕਲ ਵਿਚ ਪੜ੍ਹਦਾ ਸੀ। ਉਹਦੇ ਭਰਾਵਾਂ ਦੀ ਇਹ ਇਛਾ ਸੀ ਕਿ ਉਹ ਡਾਕਟਰ ਬਣੇ ਤੇ ਮੇਰੀ ਸਭ ਤੋਂ ਵਡੀ ਨੂੰਹ ਪਰੀਤੋ ਸੱਤ ਮਹੀਨਿਆਂ ਦੀ ਗਰਭਵਤੀ ਸੀ। ਅਸੀਂ ਸਾਰੇ ਸੁਲਤਾਨਪੁਰੀ ਬਲਾਕ ਨੰਬਰ ਚਾਰ ਵਿਚ ਨਾਲ ਨਾਲ ਦੇ ਘਰਾਂ ਵਿਚ ਰਹਿੰਦੇ ਸਨ। ਵਿਆਹ ਵਾਂਗ ਦਿਨ ਲੰਘ ਰਹੇ ਸਨ। ਮੇਰੀ ਸਿਹਤ ਕੁਝ ਸਾਲਾਂ ਤੋਂ ਕੰਮਜ਼ੋਰ ਹੋ ਰਹੀ ਸੀ ਤੇ ਮੇਰੇ ਲੜਕੇ ਹੁਣ ਮੈਨੂੰ ਕੰਮ ਨਹੀਂ ਸਨ ਕਰਨ ਦੇਂਦੇ। ਦੋ ਕੁ ਸਾਲ ਹੋਏ, ਮੈਂ ਆਪਣੀ ਲੜਕੀ ਦਾ ਵਿਆਹ ਕਰ ਦਿੱਤਾ ਸੀ ਤੇ ਉਹ ਆਪਣੇ ਘਰ ਸੁਖੀ ਸੀ।

ਅਚਾਨਕ ਫਿਰ ਸਾਡੇ ਤੇ ਬਿਜਲੀ ਟੁੱਟੀ। ਵੀਰਵਾਰ ਪਹਿਲੀ ਨਵੰਬਰ ਦੀ ਰਾਤ ਨੂੰ ਜਿਸ ਤਰ੍ਹਾਂ ਉਹ ਸਾਡੇ ਸੰਤਾਲੀ ਵਿਚ ਸਰਗੋਧੇ ਟੁੱਟੀ ਸੀ। ਇੰਦਰਾ ਗਾਂਧੀ ਦੇ ਮਰਣ ਤੋਂ ਬਾਅਦ ਰੋਲਾ ਸੁਣਿਆ ਤੇ ਉਸ ਦਿਨ ਗੁਰਚਰਨ ਕੋਰ ਨੇ ਸਾਰਿਆਂ ਨੂੰ ਆਪਣੇ ਘਰ ਸ਼ਾਮ ਨੂੰ ਸੱਦ ਲਿਆ। ਸਾਰੇ ਵਿਹਲੇ ਸਨ। ਸ਼ਹਿਰ ਵਿਚ ਹੜਤਾਲ ਸੀ। ਮੈਨੂੰ ਠੰਡ ਲਗੀ ਹੋਈ ਸੀ ਤੇ ਮੈਂ ਮੰਜੀ ਤੇ ਪਿਆ ਸੀ। ਅਸੀਂ ਹਾਲੇ ਖਾ ਪੀ ਕੇ ਹਟੇ ਸਾਂ ਤੇ ਛੋਟੇ ਤੇਜਿੰਦਰ ਨੂੰ ਉਹਦੀ ਛੋਟੀ ਭਾਬੀ ਮਖੌਲ ਕਰ ਰਹੀ ਸੀ ਕਿ ਹੁਣ ਤੂੰ ਵਿਆਹ ਕਰਵਾ ਲੈ। ਸਿਰਫ ਤੂੰ ਹੀ ਛੜਾ ਹੈ ਇਸ ਘਰ ਵਿਚ। ਏਨੇ ਨੂੰ ਦਰਵਾਜ਼ਾ ਖੜਕਿਆ ਤੇ ਰੋਲਾ ਸੁਣਿਆ। ਮੇਰੇ ਵਡੇ ਲੜਕੇ ਜਸਵਿੰਦਰ ਨੇ ਉਠਕੇ ਬੂਹਾ ਖੋਲਿਆ ਤਾਂ ਸਾਹਮਣੇ ਕਾਫੀ ਵੱਡੀ ਭੀੜ ਸੀ। ਸਭ ਤੋਂ ਅਗੇ ਸਦਾ ਨੰਦ ਗੁਪਤਾ ਤੇਲ ਵਾਲਾ ਸੀ ਤੇ ਉਹਦੇ ਨਾਲ ਡਾਕਟਰ ਭਾਰਗਵ ਸੀ। ਗੁਪਤਾ ਭੀੜ ਨੂੰ ਮੁਖਾਤਿਬ ਹੋ ਕੇ ਕਹਿਣ ਲਗਾ, "ਸਭ ਮਰਦੋਂ ਕੋ ਮਾਰ ਡਾਲੋ, ਯੇ ਰਹਾ ਤੇਲ ਔਰ ਆਗ ਲਗਾ ਦੋ ਸਾਲੋਂ ਕੋ। ਏਕ ਭੀ ਬਚਣੇ ਨਾ ਪਾਏ ਔਰ ਬਾਅਦ ਮੇਂ ਔਰਤੋਂ ਸੇ ਆਪਣਾ ਮਨ ਪਰਚਾਨਾ। ਬਹੁਤ ਸਾਰੀਆਂ ਹੈਂ ਇਸ ਘਰ ਮੇਂ। ਹਰ ਉਮਰ ਕੀ ਮਿਲੇਗੀ।" ਤੇ ਭੀੜ ਇਕ ਦਮ ਸਾਡੇ ਤੇ ਟੁੱਟ ਪਈ। ਮੇਰੇ ਲੜਕੇ ਨੇ ਹੱਥ ਪੈਰ ਮਾਰੇ ਪਰ ਸਭ ਬੇਕਾਰ। 35-40 ਬੰਦਿਆਂ ਅਗੇ ਇਕ ਨਾ ਚਲੀ। ਡਾਂਗਾਂ, ਸਰੀਏ ਤੇ ਤਿਰਸ਼ੂਲਾਂ ਨਾਲ ਉਹਨਾਂ ਨੇ ਬੇਹੋਸ਼ ਕਰ ਦਿੱਤਾ। ਗੁਰਚਰਨ ਕੋਰ ਵੀ ਉਹਨਾਂ ਨੂੰ ਬਚਾਉਂਦੀ ਮਾਰੀ ਗਈ। ਉਹਨਾਂ ਨੂੰ ਬਾਹਰ ਗਲੀ ਵਿਚ ਕੱਢ ਕੇ ਤੇਲ ਪਾ ਕੇ ਅੱਗ ਲਾ ਦਿੱਤੀ। ਮੈਂ ਉਠਿਆ, ਮੇਰੇ ਸਿਰ ਵਿਚ ਕਿਸੇ ਡੰਡਾ ਮਾਰਿਆ। ਜਦੋਂ ਹੋਸ਼ ਆਈ ਤਾਂ ਮੈਨੂੰ ਮੇਰੀ ਹੀ ਪੱਗ ਨਾਲ ਮੰਜੀ ਨਾਲ ਬੰਨ੍ਹਿਆ

ਹੋਇਆ ਸੀ। ਉਹ ਚੰਡਾਲ ਮੇਰੀਆਂ ਨੋਂਹਾਂ ਤੇ ਮੇਰੀ ਵੱਡੀ ਪੋਤਰੀ ਛਿੰਦੋ ਜੋ ਸਿਰਫ 14 ਸਾਲ ਦੀ ਸੀ, ਚਿੰਬੜੇ ਹੋਏ ਸੀ। ਉਹ ਚੀਕਾਂ ਮਾਰ ਰਹੀਆਂ ਸਨ ਤੇ ਤਰਲੇ ਪਾ ਰਹੀਆਂ ਸਨ ਪਰ ਉਸਦਾ ਉਹਨਾਂ ਤੇ ਕੋਈ ਅਸਰ ਨਹੀਂ ਸੀ ਹੋਇਆ। ਮੇਰੀ ਛੋਟੀ ਨੋਂਹ ਪ੍ਰੀਤੋ ਤਕਰੀਬਨ ਨਗਨ ਪਈ ਸੀ ਤੇ ਉਹਦੇ ਤਨ ਤੇ ਰਹਿ ਗੀਆਂ ਕੁਝ ਲੀਰਾਂ ਚੋਂ ਉਹਦਾ ਢਿੱਡ ਬਾਹਰ ਦਿਸ ਰਿਹਾ ਸੀ। ਉਹ ਹੱਥ ਜੋੜ ਕੇ ਮਿੰਨਤਾਂ ਕਰ ਰਹੀ ਸੀ ਕਿ "ਰੱਬ ਦੇ ਵਾਸਤੇ ਮੈਨੂੰ ਛੱਡ ਦਿਉ, ਮੇਰੇ ਤੇ ਤਰਸ ਕਰੋ। ਮੈਂ ਮਾਂ ਬਨਣ ਵਾਲੀ ਹਾਂ।" ਨਥੂ ਜਮਾਂਦਾਰ ਕਹਿਣ ਲਗਾ, "ਇਹ ਸਾਲੀ ਇਕ ਹੋਰ ਪਿਲੇ ਕੋ ਪਾਲ ਰਹੀ ਹੈ" ਤੇ ਕਹਿੰਦੇ ਨੇ ਛੁਰਾ ਢਿੱਡ ਵਿਚ ਮਾਰ ਦਿੱਤਾ ਤੇ ਕਹਿਣ ਲਗਾ ਕਿ "ਲੇ ਹਮ ਤੁਮਾਰੀ ਇੱਜ਼ਤ ਨਹੀਂ ਲੁੱਟੇਂਗੇ।" ਲਹੂ ਦਾ ਪਰਨਾਲਾ ਬਹਿ ਤੁਰਿਆ ਤੇ ਉਹ ਉਥੇ ਹੀ ਢੇਰੀ ਹੋ ਗਈ।

ਮੈਂ ਉੱਠਣ ਦੀ ਕੋਸ਼ਿਸ਼ ਕੀਤੀ ਪਰ ਬੇਵੱਸ ਸਾਂ ਤੇ ਤੰਗ ਆ ਕੇ ਗਾਲ੍ਹਾਂ ਵੀ ਕੱਢੀਆਂ। ਮੈਨੂੰ ਉਮੀਦ ਸੀ ਕਿ ਸ਼ਾਇਦ ਮੇਰੇ ਪੁਤਰਾਂ ਦੀ ਤਰ੍ਹਾਂ ਕੋਈ ਮੈਨੂੰ ਵੀ ਅੱਗ ਲਾ ਦੇਣਗੇ ਜਾਂ ਮਾਰ ਦੇਣਗੇ। ਪਰ ਗੁਪਤਾ ਕਹਿਣ ਲਗਾ, "ਅਰੇ ਸਰਦਾਰ ਜੀ, ਇਤਨੀ ਜਲਦੀ ਭੀ ਕਿਆ ਹੈ। ਤੁਮ ਤੋ ਵੈਸੇ ਹੀ ਸ਼ਰਮ ਸੇ ਮਰ ਜਾਉਗੇ। ਦੇਖੋ ਆਪਣੀਆਂ ਆਖੋਂ ਸੇ ਇਹ ਨਜ਼ਾਰਾ।" ਮੈਂ ਖੁਦ ਲਈ ਮੌਤ ਮੰਗ ਰਿਹਾ ਸਾਂ ਪਰ ਉਹ ਵੀ ਨਾ ਆਈ। ਮੈਂ ਅੱਖਾਂ ਬੰਦ ਕਰ ਲਈਆਂ। ਹੌਲੀ ਹੌਲੀ ਚੀਖਾਂ ਸਿਸਕੀਆਂ ਵਿਚ ਬਦਲ ਗਈਆਂ ਤੇ ਅੱਧੇ ਪੌਣੇ ਘੰਟੇ ਵਿਚ ਹੀ ਸਭ ਕੁਝ ਖਤਮ ਹੋ ਗਿਆ। ਮੇਰਾ ਆਸ਼ਿਆਨਾ ਉਜੜ ਗਿਆ। ਅੱਜ ਫਿਰ ਦੂਸਰੀ ਵਾਰ ਮੈਂ ਬੇਘਰ ਹੋ ਗਿਆ। ਉਹ ਘਰ ਦਾ ਮੋਟਾ ਮੋਟਾ ਸਮਾਨ ਚੁੱਕ ਕੇ ਲੈ ਗਏ ਤੇ ਮੇਰੇ ਪੰਜ ਪੋਤੇ ਤੇ ਪੋਤੀਆਂ ਅੰਦਰ ਬੰਦ ਕਰਕੇ ਘਰ ਨੂੰ ਅੱਗ ਲਾ ਦਿਤੀ ਜੋ ਝੁਲਸ ਕੇ ਮਰ ਗਏ। ਜਾਣ ਲਗੇ ਬਾਹਰ ਖੜੇ ਸਕੂਟਰਾਂ ਤੇ ਟੈਕਸੀਆਂ ਨੂੰ ਵੀ ਸਾੜ ਗਏ। ਉਹਨਾਂ ਦੇ ਜਾਣ ਦੇ ਮਗਰੋਂ ਮੇਰੀ ਵੱਡੀ ਨੋਂਹ ਨੇ ਮੈਨੂੰ ਖੋਲਿਆ ਤੇ ਮੱਥੇ ਦੇ ਫੱਟ ਨੂੰ ਸਾਫ ਕਰਕੇ ਪੱਟੀ ਬੰਨ੍ਹੀ ਤੇ ਰੋਂਦੀ ਹੋਈ ਮੈਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕਰਨ ਲਗੀ। ਮੇਰੀ ਪੋਤਰੀ ਸ਼ਿੰਦੋ ਬੇਹੋਸ਼ ਪਈ ਸੀ ਤੇ ਮੇਰੀ ਨੋਂਹ ਉਹਨੂੰ ਪਾਣੀ ਦੇ ਛਿੱਟੇ ਮਾਰ ਕੇ ਉਸਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਸੀ। ਮੇਰੀਆਂ ਨੋਂਹਾਂ ਜਿਹਨਾਂ ਨੂੰ ਮੈਂ ਕਦੇ ਨੰਗੇ ਸਿਰ ਵੀ ਨਹੀਂ ਸੀ ਦੇਖਿਆ, ਅੱਜ ਮੇਰੇ ਸਾਹਮਣੇ ਅੱਧ ਨੰਗੀਆਂ ਬੈਠੀਆਂ ਸਨ। ਪਾਟੇ ਹੋਏ ਲੀੜਿਆਂ ਵਿਚ ਸਭ ਤੋਂ ਛੋਟੀ ਨੋਂਹ ਦੀ ਨੰਗੀ ਲਾਸ਼ ਖੂਨ ਵਿਚ ਲੱਥਪੱਥ ਪਈ ਸੀ। ਮੈਂ ਉਠ ਕੇ ਉਸ ਉਤੇ ਚਾਦਰ ਦੇ ਦਿੱਤੀ। ਕਈ ਘੰਟੇ ਇਸ ਤਰ੍ਹਾਂ ਹੀ ਵੇਹੜੇ ਵਿਚ ਪਿਆ ਰਿਹਾ। ਨੋਂਹਾਂ ਦੀ ਸਿਸਕਣ ਦੀ ਆਵਾਜ਼ ਆ ਰਹੀ ਸੀ ਇਕ ਦੂਜੇ ਦੇ ਗਲ ਲਗ ਰੋ ਰਹੀਆਂ ਸਨ ਤੇ ਮੇਰੀ ਵੱਡੀ ਨੋਂਹ ਸਭ ਨੂੰ ਹੌਂਸਲਾ ਦੇ ਰਹੀ ਸੀ ਤੇ ਉਸ ਨੇ ਹੀ ਬਾਕੀਆਂ ਰਹਿੰਦੀਆਂ ਖੂੰਹਦੀਆਂ ਲਾਸ਼ਾਂ ਘਰ ਦੇ ਸਮਾਨ ਨਾਲ ਸਸਕਾਰ ਕਰ ਦਿੱਤਾ। ਤੜਕਾ ਹੋ ਚੁੱਕਾ ਸੀ। ਮੈਂ ਬਾਹਰ ਆ ਗਿਆ। ਚਾਰੇ ਪਾਸੇ ਧੂੰਆਂ ਹੀ ਧੂੰਆਂ ਦਿਸਦਾ ਸੀ। ਕਈ ਘਰ ਹਾਲੇ ਸੁਲਘ ਰਹੇ ਸਨ ਤੇ ਸੜਕਾਂ ਤੇ ਲਾਸ਼ਾਂ ਪਈਆਂ ਸਨ। ਦਸ ਵਜੇ ਮੈਂ ਥਾਣੇ ਪੁੱਜਾ ਤੇ ਰਿਪੋਰਟ



ਲਿਖਵਾਉਣੀ ਚਾਹੀ।

ਤੇਲ ਵਾਲਾ ਗੁਪਤਾ ਜਿਸ ਕੋਲੋਂ ਕੁਝ ਦਿਨ ਪਹਿਲਾਂ ਮੈਂ ਤੇਲ ਲੈਣ ਗਿਆ ਸਾਂ। ਉਸ ਇਕ ਬੋਤਲ ਮਸਾਂ ਦਿੱਤੀ। ਕਹਿਣ ਲਗਾ ਕਿ 'ਸਰਦਾਰ ਜੀ ਤੇਲ ਕੀ ਬਹੁਤ ਕਮੀ ਹੈ।' ਤੇ ਉਸ ਦਿਨ ਟਰੱਕ ਤੇਲ ਦੇ ਪੀਪਿਆਂ ਨਾਲ ਭਰਿਆ ਪਿਆ ਸੀ ਜੋ ਉਸਦੀ ਦੁਕਾਨ ਤੋਂ ਆਇਆ ਸੀ। ਡਾ. ਭਾਰਗਵ ਪਿਛਲੇ 15 ਸਾਲਾਂ ਤੋਂ ਸਾਡਾ ਡਾਕਟਰ ਸੀ ਤੇ ਅੱਜ ਪਤਾ ਨਹੀਂ ਉਹਨੂੰ ਭੀ ਕੀ ਹੋ ਗਿਆ ?

ਥਾਣੇਦਾਰ ਨੇ ਮੇਰੀ ਰਿਪੋਰਟ ਲਿਖਣ ਤੋਂ ਨਾਂਹ ਕਰ ਦਿੱਤੀ ਤੇ ਕਹਿਣ ਲਗਾ, "ਅਬੇ ਬੁੱਢੇ ਇਤਨਾ ਸ਼ੁਕਰ ਮਨਾਉ ਕਿ ਤੁਮ ਅਭੀ ਜ਼ਿੰਦਾ ਹੋ। ਮੈਨੇਂ ਤੋ ਇਨ ਸਾਲੋਂ ਕੋ ਕਹਾ ਥਾ ਕਿ ਕੋਈ ਸਰਦਾਰ ਭੀ ਨਾ ਬਚਨੇ ਪਾਏ ਸੁਲਤਾਨਪੁਰੀ ਮੇਂ ਔਰ ਅਗਰ ਤੁਮ ਆਪਨੀ ਜਾਨ ਬਚਾਨੀ ਚਾਹਤੇ ਹੋ ਔਰ ਬੀਸ ਰੁਪੈ ਹੈਂ ਤੁਮਾਰੇ ਪਾਸ ਤੋਂ ਇਸ ਲਾਈਨ ਮੇਂ ਖੜੇ ਹੋ ਜਾਉ।" ਤੇ ਮੈ ਦੇਖਿਆ ਕਿ ਉਥੇ ਕਈ ਸਿਖ ਮੁੰਡੇ ਲਾਈਨ ਵਿਚ ਬੈਠੇ ਸਨ ਤੇ ਪੱਗਾਂ ਲਾਹ ਕੇ ਹੱਥ ਵਿਚ ਫੜੀਆਂ ਹੋਈਆਂ ਸਨ ਤੇ ਇਕ ਨਾਈ ਹਜਾਮਤ ਕਰੀ ਜਾ ਰਿਹਾ ਸੀ ਤੇ ਨਾਲੇ ਮਜ਼ਾਕ ਕਰੀ ਜਾ ਰਿਹਾ ਸੀ।

ਘਰ ਮੁੜਣ ਦੀ ਹਿੰਮਤ ਨਹੀਂ ਪਈ। ਸਾਰਾ ਦਿਨ ਬਾਹਰ ਘੁੰਮਦਾ ਰਿਹਾ। ਮੇਰੇ ਵਿਚ ਹਿੰਮਤ ਨਹੀਂ ਸੀ ਕਿ ਮੈਂ ਆਪਣੀਆਂ ਨੋਂਹਾਂ ਦਾ ਸਾਹਮਣਾ ਕਰ ਸਕਾਂ। ਮੇਰੇ ਸਾਹਮਣੇ ਹੀ ਉਹਨਾਂ ਦੀ ਇੱਜ਼ਤ ਲੁੱਟ ਲਈ ਗਈ ਤੇ ਮੈਂ ਕੁਝ ਨਾ ਕਰ ਸਕਿਆ। ਮੈਨੂੰ ਆਪਣੇ ਆਪ ਤੋਂ ਨਫਰਤ ਹੋ ਰਹੀ ਸੀ। ਕੇਹੜਾ ਮੂੰਹ ਲੈ ਕੇ ਉਹਨਾਂ ਦੇ ਸਾਹਮਣੇ ਜਾਵਾਂ। ਆਖਰ ਜਦੋਂ ਘਰ ਪਹੁੰਚਾ ਤਾਂ ਉਥੇ ਕੋਈ ਵੀ ਨਹੀਂ ਸੀ। ਗੁਆਂਢੀਆਂ ਦੇ ਮੁੰਡੇ ਭਾਨੋਂ ਨੇ ਦਸਿਆ ਕਿ ਉਹਨਾਂ ਨੂੰ ਫੌਜ ਦੀ ਜੀਪ ਆ ਕੇ ਲੈ ਗਈ ਹੈ। ਮੈਂ ਰੱਬ ਦਾ ਸ਼ੁਕਰ ਮਨਾਇਆ ਕਿ ਚਲੋ ਘੱਟ ਤੋਂ ਘੱਟ ਹੁਣ ਉਹਨਾਂ ਦਾ ਸਾਹਮਣਾ ਤਾਂ ਨਹੀਂ ਕਰਨਾ ਪਵੇਗਾ। ਮੈ ਫਿਰ ਉਸੇ ਮੰਜੀ ਤੇ ਪੈ ਗਿਆ। ਰਾਤ ਨੂੰ ਫਿਰ ਬਦਮਾਸ਼ਾਂ ਦੇ ਟੋਲੇ ਆਏ ਤੇ ਸਾਡੇ ਘਰ ਦਾ ਬੂਹਾ ਖੁਲ੍ਹਾ ਸੀ। ਮੈਂ ਉਹ ਕਹਿੰਦੇ ਸੁਣੇ ਕਿ 'ਇਨ ਕੋ ਤੋ ਕਲ ਸੰਭਾਲ ਲੀਆ ਥਾ।' ਇਕ ਜਵਾਨ ਅੰਦਰ ਆਇਆ। ਸ਼ਾਇਦ ਮੈਨੂੰ ਮਰਿਆ ਸਮਝ ਕੇ ਛੱਡ ਗਿਆ। ਮੈਨੂੰ ਮੌਤ ਦਾ ਕੋਈ ਡਰ ਨਹੀਂ ਸੀ।

ਦੂਸਰੇ ਦਿਨ ਹੀ ਮੈਨੂੰ ਸਵੇਰੇ ਹੀ ਇਥੇ ਕੈਂਪ ਵਿਚ ਲੈ ਆਏ। ਡਾਕਟਰ ਭਾਰਗਵ ਸਭ ਦੀ ਦੇਖ ਭਾਲ ਕਰ ਰਿਹਾ ਸੀ ਤੇ ਗੁਪਤਾ ਰਾਸ਼ਨ ਲਿਆ ਕੇ ਦੇ ਰਿਹਾ ਸੀ। ਸਾਡਾ ਸਭ ਕੁਝ ਖੋਹ ਕੇ ਦੁਬਾਰਾ ਆਬਾਦ ਕਰਨ ਦੀਆਂ ਗੱਲਾਂ ਕਰ ਰਹੇ ਸਨ।"

ਬਾਬਾ ਕਹੀ ਜਾ ਰਿਹਾ ਸੀ ਤੇ ਕਦੇ ਕਦੇ ਜਦ ਗਲ ਭਰ ਜਾਂਦਾ ਤਾਂ ਰੁਕ ਜਾਂਦਾ। ਮਹਿੰਦਰ ਸਿੰਘ ਭੀ ਜ਼ਾਰੋ ਜ਼ਾਰ ਰੋ ਰਿਹਾ ਸੀ। ਬਾਬਾ ਕਹਿ ਰਿਹਾ ਸੀ ਕਿ ਪੁਤਰ ਅਸੀਂ ਤਾਂ ਉਜੜੇ ਲੋਕ ਹਾਂ। ਮੈਂ ਤੇਰੀ ਹਮਦਰਦੀ ਦੀ ਕਦਰ ਕਰਦਾ ਹਾਂ। ਅਗਰ ਤੇਰੇ ਤੋਂ ਹੋ ਸਕੇ ਤਾਂ ਮੇਰੀਆਂ ਨੋਂਹਾਂ ਦੀ ਮਦਦ ਕਰ ਦੇਣੀ। ਪਤਾ ਨਹੀਂ ਉਹ ਵਿਚਾਰੀਆਂ ਕਿਸ ਹਾਲ ਵਿਚ ਹਨ

ਤੇ ਕਿਥੇ ਹਨ। ਪਰ ਮੇਰੇ ਵਿਚ ਹਿੰਮਤ ਨਹੀਂ ਕਿ ਇਹਨਾਂ ਮੋਢਿਆਂ ਤੇ ਚਾਰ ਵਿਧਵਾਵਾਂ ਦਾ ਭਾਰ ਚੁੱਕ ਸਕਾਂ। ਕਾਕਾ ਮੇਰਾ ਲੱਕ ਟੁੱਟ ਗਿਆ ਹੈ। ਸੰਨ ਸੰਤਾਲੀ ਵਿਚ ਮੈਂ ਜਵਾਨ ਸਾਂ। ਉਹ ਸਦਮਾ ਝੱਲ ਗਿਆ। ਹੁਣ ਤੇ ਮੈਂ ਖੋਖਲੇ ਦਰੱਖਤ ਵਾਂਗ ਹਾਂ। ਖ਼ੁਦ ਨੂੰ ਨਹੀਂ ਸੰਭਾਲ ਸਕਦਾ ਕਿਸੇ ਨੂੰ ਕੀ ਸਹਾਰਾ ਦੇਵਾਂਗਾ। ਜ਼ਿੰਦਗੀ ਵਿਚ ਜੇ ਕੋਈ ਇਕ ਵਾਰ ਉਜੜ ਜਾਏ ਤਾਂ ਦੁਬਾਰਾ ਪੈਰ ਲਗਣੇ ਮੁਸ਼ਕਲ ਹੋ ਜਾਂਦੇ ਹਨ ਪਰ ਜੇਕਰ ਕੋਈ ਦੋ ਵਾਰ ਉਜੜ ਜਾਏ, ਉਹਨੂੰ ਕਾਹਦੀ ਉਮੀਦ। ਮੈਂ ਛੇਤੀ ਹੀ ਰੱਬ ਕੋਲੋਂ ਜਾ ਕੇ ਪੁਛਾਂਗਾ ਕਿ ਤੇਰੇ ਘਰ ਵਿਚ ਨਿਆਂ ਹੈ ਕਿ ਨਹੀਂ? ਹਰਨੇਕ ਸਿੰਘ ਰਈਸ ਦਾ ਪੋਤਰਾ ਔਖਾ ਸੌਖਾ ਮਜ਼ਦੂਰੀ ਤਾਂ ਕਰ ਸਕਦਾ ਹੈ ਪਰ ਕਾਕਾ, ਉਹ ਸੜਕਾਂ ਤੇ ਖੜ ਕੇ ਮੰਗ ਨਹੀਂ ਸਕਦਾ...ਮੰਗ ਨਹੀਂ ਸਕਦਾ...ਮੰਗ ਨਹੀਂ ਸਕਦਾ। ਇਹ ਕਹਿੰਦੇ ਹੋਏ ਬਾਬੇ ਨੇ ਇਕ ਹਟਕੋਰਾ ਜਿਹਾ ਲਿਆ ਤੇ ਫਿਰ ਚੁੱਪ ਹੋ ਗਿਆ। ਮਹਿੰਦਰ ਸਿੰਘ ਨੇ ਬਾਬੇ ਨੂੰ ਜੱਫੀ ਵਿਚ ਲੈ ਲਿਆ ਤੇ ਕਹਿਣ ਲਗਾ ਕਿ "ਬਾਬਾ ਜੀ ਤੁਸੀਂ ਮੇਰੇ ਘਰ ਚਲੋ, ਮੈਂ ਸਭ ਸੰਭਾਲ ਲਵਾਂਗਾ। ਵਾਹਿਗੁਰੂ ਦਾ ਦਿੱਤਾ ਹਾਲੇ ਭੀ ਬਹੁਤ ਕੁਝ ਹੈ। ਤੁਹਾਡੇ ਪਰੀਵਾਰ ਦੀ ਮੈਂ ਪੂਰੀ ਪੂਰੀ ਮਦਦ ਕਰਾਂਗਾ। ਮੈਨੂੰ ਹੀ ਆਪਣਾ ਪੁਤਰ ਸਮਝੋ।" ਪਰ ਬਾਬੇ ਨੇ ਕੋਈ ਜੁਆਬ ਨਾ ਦਿੱਤਾ ਤੇ ਜਦੋਂ ਮਹਿੰਦਰ ਸਿੰਘ ਨੇ ਮੂੰਹ ਵਲ ਤਕਿਆ ਤੇ ਬਾਬੇ ਦੇ ਹੰਝੂ ਰੁਕ ਗਏ ਸਨ ਤੇ ਅੱਖਾਂ ਉਤਾਂਹ ਅਸਮਾਨ ਵਲ ਦੇਖ ਰਹੀਆਂ ਸਨ। ਮਹਿੰਦਰ ਸਿੰਘ ਨੇ ਫਿਰ ਹਲੂਣਿਆ ਤੇ ਕਿਹਾ 'ਬਾਬਾ ਜੀ.. ਬਾਬਾ ਜੀ' ਪਰ ਕੋਈ ਜੁਆਬ ਨਾ ਮਿਲਿਆ। ਮਹਿੰਦਰ ਸਿੰਘ ਸਮਝ ਗਿਆ ਕਿ ਬਾਬਾ ਹੁਣ ਇਸ ਦੁਨੀਆਂ ਤੋਂ ਜਾ ਚੁੱਕਾ ਹੈ। ਉਹ ਇਕ ਮਿੰਟ ਵਿਚ ਹੀ ਆਪਣੀਆਂ ਆਉਣ ਵਾਲੀਆਂ ਜ਼ੁੰਮੇਵਾਰੀਆਂ ਤੋਂ ਸਰਖਰੂ ਹੋ ਚੁੱਕਾ ਸੀ ਤੇ ਇਸ ਦੁਨੀਆਂ ਦੀ ਅਦਾਲਤ ਨੇ ਤਾਂ ਉਸਦੀ ਸ਼ਕਾਇਤ ਤੇ ਗੌਰ ਨਹੀਂ ਕੀਤਾ ਤੇ ਉਹ ਸਭ ਤੋਂ ਵੱਡੀ ਅਦਾਲਤ ਵਿਚ ਜਾ ਕੇ ਇਨਸਾਫ ਦੀ ਮੰਗ ਕਰ ਰਿਹਾ ਸੀ।

## *ਪਹਿਲੀ ਕਿਸਤ*

ਦਿੱਲੀ ਦੇ ਅਖਬਾਰਾਂ ਵਿਚ ਪਹਿਲੇ ਸਫੇ ਤੇ ਇੱਕ ਵੱਡੀ ਸਾਰੀ ਸੁਰਖੀ ਸੀ "ਦਿੱਲੀ ਦੇ ਮਸ਼ਹੂਰ ਸੇਠ ਕਾਲਾ ਚੰਦ ਦਾ ਬੜੀ ਬੇਰਹਿਮੀ ਨਾਲ ਕਤਲ।" ਤੇ ਇਸ ਸੁਰਖੀ ਵਿਚ ਲਿਖਿਆ ਗਿਆ ਸੀ ਕਿ ਇਸਦੇ ਪਿੱਛੇ ਅੱਤਵਾਦੀਆਂ ਦਾ ਹੱਥ ਹੈ। ਤੇ ਇਕ ਅਤਵਾਦੀ ਮੌਕੇ ਤੇ ਹੀ ਫੜਿਆ ਗਿਆ ਉਸਦੀ ਉਮਰ ਕੋਈ ਪੰਦਰਾਂ ਕੁ ਸਾਲ ਦੀ ਲੱਗਦੀ ਹੈ ਤੇ ਮੁੱਛਫੁੱਟ ਗੱਭਰੂ ਹੈ। ਉਸਦਾ ਕਾਲਾ ਚੰਦ ਦੇ ਘਰ ਪਹਿਲਾਂ ਵੀ ਆਉਣਾ ਜਾਣਾ ਸੀ। ਕਾਲਾ ਚੰਦ ਦੇ ਹੱਥ ਪਿੱਛੇ ਲਾਲ ਰੰਗ ਦੀ ਪਰਾਂਦੀ ਨਾਲ ਬੰਨ੍ਹੇ ਹੋਏ ਸਨ। ਉਸਦੇ ਸਿਰ 'ਤੇ ਇਕ ਜਖਮ ਸੀ। ਲੱਗਦਾ ਹੈ ਅਤਵਾਦੀਆਂ ਨੇ ਪਹਿਲਾਂ ਉਹਦੇ ਸਿਰ ਤੇ ਕੁਝ ਮਾਰ ਕੇ ਬੇਹੋਸ਼ ਕਰ ਲਿਆ ਤੇ ਫੇਰ ਉਹਦੇ ਹੱਥ ਪਿੱਛੇ ਬੰਨ੍ਹ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ। ਮੌਕੇ ਤੇ ਪੁਲਿਸ ਨੇ ਪਹੁੰਚ ਕੇ ਅੱਗ ਤਾਂ ਬੁਝਾ ਲਈ ਪਰ ਕਾਲਾ ਚੰਦ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮਰ ਚੁੱਕਾ ਸੀ। ਫੜੇ ਹੋਏ ਅੱਤਵਾਦੀ ਦਾ ਨਾਂ ਪਤਵਿੰਦਰ ਦਸਿਆ ਜਾਂਦਾ ਹੈ।

ਜਦ ਨਸੀਬ ਕੌਰ ਨੇ ਇਹ ਖਬਰ ਪੜ੍ਹੀ ਤਾਂ ਇਕ ਦਮ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸਨੇ ਆਪਣੇ ਦਿਲ ਤੇ ਕਾਬੂ ਕੀਤਾ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਖੁਸ਼ੀ ਮਨਾਵੇ ਜਾਂ ਅਫਸੋਸ ਕਰੇ। ਉਸਨੇ ਆਪਣੇ ਆਪ ਨੂੰ ਸੰਭਾਲਿਆ ਤੇ ਤਿਆਰ ਹੋ ਕੇ ਗੁਰਦੁਆਰੇ ਵਲ ਨੂੰ ਤੁਰ ਪਈ। ਅੱਜ ਉਹ ਛੇ ਸਾਲ ਬਾਦ ਪਹਿਲੀ ਵਾਰ ਗੁਰਦਵਾਰੇ ਜਾ ਰਹੀ ਸੀ। ਉਸਦੇ ਪੈਰ ਡਗਮਗਾ ਰਹੇ ਸਨ। ਤੇ ਉਸਦੇ ਦਿਮਾਗ ਵਿਚ ਪੁਰਾਣੀਆਂ ਯਾਦਾਂ ਇਕ ਦੂਸਰੀ ਤੋਂ ਅੱਗੇ ਹੋ ਹੋ ਕੇ ਆ ਰਹੀਆਂ ਸਨ।

ਉਸ ਨੂੰ ਯਾਦ ਹੈ ਕਿ ਜਦ ਉਸ ਆਪਣੇ ਪਿੰਡ ਦਸਵੀਂ ਪਾਸ ਕੀਤੀ ਸੀ। ਉਹਦਾ ਪਿਤਾ ਬਖਤਾਵਰ ਸਿੰਘ ਜੋ ਕਿ ਇਕ ਗਰੀਬ ਜੱਟ ਸੀ, ਉਹਦੇ ਵਿਆਹ ਬਾਰੇ ਫਿਕਰਮੰਦ ਰਹਿੰਦਾ ਸੀ। ਉਸਨੇ ਇਹ ਆਪਣੀ ਧੀ ਬੜੇ ਲਾਡਾਂ ਨਾਲ ਪਾਲੀ ਸੀ। ਉਸਦੀ ਮਾਂ ਉਸਦੇ ਜੰਮਣ ਤੋਂ ਕੁਝ ਮਹੀਨਿਆਂ ਬਾਦ ਹੀ ਮਰ ਗਈ। ਬੁਖਾਰ ਐਸਾ ਚੜ੍ਹਿਆ ਕਿ ਉਹਨੂੰ ਨਾਲ ਲੈ ਕੇ ਹੀ ਗਿਆ। ਥੋੜ੍ਹੀ ਬਹੁਤ ਮਦਦ ਰਿਸ਼ਤੇਦਾਰਾਂ ਵਲੋਂ ਤੇ ਬਾਕੀ ਬਖਤਾਵਰ ਸਿੰਘ ਦੀ ਕੁਰਬਾਨੀ ਕਰਕੇ ਨਸੀਬ ਕੌਰ ਖੁਸ਼ੀ ਦੇ ਮਾਹੌਲ ਵਿਚ ਜੰਮੀ ਪਲੀ। ਲੋਕਾਂ ਨੇ ਆਖਿਆ ਕਿ

ਬਖਤੌਰ ਸਿਹਾਂ ਹੋਰ ਵਿਆਹ ਕਰਵਾ ਲੈ। ਤੇਰੀ ਰੋਟੀ ਪੱਕਦੀ ਹੋਊ ਤੇ ਨਾਲੇ ਸ਼ਾਇਦ ਤੇਰੇ ਘਰ ਲੜਕਾ ਪੈਦਾ ਹੋ ਜਾਏ ਤੇ ਤੇਰੇ ਖਾਨਦਾਨ ਦਾ ਨਾਂ ਚੱਲੀ ਜਾਊ। ਪਰ ਉਸਨੇ ਕਿਸੇ ਦੀ ਵੀ ਨਾ ਮੰਨੀ। ਹੌਲੀ ਹੌਲੀ ਸਾਰੇ ਲੋਕ ਕਹਿਣੋਂ ਹਟ ਗਏ। ਬਖਤਾਵਰ ਸਿੰਘ ਕੋਲ ਥੋੜ੍ਹੀ ਜਿਹੀ ਜ਼ਮੀਨ ਸੀ, ਉਸ ਵਿਚ ਸਬਜ਼ੀਆਂ ਵਗੈਰਾ ਲਾ ਕੇ ਗੁਜ਼ਾਰਾ ਕਰ ਲੈਂਦਾ। ਉਹਨੂੰ ਕਿਸੇ ਨੇ ਇਕ ਮੁੰਡੇ ਦੀ ਦਸ ਪਾਈ, ਲਾਗਲੇ ਪਿੰਡ ਵਿਚ। ਉਹ ਨੌਜਵਾਨ ਵੀ, ਜਿਸਦਾ ਦਾ ਨਾਂ ਦਲੀਪ ਸਿੰਘ ਸੀ, ਇਕ ਗਰੀਬ ਜੱਟ ਦਾ ਸਭ ਤੋਂ ਛੋਟਾ ਲੜਕਾ ਸੀ ਤੇ ਉਹਦੀ ਉਮਰ ਹੋਵੇਗੀ ਕੋਈ 16-17 ਸਾਲਾਂ ਦੀ। ਤੇ ਉਸਨੇ ਵੀ ਸਾਲ ਕੁ ਹੋਇਆ ਸੀ ਦਸਵੀਂ ਪਾਸ ਕੀਤੀ ਸੀ। ਉਹਦੇ ਘਰ ਵਾਲੇ ਉਹਨੂੰ ਅੱਗੇ ਪੜ੍ਹਾ ਨਹੀਂ ਸਕੇ। ਛੋਟਾ ਹੋਣ ਕਰਕੇ ਲਾਡਲਾ ਸੀ, ਘਰ ਵਿਚਲੀ ਖੇਤੀ ਉਹਨੂੰ ਪਸੰਦ ਨਹੀਂ ਸੀ। ਤੇ ਹੋਰ ਕੋਈ ਕੰਮ ਹਾਲੇ ਮਿਲਦਾ ਨਹੀਂ ਸੀ। ਬਖਤਾਵਰ ਸਿੰਘ ਨੇ ਸਿੱਧੇ ਹੀ ਜਾ ਗੱਲ ਕੀਤੀ ਤੇ ਕੰਮ ਸਿਰੇ ਚੜ੍ਹ ਗਿਆ। ਨਸੀਬ ਕੌਰ ਜਦ ਵਿਆਹ ਤੋਂ ਬਾਅਦ ਸਹੁਰੀਂ ਆਈ ਤਾਂ ਉਥੇ ਆ ਕੇ ਥੋੜ੍ਹੀ ਜਿਹੀ ਮੁਸ਼ਕਲ ਮਹਿਸੂਸ ਕਰਨ ਲੱਗੀ। ਉਹਦੇ ਬਾਪ ਵਾਂਗਰ ਇਹ ਵੀ ਗਰੀਬ ਸਨ। ਪਰ ਉਸ ਘਰ ਵਿਚ ਦਲੀਪ ਸਿੰਘ ਦੇ ਦੋ ਵੱਡੇ ਭਰਾ ਭਰਜਾਈਆਂ ਤੇ ਉਹਨਾਂ ਦੇ ਚਾਰ ਬੱਚੇ ਰਹਿੰਦੇ ਸਨ।

ਜਦ ਦਲੀਪ ਸਿੰਘ ਵਿਆਹ ਤੋਂ ਕੁ ਕੁਝ ਚਿਰ ਬਾਅਦ ਸਹੁਰੀਂ ਗਿਆ ਤਾਂ ਉਹਦੇ ਸਹੁਰੇ ਨੇ ਉਹਨੂੰ ਸਲਾਹ ਦਿੱਤੀ ਕਿ ਕੋਈ ਕੰਮ ਕਾਜ ਕਰੇ। ਹੁਣ ਜ਼ਿੰਮੇਵਾਰੀ ਜੁ ਸਿਰ ਤੇ ਪੈ ਗਈ ਹੈ। ਉਨ੍ਹਾਂ ਦੇ ਪਿੰਡ ਦਾ ਇਕ ਬੰਦਾ ਪਿਆਰਾ ਸਿੰਘ ਦਿੱਲੀ ਰਹਿੰਦਾ ਸੀ ਤੇ ਕਦੇ ਕਦੇ ਪਿੰਡ ਆਉਂਦਾ ਸੀ ਤੇ ਉਹ ਜਦ ਵੀ ਪਿੰਡ ਆਉਂਦਾ ਉਹਦੇ ਨਾਲ ਕੋਈ ਨਾ ਕੋਈ ਗੱਭਰੂ ਦਿੱਲੀ ਨੂੰ ਤੁਰ ਪੈਂਦਾ ਰੋਜ਼ੀ ਰੋਟੀ ਦੀ ਤਲਾਸ਼ ਵਿਚ। ਸਬੱਬ ਨਾਲ ਉਹ ਪਿੰਡ ਆਇਆ ਹੋਇਆ ਸੀ। ਬਖਤਾਵਰ ਸਿੰਘ ਦਲੀਪ ਸਿੰਘ ਨੂੰ ਲੈ ਕੇ ਉਸ ਦੇ ਕੋਲ ਚਲੇ ਗਿਆ। ਬਖਤਾਵਰ ਸਿੰਘ ਨੇ ਪਿਆਰਾ ਸਿੰਘ ਨਾਲ ਵਾਕਫੀਅਤ ਕਰਵਾਈ ਕਿ "ਇਹ ਆਪਣੀ ਸੀਬੋ ਦਾ ਪਰ੍ਹੌਣਾ ਹੈ ਤੇ ਦਸਵੀਂ ਪਾਸ ਕੀਤੀ ਹੋਈ ਹੈ। ਪਿਆਰਾ ਸਿੰਘਾਂ ਤੇਰਾ ਭਲਾ ਹੋਊ ਜੇ ਇਹਨੂੰ ਕਿਤੇ ਕੰਮ ਤੇ ਲੁਵਾ ਦੇਵੇਂ।" ਪਿਆਰਾ ਸਿੰਘ ਨੇ ਇਕ ਵਾਰ ਉਸ ਨੌਜਵਾਨ ਵਲ ਤੱਕਿਆ। ਇਹ 16-17 ਵਰ੍ਹਿਆਂ ਦਾ ਮਲੂਕੜਾ ਜਿਹਾ ਛੋਕਰਾ। ਉਹ ਦਿਲ ਵਿਚ ਸੋਚ ਰਿਹਾ ਸੀ ਕਿ ਭਲਾ ਇਹ ਕੀ ਕੰਮ ਕਰੇਗਾ? ਪਰ ਜੇ ਨਾਂਹ ਕਰਦਾ ਹਾਂ ਤਾਂ ਵਿਚਾਰੇ ਬਖਤੌਰੇ ਦਾ ਦਿਲ ਟੁੱਟ ਜਾਵੇਗਾ। ਇਹ ਸੋਚ ਕੇ ਉਹਨੇ ਝੱਟ ਹੀ ਆਪਣਾ ਪਤਾ ਲਿਖ ਕੇ ਦਲੀਪੇ ਦੇ ਹੱਥ ਫੜਾ ਦਿੱਤਾ ਤੇ ਕਹਿਣ ਲਗਾ, 'ਕਾਕਾ ਜਦ ਤੇਰਾ ਚਿੱਤ ਕਰੇ ਦਿੱਲੀ ਆ ਜਾਈਂ। ਆਹ ਰਿਹਾ ਮੇਰਾ ਪਤਾ। ਦਿੱਲੀ ਰੇਲਵੇ ਸਟੇਸ਼ਨ ਦੇ ਨਾਲ ਜੋ ਟੈਕਸੀਆਂ ਦਾ ਅੱਡਾ ਹੈ ਉਥੇ ਕਿਸੇ ਨੂੰ ਵੀ ਪੁੱਛ ਲਈਂ, ਸਾਰੇ ਆਪਾਂ ਨੂੰ ਜਾਣਦੇ ਹਨ। ਕਈ ਸਾਲ ਹੋ ਗਏ ਨੇ ਉਥੇ ਧੱਕੇ ਖਾਂਦਿਆਂ ਨੂੰ।"

ਤੇ ਵਿਆਹ ਤੋਂ ਕੁਝ ਮਹੀਨਿਆਂ ਬਾਅਦ ਹੀ ਦਲੀਪੇ ਨੇ ਦਿੱਲੀ ਜਾਣ ਦਾ ਮੰਨ ਬਣਾ



ਲਿਆ। ਪਹਿਲਾਂ ਤਾਂ ਉਹਦੇ ਘਰਦੇ ਮੰਨਦੇ ਨਹੀਂ ਸੀ। ਪਰ ਬਖਤਾਵਰ ਸਿੰਘ ਦੇ ਕਹਿਣ ਤੇ ਕਿ ਇਕ ਆਪਣਾ ਮੁੰਡਾ ਜੁ ਉਥੇ ਹੈ ਤਾਂ ਉਹਦੇ ਘਰਦੇ ਮੰਨ ਗਏ। ਪੰਜਾਬ ਵਿਚ ਤਾਂ ਕੋਈ ਨੌਕਰੀ ਮਿਲਦੀ ਨਹੀਂ ਸੀ। ਦਲੀਪ ਸਿੰਘ ਅਖੀਰ ਦਿੱਲੀ ਪਹੁੰਚ ਗਿਆ। ਕੁਝ ਦਿਨ ਪਿਆਰਾ ਸਿੰਘ ਦੇ ਘਰ ਰਿਹਾ ਤੇ ਹੌਲੀ ਹੌਲੀ ਉਹਨੂੰ ਚਾਨਣ ਹੋ ਗਿਆ ਕਿ ਕੋਈ ਨੌਕਰੀ ਨਹੀਂ ਮਿਲਣੀ ਤੇ ਪਿੰਡ ਵੀ ਉਹ ਹੁਣ ਕਿਹੜੇ ਮੂੰਹ ਨਾਲ ਜਾਵੇ। ਆਖਿਰ ਉਸਨੇ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ ਤੇ ਹੌਲੀ ਹੌਲੀ ਸਕੂਟਰ ਰਿਕਸ਼ਾ ਲੈ ਲਿਆ ਤੇ ਥੋੜ੍ਹੇ ਚਿਰ ਬਾਅਦ ਉਹਨੂੰ ਸਿਰ ਢੱਕਣ ਵਾਸਤੇ ਛੱਤ ਵੀ ਮਿਲ ਗਈ। ਤਕਰੀਬਨ ਸਾਲ ਦੇ ਬਾਅਦ ਹੀ ਉਹ ਸੀਬੋ ਨੂੰ ਲੈ ਆਇਆ। ਨਸੀਬ ਕੌਰ ਨੂੰ ਬੜਾ ਅਜੀਬ ਲੱਗਾ ਏਥੇ ਰਹਿਣਾ। ਪਰ ਫੇਰ ਆਦੀ ਹੋ ਗਈ। ਆਉਣ ਤੋਂ ਕੁਝ ਮਹੀਨਿਆਂ ਬਾਅਦ ਹੀ ਉਹ ਗਰਭਵਤੀ ਹੋ ਗਈ ਤੇ ਤਕਰੀਬਨ ਸਾਲ ਦੇ ਅੰਦਰ ਅੰਦਰ ਹੀ ਉਸਦੇ ਘਰ ਇੱਕ ਗੁੱਡੀ ਆ ਗਈ। ਦਲੀਪ ਸਿੰਘ ਨੇ ਉਹਦਾ ਨਾਂ ਦੀਪੋ ਰੱਖ ਲਿਆ। ਤੇ ਹੌਲੀ ਹੌਲੀ ਦਲੀਪ ਸਿੰਘ ਦੀ ਆਮਦਨ ਵਿਚ ਹੋਰ ਵਾਧਾ ਹੋ ਗਿਆ ਤੇ ਉਹ ਕਹਿੰਦਾ ਹੁੰਦਾ ਸੀ ਕਿ ਇਹ ਮੇਰੀ ਕੁੜੀ ਬੜੀ ਭਾਗਾਂ ਵਾਲੀ ਹੈ ਜਿਸ ਦਿਨ ਦੀ ਇਹ ਆਈ ਹੈ ਕਮਾਈ ਵਿਚ ਕਾਫੀ ਬਰਕਤ ਆ ਗਈ ਹੈ। ਫਿਰ ਤਕਰੀਬਨ ਦੋ ਕੁ ਸਾਲਾਂ ਬਾਅਦ ਨਸੀਬ ਕੌਰ ਦੇ ਪਿਤਾ ਦੀ ਅਚਾਨਕ ਮੌਤ ਹੋ ਗਈ ਦਿਲ ਦੇ ਦੌਰੇ ਕਰਕੇ। ਪਿੰਡ ਜੋ ਜ਼ਮੀਨ ਸੀ ਉਹਨਾਂ ਨੇ ਉਹ ਵੇਚ ਕੇ ਉਹਨਾਂ ਇਕ ਛੋਟਾ ਜਿਹਾ ਘਰ ਲੈ ਲਿਆ। ਬਖਤਾਵਰ ਸਿੰਘ ਦੀ ਇਹ ਦਿਲੀ ਖਾਹਿਸ਼ ਸੀ ਕਿ ਉਹਦੀ ਸੀਬੋ ਦੇ ਘਰ ਲੜਕਾ ਹੋਵੇ। ਦੀਪੋ ਤੋਂ ਕੋਈ ਦੋ ਤਿੰਨ ਸਾਲ ਤੱਕ ਕੋਈ ਬੱਚਾ ਨਹੀਂ ਹੋਇਆ। ਦੋਨੋਂ ਜੀਅ ਫਿਕਰਮੰਦ ਸੀ। ਨਸੀਬ ਕੌਰ ਸੋਚ ਰਹੀ ਸੀ ਕਿ ਉਹਦੇ ਪਿਤਾ ਦੀ ਖਾਹਿਸ਼ ਪੂਰੀ ਹੋ ਜਾਵੇ। ਜਿਉਂਦੇ ਜੀਅ ਤਾਂ ਉਹ ਨਹੀਂ ਦੇਖ ਸਕਿਆ ਡਾਕਟਰਾਂ ਨੇ ਤਾਂ ਜਵਾਬ ਦੇ ਦਿੱਤਾ ਸੀ ਕਿ ਨਸੀਬ ਕੌਰ ਦੇ ਹੋਰ ਕੋਈ ਬੱਚਾ ਨਹੀਂ ਹੋ ਸਕਦਾ ਕਿਉਂਕਿ ਦੀਪੋ ਦੇ ਜਨਮ ਤੋਂ ਬਾਅਦ ਉਹਨੂੰ ਕਾਫੀ ਤਕਲੀਫ ਰਹੀ ਸੀ। ਪਤਾ ਨਹੀਂ ਇਹਨਾਂ ਨੇ ਕਿੰਨੇ ਪਾਠ ਕਰਵਾਏ ਤੇ ਅਰਦਾਸਾਂ ਕੀਤੀਆਂ। ਆਖਿਰ ਉਹਨਾਂ ਦੀ ਰੱਬ ਨੇ ਸੁਣ ਲਈ। ਦੀਪੋ ਦੇ ਹੋਣ ਤੋਂ ਪੰਜ ਸਾਲ ਮਗਰੋਂ ਫੇਰ ਇਕ ਲੜਕਾ ਪੈਦਾ ਹੋਇਆ। ਤੇ ਇਹਨਾਂ ਨੇ ਉਹਦਾ ਨਾਂ ਪਿਆਰ ਨਾਲ ਪੱਪੂ ਰੱਖ ਲਿਆ। ਵੈਸੇ ਨਾਂ ਰੱਖਣ ਵੇਲੇ ਪੱਪਾ ਅੱਖਰ ਨਿਕਲਿਆ ਸੀ ਤੇ ਇਹਨਾਂ ਲੜਕੇ ਦਾ ਨਾਂ ਪਤਵਿੰਦਰ ਰੱਖ ਲਿਆ ਸੀ। ਹੌਲੀ ਹੌਲੀ ਦੋਨੋਂ ਭੈਣ ਭਰਾ ਪਲ ਰਹੇ ਸੀ। ਘਰ ਵਿਚ ਸ਼ਾਇਦ ਪੈਸੇ ਦੀ ਤਾਂ ਘਾਟ ਹੋਵੇ ਪਰ ਪਿਆਰ ਦੀ ਕੋਈ ਘਾਟ ਨਹੀਂ ਸੀ। ਕੁਝ ਸਾਲ ਹੋਏ ਇਹਨਾਂ ਨੇ ਆਪਣਾ ਪੁਰਾਣਾ ਮਕਾਨ ਵੇਚ ਕੇ ਬਲਾਕ ਨੰ : 32 ਵਿਚ ਇਕ ਛੋਟਾ ਜਿਹਾ ਘਰ ਲੈ ਲਿਆ। ਨਸੀਬ ਕੌਰ ਇਸ ਘਰ ਨੂੰ ਕਾਫੀ ਸਾਫ ਰੱਖਦੀ ਤੇ ਜਿਹੜਾ ਵੀ ਕੋਈ ਆਉਂਦਾ ਉਹਦੀਆਂ ਸਿਫਤਾਂ ਕਰਦਾ ਰਹਿੰਦਾ ਕਿ ਘਰ ਤਾਂ ਨਸੀਬ ਕੌਰ ਦਾ ਹੈ, ਸ਼ੀਸ਼ੇ ਵਾਂਗੂ ਚਮਕਦਾ ਹੈ। ਇਸ ਦੀਵਾਲੀ ਤੇ ਉਸਨੇ ਉਚੇਚੇ ਤੌਰ ਤੇ ਸਾਰੇ ਘਰ ਨੂੰ ਦੁਬਾਰਾ ਰੰਗ ਕਰਾਇਆ ਸੀ।

ਘਰ ਵਿਚ ਤਕਰੀਬਨ ਸਭ ਕੁਝ ਸੀ ਤੇ ਕੁਝ ਮਹੀਨੇ ਹੋਏ ਸੀ ਉਹਨਾਂ ਰੰਗਦਾਰ ਟੈਲੀਵੀਜ਼ਨ ਵੀ ਲੈ ਆਂਦਾ ਸੀ। ਉਹਨਾਂ ਦੇ ਆਲੇ ਦੁਆਲੇ ਵੀ ਕਾਫੀ ਹੋਰ ਸਿੱਖ ਸਨ ਜੋ ਵੱਖੋ ਵੱਖਰੀ ਜਗ੍ਹਾ ਤੋਂ ਆਏ ਹੋਏ ਸਨ। ਤਕਰੀਬਨ ਸਾਰੇ ਹੀ ਮੇਹਨਤ ਮਜ਼ਦੂਰੀ ਕਰਨ ਵਾਲੇ ਸਨ। ਤੇ ਕੁਝ ਟੱਬਰ ਸੰਨ ਸੰਤਾਲੀ ਵਿਚ ਪਾਕਿਸਤਾਨ ਤੋਂ ਉਜੜ ਕੇ ਆਏ ਸਨ ਤੇ ਵਿਚਾਰਿਆਂ ਦੇ ਮਸੀਂ ਪੈਰ ਲੱਗੇ ਸਨ।

ਸੰਨ 1978 ਤੋਂ ਪੰਜਾਬ ਵਿਚ ਹਵਾ ਦੇ ਰੁਖ ਬਦਲ ਰਹੇ ਸਨ ਤੇ ਉਸਦੇ ਨਾਲ ਨਾਲ ਹੀ ਦਿੱਲੀ ਦਾ ਰੁਖ ਪੰਜਾਬ ਬਾਰੇ ਬਦਲ ਰਿਹਾ ਸੀ। ਅਖੀਰ ਗੱਲ ਵੱਧਦੀ ਵੱਧਦੀ ਏਥੇ ਤੱਕ ਪਹੁੰਚ ਗਈ ਕਿ ਇੰਦਰਾ ਗਾਂਧੀ ਨੇ ਜੂਨ 1984 ਵਿਚ ਹਰਿਮੰਦਰ ਸਾਹਿਬ ਤੇ ਹਮਲਾ ਕਰਵਾ ਦਿੱਤਾ। ਹਰ ਸਿੱਖ ਨੇ ਇਸ ਗੱਲ ਦਾ ਦੁੱਖ ਮਹਿਸੂਸ ਕੀਤਾ। ਹਰ ਸਿੱਖ ਇਹੀ ਕਹਿ ਰਿਹਾ ਸੀ ਕਿ ਇਸ ਦਾ ਬਦਲਾ ਕੋਈ ਨਾ ਕੋਈ ਸਿੱਖ ਜ਼ਰੂਰ ਲਵੇਗਾ। ਪਰ ਉੱਤੋਂ ਉਤ ਸਾਰੇ ਸਰਕਾਰ ਦੇ ਹਿਮਾਇਤੀ ਸਨ ਤੇ ਸਰਕਾਰੀ ਬੋਲੀ ਬੋਲਦੇ ਸਨ। ਇਹ ਬਸਤੀ ਇੰਦਰਾ ਗਾਂਧੀ ਦੇ ਪੁੱਤਰ ਸੰਜੇ ਦੀ ਹਿੰਮਤ ਨਾਲ ਬਣੀ ਸੀ ਅਤੇ ਸਾਰੇ ਉਹਦੇ ਇਹਸਾਨਮੰਦ ਸਨ। ਅੱਖਾਂ ਮੀਟ ਕੇ ਕਾਂਗਰਸ ਦੀ ਮਦਦ ਕਰਦੇ ਸਨ। ਪਰ ਇਹ ਗੱਲ ਕਈਆਂ ਦੇ ਦਿਲ ਵਿਚ ਖੜਕ ਰਹੀ ਸੀ ਕਿ ਹਰਿਮੰਦਰ ਸਾਹਿਬ ਤੇ ਹਮਲਾ ਕਿਉਂ ਕੀਤਾ? ਫਿਰ ਆਪੇ ਹੀ ਉਹਨੂੰ ਸਹੀ ਕਰਾਰ ਦੇਣ ਦੀ ਖਾਤਿਰ ਕਹਿ ਦੇਂਦੇ ਕਿ ਕਸੂਰ ਸੰਤਾਂ ਦਾ ਸੀ। ਉਹ ਹਥਿਆਰ ਲੈ ਕੇ ਅੰਦਰ ਕਿਉਂ ਬੈਠਾ? ਵਿਚਾਰੀ ਸਰਕਾਰ ਵੀ ਕੀ ਕਰਦੀ? ਪਰ ਜਿਹੜੇ ਸਿੱਖ ਥੋੜ੍ਹੇ ਬਹੁਤੇ ਇਸ ਮਾਮਲੇ ਬਾਰੇ ਜਾਣਕਾਰੀ ਰੱਖਦੇ ਸਨ ਉਹ ਫਿਕਰਮੰਦ ਸਨ, ਉਨ੍ਹਾਂ ਨੂੰ ਇਹ ਸਭ ਕੁਝ ਚੰਗਾ ਨਹੀਂ ਲਗ ਰਿਹਾ ਸੀ।

ਅਖੀਰ ਉਹ ਦਿਨ ਆ ਗਿਆ ਜਿਸ ਦਾ ਹਰ ਸਿੰਘ ਨੂੰ ਯਕੀਨ ਸੀ ਕਿ ਇਹ ਇਕ ਦਿਨ ਜ਼ਰੂਰ ਆਵੇਗਾ। ਅਖੀਰ 31 ਅਕਤੂਬਰ ਨੂੰ ਸਵੇਰੇ ਹੀ ਸ. ਬੇਅੰਤ ਸਿੰਘ ਤੇ ਸ. ਸਤਵੰਤ ਸਿੰਘ ਨੇ ਉਹਦਾ ਭੋਗ ਪਾ ਦਿੱਤਾ। ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਸ਼ਾਮ ਤੱਕ ਅਫਵਾਹਾਂ ਫੈਲਣ ਲੱਗ ਪਈਆਂ ਕਿ ਸਿੱਖ ਲੱਡੂ ਵੰਡ ਰਹੇ ਹਨ। ਸਿੱਖਾਂ ਨੇ ਪਾਣੀ ਵਾਲੀ ਟੈਂਕੀ ਵਿਚ ਜ਼ਹਿਰ ਪਾ ਦਿੱਤਾ ਹੈ। ਕਿਤੇ ਕਿਤੇ ਕੁਝ ਘਟਨਾਵਾਂ ਹੋਈਆਂ। ਪਰ ਤ੍ਰਿਲੋਕਪੁਰੀ ਵਿਚ ਤੇ ਹੋਰ ਵੀ ਬਾਹਰ ਬੈਠੇ ਸਿੱਖ ਇਹ ਹੀ ਸੋਚ ਰਹੇ ਸਨ ਕਿ ਇਹ ਤਾਂ ਇਕ ਦਿਨ ਹੋਣਾ ਹੀ ਸੀ। ਉਹਨਾਂ ਨੂੰ ਕੋਈ ਫਰਕ ਨਹੀਂ ਪੈਂਦਾ ਸਗੋਂ ਉਹ ਹੁਣ ਸਿਰ ਉੱਚਾ ਕਰਕੇ ਰਹਿਣਗੇ ਕਿ ਹਰਿਮੰਦਰ ਸਾਹਿਬ ਦੇ ਘੱਲੂਘਾਰੇ ਦਾ ਬਦਲਾ ਲੈ ਲਿਆ। ਪਰ ਕਿਸੇ ਨੂੰ ਵੀ ਚਿਤ ਚੇਤਾ ਨਹੀਂ ਸੀ ਕਿ ਇਕ ਹੋਰ ਵੀ ਘੱਲੂਘਾਰਾ ਵਾਪਰਨ ਵਾਲਾ ਹੈ। ਦੂਸਰੇ ਦਿਨ ਤਕਰੀਬਨ ਸਾਰੇ ਬਾਜ਼ਾਰ ਬੰਦ ਸਨ ਤੇ ਸਾਰਾ ਦਿਨ ਇੰਦਰਾ ਗਾਂਧੀ ਦੇ ਕਤਲ ਬਾਰੇ ਹੀ ਖਬਰਾਂ ਆ ਰਹੀਆਂ ਸਨ। ਹਿੰਸਕ ਘਟਨਾਵਾਂ ਵਿਚ ਹੋਰ ਵਾਧਾ ਹੋ ਰਿਹਾ ਸੀ। ਹਿੰਦੂਆਂ ਦੇ ਟੋਲੇ ਰੌਲਾ ਪਾਉਂਦੇ ਫਿਰਦੇ ਸਨ ਕਿ ਖ਼ੂਨ ਦਾ ਬਦਲਾ ਖ਼ੂਨ।

ਦਲੀਪ ਸਿੰਘ ਅਜ ਛੇਤੀ ਹੀ ਘਰ ਆ ਗਿਆ ਸੀ ਤੇ ਸਾਰੀ ਰਾਤ ਉਹਨਾਂ



ਤਕਰੀਬਨ ਜਾਗਦਿਆਂ ਹੀ ਕੱਟੀ। ਦੂਸਰੇ ਦਿਨ ਉਹ ਕੰਮ 'ਤੇ ਜਾਣਾ ਚਾਹੁੰਦਾ ਸੀ, ਪਰ ਨਸੀਬ ਕੌਰ ਰੋਕ ਰਹੀ ਸੀ। ਉਹ ਇਹ ਕਹਿ ਚਲਾ ਗਿਆ ਕਿ ਮੈਂ ਜਲਦੀ ਹੀ ਆ ਜਾਵਾਂਗਾ। ਉਹਨਾਂ ਨੇ ਉਸ ਦਿਨ ਸ਼ਾਮ ਨੂੰ ਗੁਰਦਵਾਰਾ ਬੰਗਲਾ ਸਾਹਿਬ ਜਾਣ ਦੀ ਸਲਾਹ ਬਣਾਈ ਸੀ। ਦਲੀਪ ਸਿੰਘ ਥੋੜ੍ਹਾ ਲੇਟ ਹੋ ਗਿਆ। ਨਸੀਬ ਕੌਰ ਵੀ ਤਿਆਰ ਸੀ ਤੇ ਦੀਪੋ ਨੇ ਵੀ ਅੱਜ ਲਾਲ ਰੰਗ ਦੀ ਪਰਾਂਦੀ ਪਾਈ ਹੋਈ ਸੀ ਜੋ ਨਸੀਬ ਕੌਰ ਨੇ ਆਪਣੇ ਵਿਆਹ ਵੇਲੇ ਪਾਈ ਸੀ। ਹੌਲੀ ਹੌਲੀ ਅਫਵਾਹਾਂ ਵੱਧ ਰਹੀਆਂ ਸਨ। ਪਿੰਡਾਂ ਤੋਂ ਲੋਕਾਂ ਦੇ ਟਰੱਕਾਂ ਦੇ ਟਰੱਕ ਆ ਰਹੇ ਸਨ। ਉਹਨਾਂ ਕੋਲ ਸਰੀਏ ਤ੍ਰਿਸ਼ੂਲ ਆਦਿ ਵਰਗੇ ਹਥਿਆਰ ਸਨ।

ਜਦ ਦਲੀਪ ਸਿੰਘ ਘਰ ਆਇਆ ਤਾਂ ਉਹ ਕੁਝ ਘਬਰਾਇਆ ਹੋਇਆ ਲਗ ਰਿਹਾ ਸੀ। ਕਹਿੰਦਾ ਗੁਰਦੁਵਾਰੇ ਦੇ ਏਰੀਏ ਵਿਚ ਤਾਂ ਕਾਫੀ ਗੜਬੜ ਵਧ ਰਹੀ ਹੈ। ਉਸਨੇ ਇਹ ਵੀ ਦੱਸਿਆ ਕਿ ਟੈਕਸੀ ਸਟੈਂਡ ਤੇ ਸਿੱਖਾਂ ਦੀਆਂ ਟੈਕਸੀਆਂ ਨੂੰ ਅੱਗ ਲਾ ਕੇ ਸਾੜਿਆ ਜਾ ਰਿਹਾ ਹੈ। ਪੁਲਿਸ ਕੋਲ ਹੀ ਖੜ੍ਹੀ ਸੀ ਪਰ ਉਹ ਕੁਝ ਨਹੀਂ ਸੀ ਕਰ ਰਹੀ। ਫੇਰ ਟੈਕਸੀ ਡਰਾਇਵਰਾਂ ਨੇ ਇਕੱਠੇ ਹੋ ਕੇ ਮਸਾਂ ਆਪਣੀਆਂ ਟੈਕਸੀਆਂ ਬਚਾਈਆਂ। ਪਿਆਰਾ ਸਿੰਘ ਜ਼ਖਮੀ ਹੋ ਗਿਆ ਹੈ ਤੇ ਉਹ ਉਹਨੂੰ ਉਸਦੇ ਘਰ ਛੱਡ ਕੇ ਆਇਆ ਹੈ। ਇਸ ਕਰਕੇ ਦੇਰ ਹੋ ਗਈ। ਦੋ ਤਿੰਨ ਬੰਦੇ ਮਾਰੇ ਗਏ। ਉਨ੍ਹਾਂ ਆਪਣੇ ਘਰ ਦੇ ਬੂਹੇ, ਬਾਰੀਆਂ ਬੰਦ ਕਰ ਦਿੱਤੇ। ਉਹ ਸੁਣਕੇ ਆਇਆ ਸੀ ਕਿ ਰਾਜੀਵ ਗਾਂਧੀ ਨੇ ਹੁਕਮ ਕੀਤਾ ਹੈ ਕਿ ਉਹਨੂੰ ਸਾਰੀ ਦਿੱਲੀ ਵਿਚ ਕੋਈ ਪੱਗੜੀ ਵਾਲਾ ਸਿੱਖ ਨਜ਼ਰ ਨਹੀਂ ਆਉਣਾ ਚਾਹੀਦਾ। ਉਹਦੀ ਸ਼ਹਿ ਤੇ ਹੀ ਸਾਰੇ ਕਾਂਗਰਸੀ ਨੇਤਾ ਸਾਰੇ ਸਿੱਖਾਂ ਦੇ ਘਰਾਂ ਨੂੰ ਲੁੱਟਣ ਦੇ ਸਾੜਨ ਲੱਗ ਪਏ। ਪਰ ਟੈਲੀਵੀਜ਼ਨ ਤੇ ਇਹ ਖਬਰਾਂ ਆ ਰਹੀਆਂ ਸਨ ਕਿ ਹਾਲਾਤ ਕਾਬੂ ਵਿਚ ਹਨ ਤੇ ਸਾਰੇ ਸ਼ਾਂਤੀ ਹੈ। ਸ਼ਾਮ ਪੈ ਗਈ ਹਨੇਰਾ ਹੋ ਗਿਆ।

ਏਨੀ ਦੇਰ ਨੂੰ ਇਹਨਾਂ ਗਲੀ ਵਿਚ ਰੌਲਾ ਪੈਂਦਾ ਸੁਣਿਆ। ਦਲੀਪ ਸਿੰਘ ਨੇ ਬਾਰੀ ਵਿਚੋਂ ਦੀ ਤੱਕਿਆ। ਇਕ ਬੰਦਾਂ ਜਿਸ ਨੂੰ ਅੱਗ ਲੱਗੀ ਹੋਈ ਸੀ ਸੜਕ ਤੇ ਲਿਟਦਾ ਫਿਰਦਾ ਸੀ ਤੇ 'ਬਚਾਓ ਬਚਾਓ' ਦੀਆਂ ਚੀਖਾਂ ਮਾਰ ਰਿਹਾ ਸੀ। ਉਹਦੇ ਆਲੇ ਦੁਆਲੇ 15-20 ਬੰਦੇ ਦੇਖ ਰਹੇ ਸਨ। ਅਤੇ ਹੱਸ ਰਹੇ ਸਨ। ਕਦੇ ਉਹਨੂੰ ਸਰੀਆਂ ਨਾਲ ਕੋਹ ਰਹੇ ਸਨ। ਹੌਲੀ ਹੌਲੀ ਉਸਨੇ ਹਿਲਣਾ ਬੰਦ ਕਰ ਦਿੱਤਾ ਤੇ ਆਵਾਜ਼ ਵੀ ਬੰਦ ਹੋ ਗਈ। ਉਹ ਅੱਗ ਦੀ ਸੁਲਗਦੀ ਜਿਹੀ ਢੇਰੀ ਬਣ ਕੇ ਰਹਿ ਗਿਆ। ਫੇਰ ਉਹਨਾਂ ਨੇ ਰੁਖ ਦਲੀਪ ਸਿੰਘ ਦੇ ਘਰ ਵੱਲ ਕੀਤਾ। ਪਹਿਲਾਂ ਤਾਂ ਦਲੀਪ ਸਿੰਘ ਘਬਰਾਇਆ ਪਰ ਫੇਰ ਜਦ ਉਹਨੇ ਸਭ ਤੋਂ ਅੱਗੇ ਕਾਲਾ ਚੰਦ ਨੂੰ ਤੱਕਿਆ ਤਾਂ ਉਹਨੂੰ ਕੁਝ ਹੌਸਲਾ ਹੋਇਆ। ਕਾਲਾ ਚੰਦ ਇਹਦੇ ਨਾਲ ਹੀ ਰਿਕਸ਼ਾ ਚਲਾਉਂਦਾ ਹੁੰਦਾ ਸੀ। ਉਹਨੂੰ ਸਾਰੇ ਕਾਲੂ ਕਹਿੰਦੇ ਸਨ। ਨਸੀਬ ਕੌਰ ਦੇ ਆਉਣ ਤੋਂ ਬਾਅਦ ਉਹ ਕਈ ਵਾਰ ਇਹਨਾਂ ਦੇ ਘਰ ਆ ਜਾਂਦਾ ਹੁੰਦਾ ਸੀ। ਉਹ ਦਲੀਪ ਸਿੰਘ ਨਾਲੋਂ ਵੱਡਾ ਸੀ ਪਰ ਨਸੀਬ ਕੌਰ ਨੂੰ ਭਾਬੀ ਕਹਿੰਦਾ ਹੁੰਦਾ ਸੀ ਤੇ ਉਹਨੇ

ਹਾਲੇ ਵਿਆਹ ਨਹੀਂ ਕਰਵਾਇਆ ਸੀ। ਕਹਿੰਦਾ ਸੀ ਪਹਿਲਾਂ ਕੁਝ ਬਣ ਕੇ ਵਿਆਹ ਕਰਵਾਂਗਾ। ਹੌਲੀ ਹੌਲੀ ਉਹ ਰਾਜਨੀਤੀ ਵਿਚ ਚਲੇ ਗਿਆ। ਇਸ ਇਲਾਕੇ ਦਾ ਪ੍ਰਧਾਨ ਚੁਣਿਆ ਗਿਆ। ਅਗਾਂਹ ਹੁਣ ਉਹ ਐਮ. ਪੀ. ਬਣਨ ਦੀ ਤਿਆਰੀ ਕਰ ਰਿਹਾ ਸੀ ਸੰਜੇ ਨਾਲ ਚੰਗੀ ਦੋਸਤੀ ਸੀ ਉਸਦੀ। ਉਹਨੇ ਇਹਦੀ ਕਾਫੀ ਮਦਦ ਕੀਤੀ ਸੀ ਅਤੇ ਹੁਣ ਉਹ ਸੇਠ ਕਾਲਾ ਚੰਦ ਬਣ ਗਿਆ ਸੀ। ਉਹਦੀ ਆਪਣੀ ਫੈਕਟਰੀ ਸੀ। ਪਿਛਲੀਆਂ ਚੋਣਾਂ ਵਿਚ ਦਲੀਪ ਸਿੰਘ ਨੇ ਇਹਦੀ ਕਾਫੀ ਮਦਦ ਕੀਤੀ ਸੀ। ਸਿੱਖਾਂ ਦੀਆਂ ਵੋਟਾਂ ਪੁਆਈਆਂ ਤੇ ਵੋਟਾਂ ਆਪਣੇ ਸਕੂਟਰ 'ਤੇ ਮੁਫਤ ਢੋਈਆਂ ਸਨ।

ਉਹਦੇ ਹੱਥ ਵਿਚ ਇਕ ਕਾਗਜ਼ ਫੜਿਆ ਹੋਇਆ ਸੀ। ਬਾਕੀਆਂ ਦੇ ਹੱਥ ਵਿਚ ਪੀਪੇ ਸਨ ਤੇ ਕਈ ਮਿਸ਼ਾਲਾਂ ਲਈ ਫਿਰਦੇ ਸਨ। ਕਿਸੇ ਨੇ ਟਾਇਰ ਚੁੱਕੇ ਹੋਏ ਸਨ, ਕਿਸੇ ਦੇ ਹੱਥ ਸਰੀਆ, ਕਿਸੇ ਦੇ ਹੱਥ ਤ੍ਰਿਸ਼ੂਲ ਅਤੇ ਡਾਂਗਾਂ ਸਨ। ਉਹ ਗੁਆਂਢੀਆਂ ਦੇ ਘਰ ਅੱਗੇ ਜਾ ਕੇ ਕਹਿਣ ਲੱਗੇ ਕਿ ਇਹ ਘਰ ਸਿੱਖ ਦਾ ਹੈ ਇਹਨੂੰ ਅੱਗ ਲਾ ਦਿਓ। ਉਹਨਾਂ ਦਰਵਾਜ਼ਾ ਖੜਕਾਇਆ। ਕੋਈ ਘਰ ਨਹੀਂ ਸੀ। ਸ਼ਾਮ ਸਿੰਘ ਤੇ ਉਹਦਾ ਸਾਰਾ ਪਰਿਵਾਰ ਅੱਜ ਗੁਰਦਵਾਰੇ ਚਲੇ ਗਏ ਸਨ ਤੇ ਵਾਪਸ ਨਹੀਂ ਆਏ ਸਨ। ਉਹਨਾਂ ਦਰਵਾਜ਼ਾ ਭੰਨ ਲਿਆ। ਮੋਟਾ ਮੋਟਾ ਸਮਾਨ ਕੱਢ ਕੇ ਬਾਕੀ ਨੂੰ ਤੇਲ ਪਾ ਕੇ ਅੱਗ ਲਾ ਦਿੱਤੀ। ਦਲੀਪ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ ਜੋ ਉਹ ਦੇਖ ਰਿਹਾ ਸੀ ਕਿ ਇਨਸਾਨ ਇੰਨਾ ਗਿਰ ਸਕਦਾ ਹੈ। ਏਨੇ ਨੂੰ ਭੀੜ ਉਹਦੇ ਬੂਹੇ ਅੱਗੇ ਆ ਖਲੋਤੀ।

ਕਾਲਾ ਚੰਦ ਨੇ ਆਵਾਜ਼ ਮਾਰੀ ਦਲੀਪਿਆ ਬਾਹਰ ਆ। ਆਵਾਜ਼ ਸੁਣਦੇ ਸਾਰ ਹੀ ਦਲੀਪ ਸਿੰਘ ਬਾਹਰ ਆ ਗਿਆ। ਆਪਣੀ ਘਰ ਵਾਲੀ ਤੇ ਬੱਚਿਆਂ ਨੂੰ ਕਿਹਾ ਜਾ ਕੇ ਅੰਦਰ ਕੁੰਡਾ ਮਾਰ ਲਵੋ ਖੋਲ੍ਹਣਾ ਨਹੀਂ। ਜਦ ਦਲੀਪ ਸਿੰਘ ਬਾਹਰ ਨਿਕਲਿਆ ਤਾਂ ਬਿਨਾਂ ਕਿਸੇ ਗੱਲ ਤੋਂ ਇੱਕ ਬੰਦੇ ਨੇ ਡਾਂਗ ਦਲੀਪ ਸਿੰਘ ਦੇ ਸਿਰ 'ਚ ਮਾਰੀ ਤੇ ਦੋ ਤਿੰਨ ਡਾਂਗਾਂ ਥੱਲੇ ਪਏ ਤੇ ਧਰ ਦਿੱਤੀਆਂ। ਦਲੀਪ ਸਿੰਘ ਡਿੱਗ ਪਿਆ, ਸਿਰ 'ਚੋਂ ਲਹੂ ਵਗਣ ਲੱਗ ਪਿਆ। ਪਰ ਛੇਤੀ ਹੀ ਉਸਨੇ ਹੋਸ਼ ਸੰਭਾਲੀ। ਉਹਦੀ ਪੱਗ ਗੱਲ ਵਿਚ ਪਈ ਹੋਈ ਸੀ ਤੇ ਵਾਲ ਵੀ ਖੁਲ੍ਹ ਗਏ ਸਨ। ਉਹਨੇ ਹੱਥ ਜੋੜ ਕੇ ਕਾਲਾ ਚੰਦ ਨੂੰ ਆਖਿਆ, "ਤੁਸੀਂ ਤਾਂ ਜਾਣਦੇ ਹੋ ਸਾਡਾ ਕੋਈ ਕਸੂਰ ਨਹੀਂ ਅਸੀਂ ਤਾਂ ਹਮੇਸ਼ਾ ਤੁਹਾਡੇ ਮਦਦਗਾਰ ਰਹੇ ਹਾਂ ਤੇ ਫੇਰ ਇਹ ਕਿਉਂ।" ਐਨੇ ਨੂੰ ਕਿਸੇ ਨੇ ਭੀੜ 'ਚੋਂ ਗਾਲ੍ਹ ਕੱਢੀ ਤੇ ਕਹਿਣ ਲੱਗਾ, 'ਸਾਲੇ ਮੈਂ ਬਤਾਤਾ ਹੂੰ ਤੁਮਹਾਰਾ ਕਸੂਰ ਕਿਯਾ ਹੈ। ਤੁਮ ਸਰਦਾਰ ਹੋ ਦੇਸ਼ ਕੇ ਗਦਾਰ ਹੋ। ਹਮਾਰੀ ਮਾਤਾ ਕੇ ਖੂਨੀ ਹੋ। ਹਮ ਤੁਮਹੇਂ ਸਬਕ ਸਿਖਾਏਂਗੇ।" ਏਨਾ ਕਹਿਣ ਦੀ ਦੇਰ ਸੀ ਕਿ ਉਹਨਾਂ ਨੇ ਉਹਨੂੰ ਉਹਦੀ ਪੱਗ ਨਾਲ ਹੀ ਬੰਨ ਦਿੱਤਾ ਤੇ ਉਹਦੇ ਗਲ ਵਿਚ ਟਾਇਰ ਪਾ ਕੇ ਤੇਲ ਛਿੜਕ ਦਿੱਤਾ। ਇਕ ਨੇ ਆਪਣੀ ਬੀੜੀ ਜਗਾ ਕੇ ਬੀੜੀ ਨਾਲ ਉਹਨੂੰ ਅੱਗ ਲਾ ਦਿੱਤੀ। ਮਿੰਟਾਂ ਵਿਚ ਹੀ ਉਹ ਭਾਂਬੜ ਬਣ ਗਿਆ। ਨਸੀਬ ਕੌਰ ਨਾ ਦੇਖ ਸਕੀ। ਉਹ ਜੁਆਕਾਂ ਨੂੰ ਅੰਦਰ ਰਹਿਣ ਲਈ ਕਹਿਕੇ ਬਾਹਰ ਨੂੰ ਦੌੜੀ ਤੇ ਲੱਗੀ ਅੱਗ ਬੁਝਾਉਣ। ਉਹਨੇ ਮਿੰਨਤਾਂ



ਤਰਲਿਆਂ ਦਾ ਵਾਸਤਾ ਪਾਇਆ ਪਰ ਕੋਈ ਅਸਰ ਨਾ ਹੋਇਆ। ਇਨ੍ਹਾਂ 'ਚੋਂ ਜਵਾਨ ਮੁੰਡਿਆਂ ਨੇ ਉਹਨੂੰ ਫੜ ਲਿਆ। ਕਾਲਾ ਚੰਦ ਕਹਿਣ ਲੱਗਾ, 'ਅਰੇ ਯੇਹ ਜਿਸ ਦਿਨ ਨਈ ਵਿਆਹੀ ਯਹਾਂ ਆਈ ਥੀ ਤੋ ਮੇਰੇ ਦਿਲ ਕੋ ਬਹੁਤ ਭਾਈ ਥੀ। ਅਭੀ ਭੀ ਵੈਸੀ ਹੀ ਲੱਗ ਰਹੀ ਹੈ ਅਰੇ ਬੱਚਾ ਲੋਗ ਹਮਾਰੀ ਤਰਫ ਸੇ ਤੁਮਹੇਂ ਤੋਹਫਾ ਐਸ਼ ਕਰੋ।' ਤੇ ਐਨੀ ਕਹਿ ਕੇ ਉਹ ਅਗਾਂਹ ਤੁਰ ਗਏ, ਕੁਝ ਲੋਕਾਂ ਨੇ ਅੰਦਰ ਵੜ ਕੇ ਛੋਟਾ ਮੋਟਾ ਸਮਾਨ ਹੂੰਝ ਲਿਆ। ਦੋਵੇਂ ਬੱਚੇ ਮੰਜੇ ਥੱਲੇ ਲੁਕੇ ਰਹੇ। ਸਮਝ ਨਹੀਂ ਸੀ ਆਉਂਦੀ ਕਿ ਕੀ ਕਰਨ। ਨਸੀਬ ਕੌਰ ਤਰਲੇ ਪਾ ਰਹੀ ਸੀ ਤੇ ਭੱਜ ਭੱਜ ਕੇ ਦਲੀਪ ਸਿੰਘ ਵੱਲ ਨੂੰ ਜਾ ਰਹੀ ਸੀ। ਹੁਣ ਦਲੀਪ ਸਿੰਘ ਦੇ ਕੁਰਲਾਉਣ ਦੀ ਆਵਾਜ਼ ਬੰਦ ਹੋ ਗਈ ਤੇ ਹੌਲੀ ਹੌਲੀ ਉਹਦੀ ਢਿੱਲੀ ਪਈ ਦੇਹ ਦੀ ਹਰਕਤ ਵੀ ਬੰਦ ਹੋ ਗਈ। ਦਲੀਪ ਸਿੰਘ ਦਮ ਤੋੜ ਚੁੱਕਾ ਸੀ ਤੇ ਨਸੀਬ ਕੌਰ ਵੀ ਇਹ ਦੇਖਕੇ ਬੇਹੋਸ਼ ਹੋ ਕੇ ਡਿੱਗ ਪਈ। ਛੇ ਜਵਾਨ ਮੁੰਡੇ ਉਹਦੇ ਉੱਤੇ ਟੁੱਟ ਪਏ ਜਿਵੇਂ ਗਿਰਝਾਂ ਮਰੇ ਪਸ਼ੂ 'ਤੇ ਡਿਗਦੀਆਂ ਹਨ। ਉਹਦੇ ਸਾਰੇ ਲੀੜੇ ਫਾੜ ਦਿੱਤੇ। ਕੋਈ ਚੂੰਢੀਆਂ ਵੱਢ ਰਿਹਾ ਸੀ ਤੇ ਕੋਈ ਆਪਣੀ ਹਵਸ ਬੁਝਾ ਰਿਹਾ ਸੀ। ਨਸੀਬ ਕੌਰ ਨਿਢਾਲ ਹੋ ਕੇ ਪੈ ਗਈ। ਇਕ ਇਕ ਕਰਕੇ ਛੇ ਜਣੇ ਭੁਗਤ ਗਏ। ਤੇ ਇਕ ਉਨ੍ਹਾਂ ਵਿਚੋਂ ਗੁਆਂਢੀਆਂ ਦਾ ਮੁੰਡਾ ਰਾਮੂ ਵੀ ਸੀ ਜੋ ਨਸੀਬ ਕੌਰ ਨੂੰ ਚਾਚੀ ਕਹਿੰਦਾ ਹੁੰਦਾ ਸੀ ਤੇ ਇਹਦੇ ਹੱਥਾਂ ਵਿਚ ਪਲਿਆ ਸੀ। ਉਹ ਅੱਜ ਆਪਣੇ ਹੀ ਵਿਹੜੇ ਵਿਚ ਨੰਗੀ ਪਈ ਸੀ। ਉਹਦਾ ਸੰਸਾਰ ਉਜੜ ਚੁੱਕਾ ਸੀ। ਉਹਦੀ ਇੱਜ਼ਤ ਲੁੱਟ ਚੁੱਕੀ ਸੀ।

ਦੀਪੋ ਤੇ ਪੱਪੂ ਮੰਜੇ ਥੱਲੇ ਲੁਕੇ ਸਭ ਦੇਖ ਰਹੇ ਸਨ। ਦੀਪੋ ਕਦੇ ਪੱਪੂ ਦੇ ਮੂੰਹ ਮੋਹਰੇ ਹੱਥ ਦੇਦੀ ਕਦੇ ਆਪਣੀ ਚੀਖ ਰੋਕਦੀ। ਤੇ ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਰੇ। ਜੇ ਇਹ ਅੰਦਰ ਆ ਵੜੇ ਤਾਂ ਇਹਨਾਂ ਪੱਪੂ ਨਹੀਂ ਛੱਡਣਾ। ਇਹ ਸੋਚ ਕੇ ਉਹ ਪੱਪੂ ਦੇ ਕੰਨ ਵਿਚ ਉਹਨੂੰ ਉਥੇ ਰਹਿਣ ਵਾਸਤੇ ਕਹਿ ਕੇ ਇਕ ਦਮ ਉਠੀ ਤੇ ਚੀਖ ਮਾਰ ਕੇ ਬਾਹਰ ਆ ਗਈ। ਉਹ ਮੁੰਡੇ ਨਸੀਬ ਕੌਰ ਨੂੰ ਛੱਡ ਕੇ ਉਸ ਵੱਲ ਦੌੜੇ। ਉਹ ਅੱਗੇ ਅੱਗੇ ਦੌੜ ਰਹੀ ਸੀ ਤੇ ਪਿੱਛੇ ਉਹ ਛੇ ਮੁੰਡੇ ਦੌੜੇ। ਦੀਪੋ ਦੀ ਚੀਕ ਸੁਣ ਕੇ ਨਸੀਬ ਕੌਰ ਨੂੰ ਹੋਸ਼ ਆਈ ਉਹ ਨੰਗੀ ਉਹਨਾਂ ਦੇ ਪਿੱਛੇ ਦੌੜੀ। ਪਰ ਥੋੜ੍ਹੀ ਦੇਰ ਬਾਦ ਉਹਨੂੰ ਆਪਣੇ ਨੰਗ ਦਾ ਅਹਿਸਾਸ ਹੋਇਆ ਤਾਂ ਮੁੜ ਆਈ ਤੇ ਦੀਪੋ ਨੂੰ ਉਹਦੀ ਕਿਸਮਤ ਤੇ ਛੱਡ ਦਿੱਤਾ। ਉਹੀ ਫਟੇ ਕੱਪੜੇ ਹੁਣ ਪਾ ਲਏ। ਉਸਨੇ ਦੇਖਿਆ ਕਿ ਪੱਪੂ ਸਹਿਮਿਆ ਬੈਠਾ ਸੀ। ਉਸਨੂੰ ਮੰਜੇ ਦੇ ਥੱਲੇ ਪਾ ਕੇ ਰਜਾਈ ਪਾ ਦਿੱਤੀ। ਦੀਪੋ ਭੱਜੀ ਜਾ ਰਹੀ ਰੌਲਾ ਪਾਉਂਦੀ ਸੀ। ਕੋਈ ਬਚਾਵੋ ਮੈਨੂੰ, ਕੋਈ ਬਚਾਵੋ ਮੈਨੂੰ।" ਆਖਿਰ ਮੁੰਡਿਆਂ ਨੇ ਉਹਨੂੰ ਫੜ ਲਿਆ ਤੇ ਕਹਿਣ ਲੱਗੇ, 'ਆਜ ਤੋ ਤੁਮਹਾਰਾ ਗੋਬਿੰਦ ਸਿੰਘ ਭੀ ਹਮ ਸੇ ਬਚਾ ਨਹੀਂ ਪਾਏਗਾ। ਚਿੱਲਾਉ, ਜੀ ਭਰਕੇ ਚਿਲਾਓ, ਬੁਲਾਓ ਆਪਣੇ 'ਭਿੰਡੀ' ਵਾਲੇ ਕੋ ਦੇਖੇਂ ਹਮਸੇ ਤੁਮਕੋ ਕੌਨ ਬਚਾਤਾ ਹੈ।'

ਉਹ ਵਿਚਾਲੇ ਖੜ੍ਹੀ ਥਰ ਥਰ ਕੰਬ ਰਹੀ ਸੀ ਤੇ ਉਹ ਟਿੱਚਰਾਂ ਕਰ ਰਹੇ ਸਨ। ਤੇ ਅਖੀਰ ਉਹਦੀ ਬੋਲੀ ਲੌਣ ਲੱਗ ਪਏ ਕਿ ਜਿਸਨੇ ਅੱਜ ਸਭ ਤੋਂ ਜ਼ਿਆਦਾ ਸਿੱਖ ਮਾਰੇ ਹਨ

ਉਹ ਹੀ ਇਸ ਨਾਲ ਰਾਤ ਗੁਜ਼ਾਰਨ ਦਾ ਹੱਕਦਾਰ ਹੋਵੇਗਾ। ਸਭ ਆਪੋ ਆਪਣੇ ਕਾਰਨਾਮੇ ਦੱਸਣ ਲੱਗ ਪਏ। ਏਨੇ ਨੂੰ ਕਾਲਾ ਚੰਦ ਆਪਣੀ ਜੀਪ 'ਚ ਉਥੇ ਆ ਗਿਆ ਤੇ ਮੁੰਡਿਆਂ ਨੇ ਉਹਨੂੰ ਫੈਸਲਾ ਕਰਨ ਲਈ ਕਿਹਾ। ਦੀਪੋ ਨੂੰ ਦੇਖਦੇ ਹੀ ਉਹਦੀ ਨੀਅਤ ਖੋਟੀ ਹੋ ਗਈ ਤੇ ਕਹਿਣ ਲੱਗਾ, "ਅਰੇ ਭਈ ਇਸ ਚੀਨੀ ਕਬੂਤਰੀ ਪਰ ਤੋ ਹਮਾਰਾ ਹੱਕ ਹੈ। ਹਮਨੇ ਆਜ ਕਈ ਹਜ਼ਾਰ ਸਿੱਖ ਮਾਰੇ ਔਰ ਮਰਵਾਏ ਹੈਂ ਮੈਂ ਅਭੀ ਅਭੀ ਬਲਾਕ 31 ਔਰ 32 ਕੇ ਬੀਚ ਜੋ 50-60 ਸਿੱਖੋਂ ਕੇ ਝੌਂਪੜੇ ਥੇ ਉਨਹੇਂ ਖੁਦ ਗਿਰਾ ਕਰ ਅਪਨੇ ਹਾਥੋਂ ਮਾਰ ਕੇ ਆ ਰਹਾ ਹੂੰ। ਔਰ ਬਈ ਤੁਮਹੇ ਤੋਂ ਤੁਮਹਾਰਾ ਤੋਹਫਾ ਮਿਲ ਗਿਆ ਹੈ। ਇਸੇ ਹਮ ਲੈ ਜਾਏਂਗੇ ਆਪਣੀ ਕੋਠੀ ਪਰ। ਏਸ ਕਲੀ ਕੋ ਆਜ ਹਮ ਫੂਲ ਬਣਾ ਦੇਂਗੇ।" ਮੁੰਡੇ ਪਿੱਛੇ ਹਟ ਗਏ ਤੇ ਉਸ ਨੇ ਉਹਦਾ ਜੱਫਾ ਭਰ ਕੇ ਆਪਣੀ ਜੀਪ ਵਿਚ ਪਿੱਛੇ ਬਿਠਾ ਦਿੱਤਾ ਤੇ ਨਾਲ ਇਕ ਹੋਰ ਆਪਣਾ ਆਦਮੀ ਬਿਠਾ ਦਿੱਤਾ। ਜੀਪ ਜਮਨਾ ਪਾਰ ਉਹਦੇ ਘਰ ਵਲ ਨੂੰ ਤੁਰ ਪਈ। ਜਦ ਉਹ ਪੁਲ ਦੇ ਨੇੜੇ ਪਹੁੰਚੇ ਤਾਂ ਉਥੇ ਕਾਫੀ ਭੀੜ ਸੀ। ਤਿੰਨ ਚਾਰ ਬੱਸਾਂ ਜਲ ਰਹੀਆਂ ਸਨ। ਰਸਤਾ ਤਕਰੀਬਨ ਤਕਰੀਬਨ ਬੰਦ ਸੀ। ਕਈ ਬੰਦਿਆਂ ਦੀਆਂ ਲਾਸ਼ਾਂ ਜਲ ਰਹੀਆਂ ਸਨ। ਕਈ ਹੋਰ ਮਰੇ ਪਏ ਸੀ। ਜਿਵੇਂ ਇਹ ਜੰਗ ਦਾ ਮੈਦਾਨ ਹੋਵੇ। ਕਈ ਬੜੀ ਬੁਰੀ ਤਰ੍ਹਾਂ ਜ਼ਖਮੀ ਹਾਲਤ ਵਿਚ ਪਏ ਸਨ। ਪਰ ਡਰਦੇ ਮਾਰੇ ਅਵਾਜ਼ ਨਹੀਂ ਸਨ ਕੱਢ ਰਹੇ। ਕਈ ਮਰਿਆਂ ਵਾਂਗ ਇਸ ਤਰ੍ਹਾਂ ਪਏ ਸੀ ਕਿ ਕਦ ਇਹ ਲੋਕ ਜਾਣ ਤਾਂ ਉਹ ਉਠ ਕੇ ਕਿਤੇ ਜਾ ਸਕਣ। ਜਿਹੜਾ ਕੋਈ ਹਿਲਦਾ ਜੁਲਦਾ ਲੱਗਦਾ ਉਹਦੇ ਸਿਰ ਵਿਚ ਲਾਠੀ ਮਾਰ ਦਿੰਦੇ। ਲੁਟੇਰੇ ਲੋਕਾਂ ਦੇ ਗਹਿਣੇ ਘੜੀਆਂ ਲਾਹ ਰਹੇ ਸਨ ਤੇ ਜੇਬਾਂ ਫਰੋਲ ਰਹੇ ਸਨ। ਜੀਪ ਰੁਕ ਗਈ ਕਾਲਾ ਚੰਦ ਨੇ ਆਪਣੇ ਡਰਾਈਵਰ ਨੂੰ ਕਿਹਾ ਕਿ ਜਾ ਕੇ ਦੇਖ ਕੀ ਹੋ ਰਿਹਾ ਹੈ। ਉਹਨਾਂ ਨੂੰ ਕਹੋ ਕਿ ਰਸਤਾ ਛਡਣ। ਦੂਸਰਾ ਆਦਮੀ ਜੋ ਪਿੱਛੇ ਬੈਠਾ ਸੀ ਉਹ ਵੀ ਉਧਰ ਦੇਖਣ ਲੱਗ ਪਿਆ। ਮੌਕਾ ਪਾ ਕੇ ਦੀਪੋ ਨੇ ਜੀਪ ਤੋਂ ਛਾਲ ਮਾਰੀ ਤੇ ਪੁਲ ਵੱਲ ਨੂੰ ਦੌੜ ਪਈ। ਕਾਲਾ ਚੰਦ ਪਿੱਛੇ ਦੌੜਿਆ ਤੇ ਤਕਰੀਬਨ ਤਕਰੀਬਨ ਉਹਨੂੰ ਫੜਨ ਹੀ ਲੱਗਾ ਸੀ ਕਿ ਦੀਪੋ ਨੇ ਦਰਿਆ ਵਿਚ ਛਾਲ ਮਾਰ ਦਿੱਤੀ। ਦੀਪੋ ਦੀ ਪਰਾਂਦੀ ਕਾਲਾ ਚੰਦ ਦੇ ਹੱਥ ਵਿਚ ਰਹਿ ਗਈ ਤੇ ਉਹਦੇ ਨਾਲ ਕੁੜੀ ਦੀ ਗੁੱਤ ਦੇ ਕੁਝ ਵਾਲ ਵੀ ਪੁੱਟੇ ਗਏ। ਕਾਲਾ ਚੰਦ ਨਿਰਾਸ਼ ਹੋ ਕੇ ਮੁੜ ਆਇਆ। ਜੋ ਉਸਨੇ ਰੰਗੀਨ ਰਾਤ ਦਾ ਸੁਪਨਾ ਤੱਕਿਆ ਸੀ ਉਹ ਤਾਂ ਡੁੱਬ ਮਰਿਆ। ਉਹਦੀ ਚੀਨੀ ਕਬੂਤਰੀ ਉਡ ਚੁੱਕੀ ਸੀ ਤੇ ਉਹਦੇ ਹੱਥ ਵਿਚ ਕੁਝ ਖੰਭ ਹੀ ਰਹਿ ਗਏ ਸਨ।

ਉਧਰ ਨਸੀਬ ਕੌਰ ਨੇ ਸਾਰੀ ਰਾਤ ਜਾਗ ਕੇ ਕੱਟੀ। ਪੱਪੂ ਵੀ ਉਹਦੇ ਕੋਲ ਆਣ ਕੇ ਬਹਿ ਗਿਆ ਸੀ। ਦੋਨੋਂ ਚੁੱਪ ਸਨ ਤੇ ਸਾਹ ਘਸੀਟ ਕੇ ਬੈਠੇ ਸਨ। ਅੱਧੀ ਰਾਤ ਹੋ ਚੁੱਕੀ ਸੀ। ਰੌਲਾ ਰੌਲਾ ਘਟ ਗਿਆ। ਨਸੀਬ ਕੌਰ ਨੂੰ ਫਿਰ ਦਲੀਪ ਸਿੰਘ ਦਾ ਖਿਆਲ ਆਇਆ ਜੋ ਬਾਹਰ ਹੁਣ ਸਿਰਫ ਇਕ ਰਬੜ ਦਾ ਟੋਟਾ ਬਣ ਕੇ ਰਹਿ ਗਿਆ ਸੀ। ਉਹ ਹੌਸਲਾ ਕਰਕੇ ਉੱਠੀ ਤੇ ਵੇਹੜੇ ਵਿਚ ਖਿਲਰੀਆਂ ਚੀਜ਼ਾਂ ਇਕੱਠੀਆਂ ਕਰਕੇ ਢੇਰੀ ਲਾ ਲਈ ਤੇ ਕੁਝ



ਕੱਪੜੇ ਵਗੈਰਾ ਤੇ ਹੋਰ ਘਰ ਦਾ ਸਾਮਾਨ ਉਸ ਤੇ ਸੁੱਟ ਦਿੱਤਾ। ਬਾਹਰੋਂ ਉਸਨੇ ਅਧਜਲੀ ਲੋਥ ਨੂੰ ਚੁੱਕ ਕੇ ਉਸ ਢੇਰ ਤੇ ਸੁੱਟ ਕੇ ਪੱਪੂ ਨੂੰ ਅੱਗ ਲਾਉਣ ਨੂੰ ਕਿਹਾ ਪਰ ਉਸਨੇ ਨਾ ਲਾਈ। ਆਖਰ ਉਸਨੇ ਆਪ ਹੀ ਤੀਲੀ ਲਾ ਦਿੱਤੀ ਤੇ ਅੱਗ ਮੱਚਣ ਲੱਗ ਪਈ। ਉਹ ਪੱਪੂ ਨੂੰ ਗੋਦੀ ਲਈ ਬੈਠੀ ਰਹੀ। ਉਹ ਪੱਥਰ ਬਣ ਗਈ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਕੀ ਹੋਇਆ। ਜੇ ਉਸਨੇ ਆਪਣੇ ਅੱਖੀਂ ਨਾ ਤੱਕਿਆ ਹੁੰਦਾ ਅਤੇ ਇਹ ਲਾਸ਼ ਉਹਨੂੰ ਕਿਤੇ ਮਿਲ ਵੀ ਜਾਂਦੀ ਤਾਂ ਉਨ੍ਹਾਂ ਕਦੇ ਨਹੀਂ ਸੀ ਮੰਨਣਾ ਕਿ ਇਹ ਉਸਦੇ ਪਤੀ ਦੀ ਲਾਸ਼ ਹੈ। ਉਹਦੇ ਦਿਲ ਦਾ ਡਰ ਖਤਮ ਹੋ ਚੁੱਕਾ ਸੀ। ਜੋ ਡਰ ਸੀ ਸਿਰਫ ਪੱਪੂ ਬਾਰੇ। ਉਹ ਮੌਤ ਨੂੰ ਸੱਦਾ ਦੇ ਰਹੀ ਸੀ ਪਰ ਮੌਤ ਉਸਨੂੰ ਲਿਜਾਣ ਵਾਸਤੇ ਰਾਜ਼ੀ ਨਹੀਂ ਸੀ। ਦੀਪੋ ਆਲੇ ਦੁਆਲੇ ਭਾਲਿਆਂ ਨਾ ਲੱਭੀ। ਗੁਆਂਢੀਆਂ ਦੇ ਮਿੰਨਤਾਂ ਤਰਲੇ ਕੀਤੇ। ਪਰ ਕਿਸੇ ਨੇ ਵੀ ਬੂਹਾ ਨਾ ਖੋਲ੍ਹਿਆ। ਕੋਈ ਵੀ ਗੁਆਂਢੀ ਮਦਦ ਨੂੰ ਨਾ ਆਇਆ। ਜਿਨ੍ਹਾਂ ਨਾਲ ਕਈ ਸਾਲਾਂ ਦੀ ਸਾਂਝ ਸੀ। ਉਹ ਅੱਜ ਅੱਖਾਂ ਫੇਰ ਗਏ।

ਸਵੇਰੇ ਦੇ ਤਕਰੀਬਨ ਪੰਜ ਵੱਜ ਚੁੱਕੇ ਸਨ। ਪੁਲਿਸ ਦੇ ਹਾਰਨ ਦੀ ਆਵਾਜ਼ ਆਈ। ਏਨੇ ਨੂੰ ਫੌਜ ਦੀ ਇਕ ਜੀਪ ਉਹਦੇ ਬੂਹੇ ਅੱਗੇ ਆ ਕੇ ਖਲੋ ਗਈ। ਉਹਨਾਂ ਨਸੀਬ ਕੌਰ ਤੇ ਪੱਪੂ ਨੂੰ ਉਹਨਾਂ ਨਾਲ ਚੱਲਣ ਲਈ ਕਿਹਾ। ਨਸੀਬ ਕੌਰ ਨੇ ਇਕ ਨਿਗਾਹ ਆਪਣੇ ਉਜੜੇ ਘਰ ਵਲ ਲਿਆ ਮਾਰੀ ਜਿਥੇ ਕੱਲ ਤੱਕ ਖੁਸ਼ੀਆਂ ਸਨ ਤੇ ਪੱਪੂ ਨੂੰ ਫੜ ਕੇ ਜੀਪ ਵੱਲ ਨੂੰ ਤੁਰ ਪਈ। ਉਹਨਾਂ ਫੌਜੀਆਂ ਨਾਲ ਇਕ ਸਰਦਾਰ ਫੌਜੀ ਵੀ ਸੀ। ਉਸਨੇ ਅੱਗ ਬਲਦੀ ਦੇਖੀ ਤੇ ਨਲਕੇ ਦੇ ਥੱਲੇ ਪਾਣੀ ਦੀ ਬਾਲਟੀ ਚੁੱਕ ਕੇ ਉਸ ਨੂੰ ਬੁਝਾਉਣ ਲੱਗਾ। ਨਸੀਬ ਕੌਰ ਨੇ ਇਹ ਕਹਿ ਕੇ ਰੋਕ ਦਿੱਤਾ, 'ਨਾ ਵੇ ਵੀਰਾ ਹੁਣ ਅਖੀਰਲੇ ਵੇਲੇ ਰੁਕਾਵਟ ਨਾ ਪਾਈਂ ਤੇ ਜੇ ਇਹ ਬਾਲਟੀ ਤੂੰ ਕਲ ਸ਼ਾਮੀ ਇਸਦੇ ਉਤੇ ਪਾ ਦੇਂਦਾ ਤਾਂ ਮੈਂ ਤੇਰਾ ਇਹ ਇਹਸਾਨ ਜ਼ਿੰਦਗੀ ਭਰ ਨਾ ਭੁਲਦੀ।' ਫੌਜੀ ਨੇ ਬਾਲਟੀ ਰਖ ਦਿੱਤੀ ਤੇ ਫਿਰ ਜੀਪ ਵਿਚ ਆ ਬੈਠਾ ਤੇ ਜੀਪ ਤੁਰ ਪਈ। ਤਿੰਨ ਚਾਰ ਮਹੱਲੇ ਦੀਆਂ ਹੋਰ ਔਰਤਾਂ ਸਨ ਤੇ ਕੁਝ ਬੱਚੇ। ਸਭ ਸਹਿਮੇ ਹੋਏ ਸੀ। ਕਿਸੇ ਨੇ ਕਿਸੇ ਤੋਂ ਕੁਝ ਨਾ ਪੁੱਛਿਆ। ਅੱਗ ਹਾਲੇ ਵੀ ਮੱਚ ਰਹੀ ਸੀ ਜਿਉਂ ਜਿਉਂ ਜੀਪ ਦੂਰ ਚਲੀ ਜਾ ਰਹੀ ਸੀ ਅੱਗ ਦੀ ਲੋਅ ਨਿੰਮੀ ਨਿੰਮੀ ਹੁੰਦੀ ਗਈ ਤੇ ਮੋੜ ਤੇ ਜਾਂਦੇ ਅੱਖੋਂ ਓਹਲੇ ਹੋ ਗਈ। ਰੀਝਾਂ ਨਾਲ ਬਣਾਇਆ ਘਰ ਅੱਜ ਪਰਾਇਆ ਹੋ ਗਿਆ।

ਜੀਪ ਜਾ ਕੇ ਇਕ ਕੈਂਪ ਵਿਚ ਰੁਕੀ ਜੋ ਇਕ ਸਕੂਲ ਦੀ ਇਮਾਰਤ ਸੀ। ਕੈਂਪ ਖਚਾ-ਖਚ ਭਰਿਆ ਪਿਆ ਸੀ। ਲੋਕੀ ਰੋ ਰਹੇ ਸਨ, ਕੋਈ ਕੀਰਨੇ ਪਾ ਰਿਹਾ ਸੀ। ਕਈ ਆਦਮੀ ਬੁਰੀ ਤਰ੍ਹਾਂ ਜ਼ਖਮੀ ਸਨ। ਫਟਾਂ 'ਚੋਂ ਹਾਲੇ ਵੀ ਲਹੂ ਸਿੰਮ ਰਿਹਾ ਸੀ ਤੇ ਉਹ ਦਰਦ ਨਾਲ ਕੁਰਲਾ ਰਹੇ ਸਨ। ਪਰ ਕੈਂਪ ਦੇ ਕਰਤੇ ਧਰਤੇ ਇਸ ਗੱਲੋਂ ਬਿਲਕੁਲ ਬੇਫਿਕਰ ਸਨ। ਕਿਤੇ ਕੋਈ ਪਸ਼ੂ ਵੀ ਜੇਕਰ ਰੌਲਾ ਪਾ ਰਿਹਾ ਹੋਵੇ ਤਾਂ ਆਦਮੀ ਇਕ ਵਾਰ ਮੁੜ ਕੇ ਦੇਖਦਾ ਜ਼ਰੂਰ ਹੈ ਕਿ ਇਹਨੂੰ ਕੀ ਤਕਲੀਫ ਹੈ ਕਿਤੇ ਰੱਸੇ ਜਾਂ ਸੰਗਲ ਨਾਲ ਗਲ ਤਾਂ ਨਹੀਂ ਘੁਟ ਹੋ

ਰਿਹਾ। ਪਰ ਉਹਨਾਂ ਲੋਕਾਂ ਵਾਸਤੇ ਇਕ ਸਿੱਖ ਇਨਸਾਨ ਤਾਂ ਕੀ ਜਾਨਵਰਾਂ ਜਿੰਨੀ ਵੀ ਅਹਿਮੀਅਤ ਨਹੀਂ ਰੱਖਦੇ ਸਨ।

ਦਿਨ ਚੜ੍ਹਦੇ ਨੂੰ ਕਾਲਾ ਚੰਦ ਚਿੱਟੇ ਕੱਪੜੇ ਪਾਕੇ, ਸਿਰ ਤੇ ਗਾਂਧੀ ਟੋਪੀ ਰੱਖਕੇ ਜੀਪ 'ਚ ਬੈਠਕੇ ਕੈਂਪ ਨੂੰ ਆ ਗਿਆ ਤੇ ਲੱਗਾ ਲੋਕਾਂ ਨਾਲ ਹਮਦਰਦੀ ਜਤਾਉਣ। ਨਸੀਬ ਕੌਰ ਹੈਰਾਨ ਸੀ ਕਿ ਇਹ ਉਹੀ ਰਾਤ ਵਾਲਾ ਆਦਮੀ ਹੈ ਜੋ ਰਾਕਸ਼ਸ ਸੀ ਤੇ ਹੁਣ ਦੇਵਤਾ ਬਣਨ ਦਾ ਢੌਂਗ ਰਚਾ ਰਿਹਾ ਹੈ। ਤੇ ਜੇ ਨਸੀਬ ਕੌਰ ਇਹਨੂੰ ਪਹਿਲਾਂ ਨਾ ਜਾਣਦੀ ਹੁੰਦੀ ਤਾਂ ਸ਼ਾਇਦ ਧੋਖਾ ਖਾ ਜਾਂਦੀ ਕਿ ਉਹ ਕੋਈ ਹੋਰ ਹੋਵੇਗਾ। ਉਹ ਜਦ ਨਸੀਬ ਕੌਰ ਕੋਲ ਆਇਆ ਤਾਂ ਨੀਵੀਂ ਪਾ ਲਈ। ਨਸੀਬ ਕੌਰ ਦੀਆਂ ਅੱਖਾਂ 'ਚੋਂ ਨਫ਼ਰਤ ਦੇ ਅੰਗਾਰੇ ਬਰਸ ਰਹੇ ਸਨ। ਉਹ ਇਕ ਭੁੱਖੀ ਸ਼ੇਰਨੀ ਵਾਂਗ ਉਹਦੇ ਵੱਲ ਨੂੰ ਦੇਖ ਰਹੀ ਸੀ ਪਰ ਸ਼ੇਰਨੀ ਬੇਬਸ ਸੀ। ਪਿੰਜਰੇ ਵਿਚ ਸੀ। ਉਹ ਅਗਾਂਹ ਲੰਘ ਗਿਆ। ਨਸੀਬ ਕੌਰ ਨੇ ਕੈਂਪ ਵਿਚ ਭਾਲ ਕੀਤੀ ਕਿ ਸ਼ਾਇਦ ਕਿਧਰੇ ਦੀਪੋ ਮਿਲ ਜਾਵੇ। ਪਰ ਉਹਦਾ ਕੋਈ ਪਤਾ ਨਾ ਮਿਲਿਆ। ਰੋਟੀ ਦਾ ਬੰਦੋਬਸਤ ਕੋਈ ਖਾਸ ਨਹੀਂ ਸੀ। ਕਿਸੇ ਦਾ ਖਾਣ ਨੂੰ ਦਿਲ ਵੀ ਨਹੀਂ ਸੀ ਕਰਦਾ। ਟੱਟੀ ਪਿਸ਼ਾਬ ਦਾ ਕੋਈ ਬੰਦੋਬਸਤ ਨਹੀਂ ਸੀ। ਨਿਆਣੇ ਤੇ ਸਿਆਣੇ ਉਥੇ ਹੀ ਕੰਧਾਂ ਨਾਲ ਲੱਗ ਕੇ ਟੱਟੀ ਪਿਸ਼ਾਬ ਕਰ ਰਹੇ ਸਨ। ਸੜ੍ਹਿਆਨ ਇਸ ਤਰ੍ਹਾਂ ਆ ਰਹੀ ਸੀ ਜਿਸ ਤਰ੍ਹਾਂ ਆਮ ਦਿੱਲੀ ਦੀਆਂ 'ਜਨਤਾ ਟੱਟੀਆਂ' 'ਚੋਂ ਆਉਂਦੀ ਹੁੰਦੀ ਹੈ। ਰਾਤ ਨੂੰ ਕੈਂਪ ਹੋਰ ਭਰ ਗਿਆ। ਲੋਕੀਂ ਉਸੇ ਤਰ੍ਹਾਂ ਰੋਂਦੇ ਕੁਰਲਾਂਦੇ ਆ ਰਹੇ ਸਨ। ਦੂਸਰੇ ਦਿਨ ਸਵੇਰੇ ਹੀ ਕੈਂਪ ਨੂੰ ਬੰਦ ਕਰਨ ਦਾ ਐਲਾਨ ਹੋ ਗਿਆ। ਲੋਕਾਂ ਨੂੰ ਰੁਪਏ ਦੇ ਕੇ ਕਹਿਣ ਲੱਗੇ ਕਿ ਆਪੋ ਆਪਣੇ ਘਰਾਂ ਨੂੰ ਚਲੇ ਜਾਉ। ਹੁਣ ਕੋਈ ਖਤਰਾ ਨਹੀਂ, ਸਭ ਸ਼ਾਂਤੀ ਹੈ। ਨਸੀਬ ਕੌਰ ਕੋਲ ਪੰਜਾਹ ਰੁਪਏ ਸਨ ਤੇ ਬੱਸ ਦੀ ਉਡੀਕ ਵਿਚ ਖੜ੍ਹੀ ਸੀ। ਕੋਈ ਸਮਝ ਨਹੀਂ ਆ ਰਹੀ ਸੀ ਕਿਧਰ ਨੂੰ ਜਾਏ। ਘਰ ਜਾਣ ਨੂੰ ਦਿਲ ਨਹੀਂ ਸੀ ਕਰਦਾ ਤੇ ਬਾਕੀ ਘਰ ਦਾ ਰਿਹਾ ਵੀ ਕੁਝ ਨਹੀਂ ਸੀ ਸਿਵਾਏ ਜਲੇ ਹੋਏ ਖੰਡਰਾਂ ਤੋਂ। ਇੰਨੇ ਨੂੰ ਕਾਲਾ ਚੰਦ ਆ ਗਿਆ। 'ਮੁਝੇ ਪਤਾ ਹੈ ਤੁਮ ਨਾਰਾਜ਼ ਹੋ। ਅਗਰ ਕਾਮ ਚਾਹੀਏ ਤੋਂ ਹਮਾਰੇ ਸਾਥ ਚਲੋ। ਮੁਝੇ ਤੁਮਹਾਰੀ ਲੜਕੀ ਕੇ ਬਾਰੇ ਭੀ ਪਤਾ ਚਲ ਗਿਆ ਹੈ। ਅਗਰ ਉਸ ਸੇ ਮਿਲਨਾ ਹੋ ਤਾਂ ਮੇਰੇ ਸਾਥ ਚਲੋ' ਤੇ ਇਹ ਕਹਿੰਦੇ ਹੋਏ ਉਸ ਨੇ ਲਾਲ ਪਰਾਂਦੀ ਨਸੀਬ ਕੌਰ ਨੂੰ ਦਿਖਾ ਦਿੱਤੀ ਤੇ ਕਹਿਣ ਲੱਗਾ 'ਯੇ ਉਸ ਕੀ ਹੈ ਨਾਂ? ਯੇ ਉਸ ਨੇ ਖੁਦ ਹੀ ਮੁਝੇ ਦੀ ਹੈ ਤਾ ਕਿ ਤੁਮ ਮੇਰੀ ਬਾਤ ਪਰ ਯਕੀਨ ਕਰ ਸਕੋ'। ਧੀ ਦੇ ਪਿਆਰ ਨੇ ਨਸੀਬ ਕੌਰ ਨੂੰ ਅੰਨ੍ਹੀ ਕਰ ਦਿੱਤਾ। ਉਹ ਬਿਨਾਂ ਸੋਚੇ ਸਮਝੇ ਉਹਦੀ ਜੀਪ 'ਚ ਝੱਟ ਬੈਠ ਗਈ। ਉਹ ਨੂੰ ਹੁਣ ਕਾਲਾ ਚੰਦ ਜਾਂ ਕਿਸੇ ਹੋਰ ਦਾ ਕੋਈ ਡਰ ਨਹੀਂ ਸੀ ਰਿਹਾ। ਕੀ ਕਰ ਲਵੋਗੇ? ਜ਼ਿਆਦਾ ਤੋਂ ਜ਼ਿਆਦਾ ਲੁਟੀ ਹੋਈ ਇੱਜ਼ਤ ਨੂੰ ਹੋਰ ਲੁੱਟ ਲਵੋਗੇ। ਨਸੀਬ ਕੌਰ ਨੂੰ ਆਪਣੇ ਜਿਸਮ ਤੋਂ ਵੀ ਨਫਰਤ ਸੀ ਜਿਵੇਂ ਇਹ ਉਹਦਾ ਨਾ ਕਿਸੇ ਹੋਰ ਦਾ ਹੋਵੇ।

ਕਾਲਾ ਚੰਦ ਨੇ ਉਸ ਨੂੰ ਲਿਆ ਕੇ ਆਪਣੀ ਫੈਕਟਰੀ ਦੇ ਵਿਚ ਇਕ ਕੋਠੜੀ ਵਿਚ



ਬਿਠਾ ਦਿੱਤਾ ਤੇ ਨਿੱਤ ਨਵੇਂ ਲਾਰੇ ਲਾਉਂਦਾ ਰਿਹਾ। ਧੀ ਨੂੰ ਭਾਲਣ ਦੀ ਉਮੀਦ ਵਿਚ ਉਸ ਨੇ ਆਪਣਾ ਤਨ ਕਾਲਾ ਚੰਦ ਦੇ ਹਵਾਲੇ ਕਰ ਦਿੱਤਾ ਤੇ ਉਹ ਕਾਲਾ ਚੰਦ ਦੀ ਰਖੇਲ ਬਣ ਗਈ। ਉਹਦਾ ਜਦੋਂ ਚਿੱਤ ਕਰਦਾ ਆਉਂਦਾ ਤੇ ਕੁਝ ਮਹੀਨਿਆਂ ਬਾਅਦ ਕਾਲਾ ਚੰਦ ਨੇ ਦੱਸ ਦਿੱਤਾ ਕਿ ਦੀਪੋ ਦੇ ਮਗਰ ਕੁਝ ਗੁੰਡੇ ਪਏ ਹੋਏ ਸਨ। ਉਸਨੇ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਦਰਿਆ ਵਿਚ ਛਾਲ ਮਾਰ ਕੇ ਮਰ ਗਈ ਤੇ ਜਦ ਉਹਨੇ ਫੜਨਾ ਚਾਹਿਆ ਤਾਂ ਸਿਰਫ ਗੁੱਤ ਹੀ ਉਹਦੇ ਹੱਥ ਵਿਚ ਰਹਿ ਗਈ। ਹੌਲੀ-ਹੌਲੀ ਨਸੀਬ ਕੌਰ ਨੂੰ ਅਸਲੀਅਤ ਦਾ ਪਤਾ ਲੱਗ ਗਿਆ। ਕਾਲਾ ਚੰਦ ਦੀ ਰਖੇਲ ਬਣ ਕੇ ਉਹਨੂੰ ਉਹਦੀ ਧੀ ਤੇ ਨਾ ਮਿਲੀ ਪਰ ਦੋ ਵਕਤ ਦੀ ਰੋਟੀ ਤੇ ਸਿਰ ਢਕਣ ਨੂੰ ਛੱਤ ਮਿਲ ਗਈ ਤੇ ਥੋੜੇ ਬਹੁਤ ਪੈਸੇ ਵੀ ਕਾਲਾ ਚੰਦ ਨੇ ਮੁਆਵਜ਼ੇ ਦੇ ਤੌਰ ਤੇ ਉਹਨੂੰ ਦੁਆ ਦਿੱਤੇ। ਅੱਧ-ਪਚੱਧੇ ਤਾਂ ਉਹ ਖੁਦ ਹੀ ਖਾ ਗਿਆ ਜਿਵੇਂ ਸਾਰੇ ਨੇਤਾ ਆਮ ਤੌਰ ਤੇ ਕਰਦੇ ਹਨ। ਹੌਲੀ-ਹੌਲੀ ਕਾਲਾ ਚੰਦ ਦਾ ਆਉਣਾ ਘਟ ਗਿਆ। ਉਹਦੇ ਕੋਲ ਹੋਰ ਵੀ ਕਈ ਥਾਵਾਂ ਸਨ ਜਾਣ ਵਾਸਤੇ। ਪੁਰਾਣੀ ਨਸੀਬ ਕੌਰ ਹੁਣ ਮਰ ਚੁੱਕੀ ਸੀ। ਉਹਦਾ ਰੱਬ ਤੋਂ ਤੇ ਰੱਬ ਦੀ ਬਣਾਈ ਦੁਨੀਆਂ ਤੋਂ ਵਿਸ਼ਵਾਸ ਉਠ ਗਿਆ। ਉਸ ਨੇ ਗੁਰਦਵਾਰੇ ਜਾਣਾ ਛੱਡ ਦਿੱਤਾ ਤੇ ਹੁਣ ਜਦ ਕਈ ਵਾਰ ਰਾਤ ਨੂੰ ਨੀਂਦ ਨਾ ਆਉਂਦੀ ਤਾਂ ਉਸ ਨੇ ਸ਼ਰਾਬ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ, ਸਿਰਫ ਇਕ ਮਕਸਦ ਸੀ—ਪੱਪੂ ਨੂੰ ਪਾਲਣਾ।

ਪੱਪੂ ਵੀ ਕਾਫੀ ਸ਼ਸ਼ੋਪੰਜ ਵਿਚ ਸੀ। ਕਾਲਾ ਚੰਦ ਕਈ ਵਾਰ ਉਸ ਨੂੰ ਆਪਣੇ ਘਰ ਲੈ ਜਾਂਦਾ ਤੇ ਘਰ ਦੇ ਛੋਟੇ-ਮੋਟੇ ਕੰਮ ਉਹਦੇ ਕੋਲੋਂ ਕਰਵਾਉਂਦਾ। ਕਾਲਾ ਚੰਦ ਨੂੰ ਉਹ ਨਫਰਤ ਕਰਦਾ ਸੀ। ਪਰ ਜ਼ਦ ਵੀ ਉਹ ਸਾਹਮਣੇ ਆ ਜਾਂਦਾ ਤੇ ਉਹਨੂੰ ਉਹਦਾ ਜ਼ਾਲਮ ਚਿਹਰਾ ਦਿਸਦਾ ਤਾਂ ਉਹ ਬਿਲਕੁਲ ਸਹਿਮ ਜਾਂਦਾ ਤੇ ਜੋ ਕੁਝ ਵੀ ਕਾਲਾ ਚੰਦ ਕਹਿੰਦਾ, ਉਹ ਕਰੀ ਜਾਂਦਾ। ਸਕੂਲ ਵਿਚ ਵੀ ਉਸਨੂੰ ਮੁੰਡੇ ਛੇੜਦੇ ਤੇ ਰਖੇਲ ਦਾ ਪੁੱਤ ਕਹਿੰਦੇ। ਕਈ ਵਾਰ ਕੁੱਟ-ਮਾਰ ਹੋ ਜਾਂਦੀ। ਹੌਲੀ ਹੌਲੀ ਤਿਰਲੋਕ ਪੁਰੀ ਦੇ ਮੁੰਡਿਆਂ ਦਾ ਇਕ ਟੋਲਾ ਬਣ ਗਿਆ, ਜਿਨ੍ਹਾਂ ਵਿਚੋਂ ਕਈ ਮੁੰਡੇ ਪੱਪੂ ਨਾਲੋਂ ਚਾਰ-ਪੰਜ ਸਾਲ ਵੱਡੇ ਸੀ। ਪਰ ਸਭ ਦੀ ਕਹਾਣੀ ਇਕੋ ਹੀ ਸੀ। ਤੇ ਹੁਣ ਜੇ ਕਦੇ ਕੋਈ ਹਿੰਦੂਆਂ ਦਾ ਮੁੰਡਾ ਛੇੜਦਾ ਤਾਂ ਇਹ ਸਾਰੇ ਰਲ ਕੇ ਉਹਨੂੰ ਐਸਾ ਸਬਕ ਸਿਖਾਉਂਦੇ ਕਿ ਉਹਨੇ ਆਪ ਤਾਂ ਦੁਬਾਰਾ ਕੀ ਮਖੌਲ ਕਰਨਾ ਸੀ, ਦੂਸਰਿਆਂ ਨੂੰ ਵੀ ਕਹਿੰਦਾ ਕਿ ਉਏ ਇਹਨਾਂ ਨਾਲ ਪੰਗਾ ਨਾ ਲਿਓ। ਪਰ ਪੜ੍ਹਾਈ ਵਿਚ ਕਿਸੇ ਨੂੰ ਵੀ ਦਿਲਚਸਪੀ ਨਹੀਂ ਸੀ। ਉਹਨਾਂ ਦੇ ਇਰਾਦੇ ਹੋਰ ਸਨ।

ਦੀਪੋ ਦੀ ਪਰਾਂਦੀ ਨਸੀਬ ਕੌਰ ਨੇ ਸੰਭਾਲ ਕੇ ਰੱਖ ਛੱਡੀ ਸੀ ਤੇ ਜਦੋਂ ਵੀ ਰੱਖੜੀਆਂ ਦਾ ਦਿਨ ਆਉਂਦਾ, ਉਹ ਉਹਦੇ 'ਚੋਂ ਇਕ ਧਾਗਾ ਤੋੜ ਕੇ ਪੱਪੂ ਦੇ ਗੁੱਟ ਤੇ ਬੰਨ੍ਹ ਦਿੰਦੀ ਤੇ ਨਾਲੇ ਕਹਿੰਦੀ, "ਤੇਰੀ ਭੈਣ ਦਾ ਤੇ ਤੇਰੇ ਬਾਪ ਦਾ ਕਾਤਲ ਕਾਲਾ ਚੰਦ ਨਹੀਂ ਬਚਣਾ ਚਾਹੀਦਾ। ਮੈਨੂੰ ਤੂੰ ਭਾਵੇਂ ਨਾ ਮਾਫ ਕਰੀਂ।" ਤੇ ਪੱਪੂ ਚੁਪ-ਚਾਪ ਨੀਵੀਂ ਪਾ ਕੇ ਬੈਠਾ ਰਹਿੰਦਾ ਤੇ ਕੁਝ ਨਾ ਬੋਲਦਾ। ਪਰ ਉਹਦੀ ਚੁੱਪ ਦੱਸ ਰਹੀ ਸੀ ਕਿ ਉਹ ਵੀ ਇਹ ਹੀ ਸੋਚ ਰਿਹਾ

ਹੈ ਤੇ ਵਕਤ ਦੀ ਇੰਤਜ਼ਾਰ ਕਰ ਰਿਹਾ ਹੈ ਤੇ ਇਸ ਤਰ੍ਹਾਂ ਤਿੰਨ-ਚਾਰ ਰੱਖੜੀਆਂ ਲੰਘ ਗਈਆਂ। ਉਹ ਜ਼ਿਆਦਾ ਚੁੱਪ ਹੀ ਰਹਿੰਦਾ ਸੀ ਤੇ ਹੁਣ ਪਿਛਲੇ ਕੁਝ ਮਹੀਨਿਆਂ ਤੋਂ ਉਹ ਜ਼ਿਆਦਾ ਬਾਹਰ ਹੀ ਰਹਿੰਦਾ ਤੇ ਕਈ ਵਾਰ ਗੁਰਦਵਾਰੇ ਜਾ ਕੇ ਉਹ ਲੰਗਰ ਵਿਚ ਸੇਵਾ ਕਰਦਾ। ਕਦੇ-ਕਦੇ ਮਾਂ ਨੂੰ ਗੁਰਦਵਾਰੇ ਜਾਣ ਲਈ ਕਹਿੰਦਾ ਤਾਂ ਨਸੀਬ ਕੌਰ ਕਹਿੰਦੀ “ਕਾਕਾ! ਮੈਂ ਖੁਦ ਨਾਲ ਵਾਅਦਾ ਕੀਤਾ ਹੋਇਆ ਹੈ ਤੇ ਜਿਸ ਦਿਨ ਉਹ ਦਿਨ ਆ ਗਿਆ ਮੈਂ ਗੁਰਦਵਾਰੇ ਚਲੀ ਜਾਵਾਂਗੀ।”

ਉਹਨੂੰ ਯਾਦ ਹੈ ਕਿ ਉਹ ਜਦ ਪਿਛਲੀਆਂ ਰੱਖੜੀਆਂ ਤੇ ਘਰ ਆਇਆ ਤੇ ਜਦ ਸੀਬੋ ਨੇ ਉਹਦੇ ਰੱਖੜੀ ਬੰਨ੍ਹੀ ਤੇ ਉਹ ਕਹਿਣ ਲੱਗਾ, “ਬੀਜੀ ਤੁਸੀਂ ਇਹ ਪਰਾਂਦੀ ਹੁਣ ਮੈਨੂੰ ਦੇ ਦਿਓ। ਤੁਸੀਂ ਮੇਰੀ ਭੈਣ ਜੀ ਦੀ ਅਮਾਨਤ ਨੂੰ ਬਹੁਤ ਦੇਰ ਸੰਭਾਲ ਰੱਖਿਆ ਹੈ। ਹੁਣ ਮੈਂ ਸਾਂਭਣ ਜੋਗਾ ਹੋ ਗਿਆ ਹਾਂ ਤੇ ਅੱਜ ਤੋਂ ਬਾਅਦ ਤੁਸੀਂ ਮੇਰਾ ਫਿਕਰ ਛੱਡ ਦਿਓ। ਤੁਸੀਂ ਮੇਰੀ ਜਾਨ ਬਚਾਉਣ ਦੀ ਖਾਤਰ ਆਪਣੇ ਆਪ ਦੀਆਂ ਨਜ਼ਰਾਂ ਵਿਚ ਵੀ ਗਿਰ ਗਏ ਤੇ ਏਨੀਆਂ ਘਾਲਣਾ ਘਾਲੀਆਂ। ਅਗਰ ਹੋ ਸਕੇ ਤਾਂ ਆਪਣਾ ਅੱਗਾ ਸਵਾਰੋ। ਦੁਬਾਰਾ ਗੁਰੂ ਮਹਾਰਾਜ ਦੇ ਲੜ ਲੱਗੋ। ਉਹ ਤੁਹਾਨੂੰ ਸਭ ਮਾਫ ਕਰ ਦਏਗਾ। ਉਹ ਜਾਣੀ-ਜਾਣ ਹਨ ਕਿ ਤੁਸੀਂ ਇਹ ਇਸ ਤਰ੍ਹਾਂ ਦੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਨਹੀਂ ਚੁਣੀ, ਹਾਲਾਤ ਨੇ ਮਜਬੂਰ ਕੀਤਾ ਸੀ।” ਅੱਜ ਨਸੀਬ ਕੌਰ ਹੈਰਾਨ ਸੀ। ਉਹ ਬੜੀਆਂ ਸੁਲਝੀਆਂ ਗੱਲਾਂ ਕਰ ਰਿਹਾ ਸੀ। ਉਹਨੂੰ ਇਹ ਯਕੀਨ ਨਹੀਂ ਸੀ ਆ ਰਿਹਾ ਕਿ ਇਹ ਉਹੀ ਪੱਪੂ ਹੈ। ਅੱਜ ਉਹ ਛੇ ਸਾਲਾਂ ਬਾਅਦ ਪਹਿਲੀ ਵਾਰ ਮਾਂ ਨਾਲ ਪਿਆਰ ਨਾਲ ਬੋਲਿਆ ਸੀ। ਨਸੀਬ ਕੌਰ ਨੇ ਉਹਨੂੰ ਪਰਾਂਦੀ ਫੜਾ ਦਿੱਤੀ ਤੇ ਉਹ ਇਹ ਕਹਿੰਦਾ ਬਾਹਰ ਨੂੰ ਤੁਰ ਪਿਆ, “ਬੀਜੀ ਮੈਂ ਹੁਣ ਉਸ ਦਿਨ ਹੀ ਆਵਾਂਗਾ ਜਿਸ ਦਿਨ ਤੁਹਾਡਾ ਵਾਅਦਾ ਪੂਰਾ ਹੋ ਗਿਆ। ਨਹੀਂ ਤਾਂ ਮੈਂ ਤੁਹਾਨੂੰ ਮੂੰਹ ਨਹੀਂ ਦਿਖਾਵਾਂਗਾ। ਜੇ ਕੋਈ ਤੁਹਾਨੂੰ ਪੁੱਛੇ ਤਾਂ ਕਹਿ ਦੇਣਾ ਕਿ ਇਥੇ ਪੜ੍ਹਦਾ ਨਹੀਂ ਸੀ। ਪੰਜਾਬ ਵਿਚ ਉਹ ਆਪਣੇ ਤਾਇਆਂ ਕੋਲ ਚਲੇ ਗਿਆ ਪੜ੍ਹਨ ਵਾਸਤੇ।”

ਤੇ ਉਸ ਦਿਨ ਤੋਂ ਬਾਅਦ ਉਹ ਘਰ ਨਹੀਂ ਆਇਆ ਤੇ ਕਦੇ ਕਦੇ ਨਸੀਬ ਕੌਰ ਨੂੰ ਪਤਾ ਚਲਦਾ ਕਿ ਉਹ ਤੇ ਉਹਦੇ ਸਾਥੀ ਖੁਸਰ-ਫੁਸਰ ਕਰਦੇ ਰਹਿੰਦੇ ਸਨ। ਪਰ ਕਿਸੇ ਨੂੰ ਦੱਸਦੇ ਕੁਝ ਨਹੀਂ ਸੀ। ਆਪਣੇ ਸਾਥੀਆਂ ਦੀ ਸਲਾਹ ਤੇ ਪੱਪੂ ਨੇ ਕਾਲਾ ਚੰਦ ਨਾਲ ਹੋਰ ਨੇੜ ਵਧਾ ਲਿਆ ਤੇ ਸਾਰਾ ਦਿਨ ਉਹਦੇ ਘਰ ਵਿਚ ਹੀ ਕੱਟਦਾ। ਉਹ ਜੋ ਕਹਿੰਦਾ ਕਰੀ ਜਾਂਦਾ। ਉਸ ਦਿਨ ਕਾਲਾ ਚੰਦ ਦੇ ਘਰ ਬੜੀ ਵੱਡੀ ਪਾਰਟੀ ਸੀ। ਕਾਲਾ ਚੰਦ ਸ਼ਰਾਬ ਵਿਚ ਮਸਤ ਸੀ। ਕਈ ਜੋੜਿਆਂ ਨੇ ਉਥੇ ਨਾਚ ਕੀਤਾ ਤੇ ਪੱਪੂ ਨੂੰ ਇਹ ਜਾਣ ਕੇ ਦੁੱਖ ਹੋਇਆ ਕਿ ਕਈ ਉਹਨਾਂ ’ਚੋਂ ਸਿੱਖਾਂ ਦੀਆਂ ਲੜਕੀਆਂ ਸਨ ਜੋ ‘84 ਤੋਂ ਇਹਨਾਂ ਦੇ ਕਬਜ਼ੇ ਵਿਚ ਹਨ। ਪੱਪੂ ਨੂੰ ਉਹਨਾਂ ਵਿਚ ਦੀਪੋ ਨਜ਼ਰ ਆਈ। ਜਦ ਸਾਰੇ ਮਹਿਮਾਨ ਚਲੇ ਗਏ ਤਾਂ ਕਾਲਾ ਚੰਦ ਆ ਕੇ ਮੰਜੇ ਤੇ ਲੇਟ ਗਿਆ ਤੇ ਕਹਿਣ ਲੱਗਾ, “ਅਰੇ ਸਰਦਾਰ ਕੇ ਬੱਚੇ ਹਮਾਰੇ ਜੂਤੇ ਉਤਾਰੋ।” ਪ੍ਰੋਗਰਾਮ ਤੇ ਮੁਤਾਬਕ ਪੱਪੂ ਦੇ ਸਾਥੀ ਪਹੁੰਚ ਚੁੱਕੇ ਸੀ ਤੇ ਪੱਪੂ



ਨੇ ਉਹਦੇ ਸਿਰ ਵਿਚ ਸ਼ਰਾਬ ਦੀ ਬੋਤਲ ਮਾਰੀ ਤੇ ਕੁਝ ਸੱਟ ਨਾਲ ਤੇ ਕੁਝ ਸ਼ਰਾਬ ਦੇ ਅਸਰ ਕਾਰਨ ਕਾਲਾ ਚੰਦ ਬੇਹੋਸ਼ ਹੋ ਗਿਆ। ਉਹਨਾਂ ਰਲ ਕੇ ਉਹਨੂੰ ਮੰਜੇ ਉਤੇ ਹੀ ਨੱਪ ਲਿਆ ਤੇ ਉਹਦੇ ਮੂੰਹ ਵਿਚ ਕੱਪੜਾ ਤੁੰਨ ਦਿੱਤਾ ਤੇ ਹੱਥ ਪਿੱਛੇ ਪਰਾਂਦੀ ਨਾਲ ਬੰਨ੍ਹ ਦਿੱਤੇ ਤੇ ਫੇਰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ। ਜਦ ਉਹਦੇ ਸਾਥੀ ਅੱਗ ਲਾ ਕੇ ਜਾਣ ਲੱਗੇ ਤਾਂ ਉਹਨਾਂ ਪੱਪੂ ਨੂੰ ਵੀ ਜਾਣ ਲਈ ਕਿਹਾ। ਉਹ ਕਹਿਣ ਲੱਗਾ, “ਨਹੀਂ, ਮੈਂ ਪੂਰੀ ਨਿਸ਼ਾ ਕਰਕੇ ਹੀ ਆਵਾਂਗਾ। ਤੁਸੀਂ ਮੇਰੀ ਮਾਤਾ ਜੀ ਨੂੰ ਕਹਿ ਦੇਣਾ ਕਿ ਮੈਂ ਉਹਨਾਂ ਦੇ ਹੁਕਮ ਦੀ ਪਾਲਣਾ ਕਰ ਦਿੱਤੀ ਹੈ ਤੇ ਜੇ ਆਪਾਂ ਸਾਰੇ ਹੀ ਜਣੇ ਚਲੇ ਗਏ ਤਾਂ ਪਤਾ ਨਹੀਂ ਕਿੰਨੇ ਹੋਰ ਬੇਦੋਸੇ ਸਿੱਖਾਂ ਨੂੰ ਪੁਲਸ ਵਾਲੇ ਇਸ ਕੇਸ ਦੇ ਬਹਾਨੇ ਤੰਗ ਕਰਨਗੇ। ਮੇਰੇ ਜੀਣ ਦਾ ਮਕਸਦ ਪੂਰਾ ਹੋ ਗਿਆ। ਤਿਰਲੋਕ ਪੁਰੀ ਦੇ ਕਤਲਾਂ ਦੀ ਪਹਿਲੀ ਕਿਸਤ ਅੱਜ ਤਾਰ ਦਿੱਤੀ ਹੈ। ਤੁਸੀਂ ਇਹ ਕੰਮ ਜਾਰੀ ਰੱਖਣਾ ਤੇ ਬੀਜੀ ਨੂੰ ਕਹਿਣਾ ਮੇਰੇ ਕੇਸ ਦੀ ਪੈਰਵਈ ਕਰਨ ਦੀ ਲੋੜ ਨਹੀਂ। ਕਿਸੇ ਦੀਆਂ ਮਿੰਨਤਾਂ ਤਰਲੇ ਨਾ ਕਰਨ। ਮੈਂ ਖੁਦ ਹੀ ਨਜਿੱਠਾਂਗਾ।”

ਜਦ ਘਰ ’ਚੋਂ ਭਾਂਬੜ ਨਿਕਲਣ ਲੱਗੇ ਤਾਂ ਗਵਾਂਢੀਆਂ ਨੇ ਪੁਲਸ ਤੇ ਅੱਗ ਬੁਝਾਉਣ ਵਾਲਿਆਂ ਨੂੰ ਸੱਦ ਲਿਆ। ਉਹਨਾਂ ਪੱਪੂ ਨੂੰ ਫੜ ਲਿਆ।

ਇਹਨਾਂ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾਂਦੀ ਨਸੀਬ ਕੌਰ ਗੁਰਦਵਾਰੇ ਪਹੁੰਚ ਗਈ ਤੇ ਆਪਣਾ ਮੱਥਾ ਮਹਾਰਾਜ ਦੇ ਚਰਨਾਂ ਵਿਚ ਰੱਖ ਕੇ ਬੇਹੋਸ਼ ਹੋ ਗਈ ਤੇ ਜਦੋਂ ਉਹ ਕੁਝ ਦੇਰ ਨਾ ਉਠੀ ਤਾਂ ਇਕ ਭਾਈ ਨੇ ਆਣ ਹਿਲਾਇਆ ਤੇ ਪਾਣੀ ਦੇ ਛਿੱਟੇ ਮਾਰੇ ਤੇ ਪੁਛਿਆ, ‘ਬੀਬੀ ਕੀ ਗੱਲ ਹੈ? ਕੀ ਤਕਲੀਫ ਹੈ?’ ਉਹ ਸੰਭਲੀ ਤੇ ਕਹਿਣ ਲੱਗੀ, “ਭਾਈ ਜੀ ਹੁਣ ਤਕਲੀਫ ਕੋਈ ਨਹੀਂ, ਮੈਂ ਰਸਤਾ ਭੁਲ ਗਈ ਸਾਂ, ਭਟਕ ਗਈ ਸਾਂ, ਮੈਨੂੰ ਯਕੀਨ ਹੈ : ਰੱਬ ਦੇ ਘਰ ਦੇਰ ਹੈ ਹਨੇਰ ਨਹੀਂ। ਬੱਸ ਅਗਰ ਹੋ ਸਕੇ ਤਾਂ ਮੈਨੂੰ ਗੁਰੂ ਘਰ ਵਿਚ ਰੋਜ਼ ਝਾੜੂ ਮਾਰਨ ਦੀ ਤੇ ਲੰਗਰ ਦੀ ਸੇਵਾ ਦੇ ਦਿਓ, ਜੋ ਮੇਰਾ ਪੱਪੂ ਕਰਦਾ ਹੁੰਦਾ ਸੀ, ਤਾਂ ਕਿ ਮੈਂ ਬਾਕੀ ਦੇ ਦਿਨ ਗੁਰੂ ਦੇ ਚਰਨਾਂ ਵਿਚ ਗੁਜ਼ਾਰ ਸਕਾਂ।”

# ਬਾਪੂ ਮੈਂ ਆ ਗਈ

ਜਨਵਰੀ ਪਚਾਸੀ ਦੀ ਗੱਲ ਹੈ। ਨਵੰਬਰ ਚੌਰਾਸੀ ਦੇ ਦੰਗਿਆਂ ਤੋਂ ਬਾਦ, ਥੋੜ੍ਹਾ ਜਿਹਾ ਟਿਕ ਟਿਕਾ ਹੋ ਗਿਆ ਸੀ। ਪੰਜਾਬ ਤੇ ਦਿਲੀ ਵਿਚਾਲੇ ਫੇਰ ਆਵਾਜਾਈ ਹੌਲੀ ਹੌਲੀ ਸ਼ੁਰੂ ਹੋ ਗਈ। ਵਿਰਲੇ ਵਿਰਲੇ ਸਿੱਖ ਫੇਰ ਟਰੱਕ ਲੈਕੇ ਦਿੱਲੀ ਨੂੰ ਜਾਣ ਲੱਗੇ।

ਲੁਧਿਆਣੇ ਦੇ ਲਾਗੇ ਇਕ ਪਿੰਡ ਦਾ ਡਰਾਈਵਰ ਇਕਬਾਲ ਭੀ ਆਪਣੇ ਟਰੱਕ ਨੂੰ ਦੇਖਣ ਪਾਖਣ ਲਗਾ। ਦੋ ਮਹੀਨੇ ਤੋਂ ਉੱਤੇ ਹੋ ਗਏ ਸੀ ਟਰੱਕ ਖੜੇ ਨੂੰ। ਉਹਨੂੰ ਟਰੱਕ ਦੁਆਲੇ ਫਿਰਦਿਆਂ ਦੇਖਕੇ ਉਹਦਾ ਗੁਆਂਢੀ ਭਗਵਾਨ ਸਿੰਘ ਆ ਗਿਆ ਤੇ ਕਹਿਣ ਲਗਾ, "ਬਾਲੀ ਕਿਧਰ ਦੀ ਤਿਆਰੀ ਹੈ? ਕਿਥੇ ਜਾ ਰਿਹਾ ਏਂ?"

"ਹਾਂ ਤਾਇਆ ਜੀ ਮੈਂ ਸੋਚਿਆ ਹੁਣ ਦਿਲੀ ਦਾ ਚੱਕਰ ਲਾ ਹੀ ਆਵਾਂ। ਬਾਕੀ ਭੀ ਤਾਂ ਹੁਣ ਔਂਦੇ ਜਾਂਦੇ ਨੇ। ਸੁਣਾ ਤਾਇਆ ਕੁਛ ਤਾਰੋ ਦਾ ਪਤਾ ਆਇਆ?"

"ਨਹੀਂ ਕਾਕਾ ਕੋਈ ਪਤਾ ਨਹੀਂ ਦੋ ਤਿੰਨ ਖਤ ਭੀ ਪਾ ਚੁੱਕੇ ਹਾਂ। ਕੋਈ ਜਵਾਬ ਨਹੀਂ ਆਇਆ। ਪਿਆਰੇ ਦੇ ਪਿੰਡ ਭੀ ਪਤਾ ਕੀਤਾ ਹੈ ਉਹਨਾਂ ਤੋਂ ਭੀ ਕੋਈ ਪਤਾ ਨਹੀਂ ਲਗਿਆ। ਹੁਣ ਤਾਂ ਦਿਲ ਡਰਦਾ ਹੈ।"

"ਕੋਈ ਨਹੀਂ ਤਾਇਆ ਜੀ ਹੌਸਲਾ ਰਖੋ। ਵਾਹਿਗੁਰੂ ਦੇ ਭਰੋਸਾ ਰਖੋ। ਪਿਆਰਾ ਬਹੁਤ ਹੀ ਹੋਸ਼ਿਆਰ ਮੁੰਡਾ ਹੈ ਉਹਨੇ ਕੋਈ ਨਾ ਕੋਈ ਬੰਦੋਬਸਤ ਕਰ ਲਿਆ ਹੋਣਾ ਹੈ। ਉਹਦੀ ਐਮ. ਐਲ. ਏ. ਨਾਲ ਭੀ ਚੰਗੀ ਬਣਦੀ ਹੈ ਕਿਸੇ ਕੈਂਪ ਵਿਚ ਹੋਣਗੇ।" ਇਕਬਾਲ ਨੇ ਕਿਹਾ।

"ਅਗਰ ਕਾਕਾ ਤੂੰ ਜਾ ਹੀ ਰਿਹਾ ਏਂ ਤਾਂ ਤਾਰੋ ਦਾ ਪਤਾ ਕਰਕੇ ਆਵੀਂ ਜੇ ਖੇਚਲ ਨਾ ਸਮਝੇਂ।" ਭਗਵਾਨ ਸਿੰਘ ਨੇ ਤਰਲਾ ਜਿਹਾ ਕੀਤਾ।

"ਤਾਇਆ ਖੇਚਲ ਕਾਹਦੀ। ਮੈਂ ਦਿਲੀ ਜਾਵਾਂ ਤੇ ਤਾਰੋ ਨੂੰ ਨਾ ਮਿਲਕੇ ਆਵਾਂ ਤੇ ਸਾਡੀ ਦੀਪੋ ਨੇ ਮੈਨੂੰ ਨਹੀਂ ਛਡਣਾ।" ਇਕਬਾਲ ਨੇ ਕਿਹਾ। "ਪਰ ਕਾਕਾ ਬਚਕੇ ਜਾਵੀਂ। ਕੋਈ ਪਤਾ ਨਹੀਂ ਇਹਨਾਂ ਬਾਹਮਣਾਂ ਦਾ ਹੁਣ। ਜੇ ਇਹਨਾਂ ਨੂੰ ਸ਼ਿਕ ਭੀ ਆਵੇ ਤਾਂ ਉਸਦਾ ਨਜਲਾ ਭੀ ਸਿੱਖਾਂ ਤੇ ਹੀ ਝਾੜਦੇ ਹਨ।" ਭਗਵਾਨ ਸਿੰਘ ਨੇ ਕਿਹਾ।

ਇਕਬਾਲ ਕਹਿੰਦਾ, "ਤਾਇਆ ਅਪਣੇ ਚਿਤੋਂ ਤਾ ਬੜਾ ਖਿਆਲ ਰਖੀਦਾ ਹੈ।



ਹਨੇਰੇ ਸਵੇਰੇ ਟਰੱਕ ਨਹੀਂ ਚਲਾਈਦਾ ਤੇ ਫੇਰ ਭੀ ਜੇ ਦਾਤੇ ਨੇ ਇਸ ਤਰ੍ਹਾਂ ਲਿਖਿਆ ਹੈ ਤਾਂ ਇਸੇ ਤਰ੍ਹਾਂ ਹੀ ਸਹੀ। ਦੋ ਤਿੰਨ ਮਹੀਨੇ ਹੋ ਗਏ ਟਰੱਕ ਖੜੇ ਨੂੰ। ਇਹਨੂੰ ਖੜੇ ਖੜੇ ਨੂੰ ਕਿਤੇ ਜੰਗਾਲ ਹੀ ਨਾ ਲਗ ਜਾਵੇ।"

ਭਗਵਾਨ ਸਿੰਘ ਗੱਲਾਂ ਕਰਦਾ ਕਰਦਾ ਬਾਹਰ ਨੂੰ ਚਲਾ ਗਿਆ। ਇਕਬਾਲ ਤਾਰੋ ਬਾਰੇ ਸੋਚਣ ਲਗ ਪਿਆ। ਉਹਨੂੰ ਨਿੱਕੀ ਹੁੰਦੀ ਤੋਂ ਜਾਣਦਾ ਸੀ। ਉਹ ਉਹਦੀ ਛੋਟੀ ਭੈਣ ਦੀਪੋ ਨਾਲ ਪੜ੍ਹਦੀ ਸੀ। ਦੋਨਾਂ ਦੀ ਬਹੁਤ ਬਣਦੀ ਸੀ। ਪੱਕੀਆਂ ਸਹੇਲੀਆਂ ਸਨ। ਪਿਛਲੀ ਬਾਰ ਰਖੜੀਆਂ ਵਾਲੇ ਦਿਨ ਜਦੋਂ ਦੀਪੋ ਨੇ ਇਕਬਾਲ ਨੂੰ ਰਖੜੀ ਬੰਨ੍ਹੀ ਤਾਂ ਤਾਰੋ ਕਹਿਣ ਲਗੀ, "ਵੀਰਾ ਮੈਥੋਂ ਭੀ ਬੰਨ੍ਹਾ ਲੈ। ਚਲ ਦੀਪੋ ਨੂੰ ਤਾਂ ਤੂੰ ਸੋ ਰੁਪਏ ਦਿੰਨਾ ਏਂ ਹਰ ਬਾਰ ਮੈਨੂੰ ਦਸ ਹੀ ਦੇ ਦੇਈਂ।" ਇਕਬਾਲ ਨੇ ਝੱਟ ਹੱਥ ਅੱਗੇ ਕਰ ਦਿੱਤਾ। ਤੇ ਸੋ ਰੁਪਏ ਦੇ ਕੇ ਕਹਿਣ ਲਗਾ ਇਹ ਦੋਵੇਂ ਪੰਜਾਹ ਪੰਜਾਹ ਕਰ ਲਓ। ਦੋਨੋਂ ਜਣੀਆਂ ਹਸ ਪਈਆਂ। ਦੀਪੋ ਕਹਿਣ ਲੱਗੀ, "ਨੀ ਤਾਰੋ ਤੇਰੇ ਕਰਕੇ ਮੈਨੂੰ ਅਜ ਘਾਟਾ ਪੈ ਗਿਆ।"

ਤਾਰੋ ਭਗਵਾਨ ਸਿੰਘ ਦੀ ਕੱਲੀ ਕੱਲੀ ਕੁੜੀ ਸੀ। ਪਿਛਲੇ ਕੁਛ ਮਹੀਨਿਆਂ ਤੋਂ ਪੰਜਾਬ ਦੇ ਹਾਲਾਤ ਖਰਾਬ ਸੀ। ਭਗਵਾਨ ਸਿੰਘ ਅਪਣੀ ਲੜਕੀ ਨੂੰ ਪੰਜਾਬ ਤੋਂ ਬਾਹਰ ਵਿਹਾਉਣਾ ਚਾਹੁੰਦਾ ਸੀ। ਉਹਦਾ ਰਿਸ਼ਤਾ ਭੀ ਇਕਬਾਲ ਨੇ ਖੁਦ ਹੀ ਕਰਾਇਆ ਸੀ। ਪਿਆਰਾ ਉਹਦਾ ਚੰਗਾ ਜਾਣੂ ਸੀ ਤੇ ਦਿਲੀ ਟੈਕਸੀ ਚਲਾਉਂਦਾ ਸੀ। ਵਿਆਹ 15 ਅਕਤੂਬਰ ਨੂੰ ਹੋਇਆ ਸੀ। ਵਿਆਹ ਵਿਚ ਭੀ ਸਾਰੇ ਕੰਮ ਇਕਬਾਲ ਨੇ ਮੋਹਰੇ ਹੋਕੇ ਕੀਤੇ ਸਨ।

ਦੂਸਰੇ ਦਿਨ ਤੜਕੇ ਹੀ ਇਕਬਾਲ ਲੁਧਿਆਣੇ ਤੋਂ ਟਰੱਕ ਭਰਕੇ ਦਿੱਲੀ ਵਲ ਨੂੰ ਚਲ ਪਿਆ। ਸਾਰਾ ਰਾਹ ਸੋਚਾਂ ਵਿਚ ਹੀ ਲੰਘਿਆ ਤੇ ਸਾਰੀ ਰਾਤ ਉਹ ਜਾਂ ਤਾਂ ਪਾਠ ਕਰਦਾ ਰਿਹਾ ਤੇ ਜਾਂ ਕੀਰਤਨ ਦੀਆਂ ਟੇਪਾਂ ਸੁਣਦਾ ਰਿਹਾ। ਉਹਨੂੰ ਇੰਜ ਲਗਦਾ ਸੀ ਜਿਵੇਂ ਉਹ ਜੰਗ ਦੇ ਮੈਦਾਨ ਵਲ ਨੂੰ ਜਾ ਰਿਹਾ ਹੋਵੇ। ਪੰਜਾਬ ਵਿਚ ਭੀ ਤਾਂ ਹਾਲਾਤ ਕੇਹੜਾ ਚੰਗੇ ਸੀ। ਹਰਿਮੰਦਰ ਸਾਹਿਬ ਤੇ ਹਮਲੇ ਤੋਂ ਬਾਦ, ਸੜਕਾਂ ਤੇ ਭੀ ਪੁਲੀਸ ਵਾਲਿਆਂ ਦਾ ਰਵੱਈਆ ਪਹਿਲਾਂ ਨਾਲੋਂ ਕਾਫੀ ਬਦਲਿਆ ਹੋਇਆ ਸੀ। ਦੋ ਚਾਰ ਜਗਾਹ ਰੁਕਕੇ ਆਖਿਰ ਉਹ ਦਿੱਲੀ ਪਹੁੰਚ ਗਿਆ। ਸਮਾਨ ਸਾਰਾ ਲਾਹਕੇ ਉਹ ਪਿਆਰੇ ਦੀ ਬਸਤੀ ਵਲ ਨੂੰ ਤੁਰ ਪਿਆ। ਸੜਕ ਤੇ ਟਰੱਕ ਖੜਾ ਕਰਕੇ ਉਹ ਢਾਬੇ ਤੇ ਚਾਹ ਪੀਣ ਲਈ ਰੁਕ ਗਿਆ।

ਨਾਲ ਹੀ ਦੂਸਰੇ ਪਾਸੇ 5-6 ਅਧਖੜ ਉਮਰ ਦੇ ਬੰਦੇ ਬੈਠੇ ਸਿਗਰਟਾਂ ਪੀ ਰਹੇ ਸਨ ਤੇ ਨਾਲੇ ਉੱਚੀ ਉੱਚੀ ਗੱਲਾਂ ਕਰ ਰਹੇ ਸਨ। ਇਕ ਨੇ ਕਿਹਾ :

"ਅਰੇ ਗੋਪਾਲ ਯਾਰ ਤੇਰਾ ਬਹੁਤ ਬਹੁਤ ਧੰਨਵਾਦ। ਕਿਆ ਜਗਾਹ ਬਤਾਈ ਤੂੰਨੇ ਯਾਰ। ਭਈ ਮਾਨ ਗਏ ਐਮ. ਐਲ. ਏ. ਸਾਹਿਬ ਕੋ। ਪਹਿਲੇ ਤੋ ਸਾਰੀ ਬਸਤੀ ਉਜਾੜੀ ਭੀ ਆਪ। ਫਿਰ ਵਿਧਵਾਓਂ ਕੇ ਲੀਏ, ਸਰਕਾਰ ਸੇ ਪੈਸੇ ਲੇ ਕਰ ਆਸ਼ਰਮ ਬਣਾ ਦਿਆ। ਵੋ ਖੁਦ ਭੀ ਐਸ਼ ਕਰਤਾ ਹੈ ਔਰ ਹਮੇ ਭੀ ਕਰਾਤਾ ਹੈ । ਵੋ ਉਨ ਸੇ ਧੰਧਾ ਕਰਵਾਤਾ ਹੈ। ਔਰ ਪੁਲਿਸ ਕੀ ਕਿਆ ਮਜਾਲ ਆਂਖ ਉਠਾਕੇ ਭੀ ਦੇਖ ਸਕੇ। ਉਸਕੀ ਖੋਲੀਓਂ ਮੇਂ ਏਕ ਸੇ

ਏਕ ਔਰਤ ਬੜ੍ਹ ਕਰ ਹੈ। ਜਬ ਮੈਂ ਇਕ ਖੋਲੀ ਮੇਂ ਗਇਆ ਤੋ ਇਕ ਸਰਦਾਰਨੀ ਬੋਲੀ. "ਅਰੇ ਅਗਰ ਤੂਨੇ ਮੇਰਾ ਸੰਗ ਕਰਨਾ ਹੈ ਤੋ ਪੰਜਾਸ ਰੁਪਏ ਔਰ ਅਗਰ ਮੇਰੀ ਬਹੂ ਕੇ ਸਾਥ ਤੋ ਸੌ ਰੁਪਏ। ਜਬ ਮੈਂਨੇ ਉਸਕੀ ਬਹੂ ਕੋ ਦੇਖਾ ਤੋ ਦੇਖਤਾ ਰਹਿ ਗਿਆ। ਮੈਂਨੇ ਝਟ ਸੇ ਸੌ ਰੁਪਏ ਉਸਕੀ ਹਥੇਲੀ ਪਰ ਰਖ ਦਿਏ। ਹਾਏ ਕਿਆ ਬਦਨ ਥਾ ਸਾਲੀ ਕਾ, ਮਖਣ ਸੇ ਪਾਲਾ ਹੁਆ। ਬਸ ਯਾਰ ਪੂਛੋ ਮਤ, ਮਜਾ ਆ ਗਿਆ......"

ਇਕਬਾਲ ਹੋਰ ਨਾ ਸੁਣ ਸਕਿਆ। ਉਹਨੂੰ ਇੰਜ ਲਗਾ ਜਿਵੇਂ ਇਹ ਸਾਰੇ ਉਹਨੂੰ ਗਾਲਾਂ ਕੱਢ ਰਹੇ ਹੋਣ।

ਉਹਨੂੰ ਯਕੀਨ ਨਹੀਂ ਸੀ ਆਉਂਦਾ ਕਿ ਸਰਦਾਰਾਂ ਦੀਆਂ ਜਾਈਆਂ ਭੀ ਇਹੋ ਜਿਹਾ ਕੰਮ ਕਰਦੀਆਂ ਹੋਣਗੀਆਂ। ਉਹਨੇ ਸੋਚਿਆ ਸ਼ਾਇਦ ਉਹਨੂੰ ਚਿੜਾਉਣ ਵਾਸਤੇ ਹੀ ਉਹ ਜਾਣ ਬੁਝਕੇ ਗੱਪਾਂ ਮਾਰ ਰਹੇ ਹੋਣ। ਇਹ ਹੀ ਸੋਚਾਂ ਸੋਚਦਾ ਹੋਇਆ ਉਹ ਬਸਤੀ ਵੱਲ ਨੂੰ ਚਲ ਪਿਆ।

ਨੇੜੇ ਜਾਕੇ ਟਰੱਕ ਖੜਾ ਕਰਕੇ ਉਹ ਪੈਦਲ ਚਲਣ ਲਗ ਪਿਆ। ਪਰ ਸਾਰਾ ਇਲਾਕਾ ਅਜੀਬ ਜਿਹਾ ਲਗਾ। ਇਹ ਹੁਣ ਬਸਤੀ ਘੱਟ ਤੇ ਖੰਡਰ ਜ਼ਿਆਦਾ ਲਗਦੇ ਸਨ। ਕੋਈ ਭੀ ਸੜਕ ਤੇ ਤੁਰਦਾ ਫਿਰਦਾ ਨਹੀਂ ਸੀ ਦਿਸ ਰਿਹਾ। ਢੱਠੇ ਹੋਏ ਮਕਾਨ, ਕਈ ਘਰ ਧੁਆਂਖੇ ਹੋਏ। ਇਕ ਦੋ ਹਿੰਦੂਆਂ ਦੇ ਘਰ ਆਏ ਜੋ ਕਿ ਬਾਹਰ ਘਰ ਮੂਹਰੇ ਬੈਠੇ ਸਨ। ਉਹ ਇਕਬਾਲ ਵਲ ਬੜਾ ਕੌੜਾ ਕੌੜਾ ਝਾਕ ਰਹੇ ਸੀ ਜਿਵੇਂ ਕਹਿ ਰਹੇ ਹੋਣ। ਇਹ ਕਿੱਦਾਂ ਬਚ ਗਿਆ। ਇਕਬਾਲ ਨੇ ਭੀ ਇਕ ਨਜ਼ਰ ਉਹਨਾਂ ਵਲ ਦੇਖਿਆ ਤੇ ਅਗਾਂਹ ਚਲਦਾ ਰਿਹਾ। ਅਚਾਨਕ ਇਕਬਾਲ ਨੂੰ ਠੁਡਾ ਲਗਾ ਤੇ ਉਹ ਡਿਗਦਾ ਡਿਗਦਾ ਬਚਿਆ। ਜਦੋਂ ਉਹਨੇ ਸੜਕ ਤੇ ਨਿਗਾਹ ਮਾਰੀ ਇਕ ਘੁੰਗਾ ਜਿਹਾ ਦਿਸਿਆ। ਉਹ ਉਹਨੂੰ ਪੁਟਣ ਲਗਾ ਕਿ ਕਿਸੇ ਹੋਰ ਦੇ ਨੰਗੇ ਪੈਰ ਵਿਚ ਆ ਬਜੇ। ਜਦ ਖਿੱਚਿਆ ਤਾਂ ਉਸ ਵਿਚੋਂ ਗੰਦੀ ਜਿਹੀ ਝਾਂਝਰ ਨਿਕਲੀ। ਉਹ ਝਾੜਕੇ ਜੇਬ ਵਿਚ ਪਾ ਲਈ। ਸਾਹਮਣੇ ਇਕ ਘਰ ਦਾ ਬੂਹਾ ਤਕਿਆ ਤੇ ਦਸ ਕੁ ਸਾਲਾਂ ਦਾ ਇਕ ਜੂੜੇ ਵਾਲਾ ਮੁੰਡਾ ਬਾਹਰ ਨਿਕਲਿਆ। ਇਕਬਾਲ ਉਸ ਘਰ ਵਲ ਨੂੰ ਤੁਰ ਪਿਆ। ਮੁੰਡਾ ਭਜਕੇ ਅੰਦਰ ਬੜ ਗਿਆ ਤੇ ਕੁੰਡਾ ਲਾ ਲਿਆ। ਪ੍ਰੀਤਮ ਕੌਰ ਕਹਿਣ ਲਗੀ, "ਕੀ ਗੱਲ ਹੈ।" ਮੁੰਡਾ ਕਹਿੰਦਾ, "ਬੀਬੀ ਕੋਈ ਓਪਰਾ ਜਿਹਾ ਬੰਦਾ ਐਧਰ ਨੂੰ ਔਂਦਾ ਹੈ।"

ਪ੍ਰੀਤਮ ਕੌਰ ਦੇਖਣ ਲਈ ਮੰਜੇ ਤੋਂ ਉਠੀ। ਐਨੇ ਨੂੰ ਬੂਹਾ ਖੜਕਿਆ। ਝੀਤਾਂ ਥਾਣੀ ਪ੍ਰੀਤਮ ਕੌਰ ਨੇ ਪਛਾਨਣ ਦੀ ਕੋਸ਼ਿਸ਼ ਕੀਤੀ। ਪਰ ਕੋਈ ਪਛਾਣ ਨਾ ਆਈ। ਫੇਰ ਸਰਦਾਰ ਦੇਖਕੇ ਬੂਹਾ ਖੋਹਲ ਦਿੱਤਾ।

'ਸਤ ਸਰੀ ਕਾਲ ਭੈਣ ਜੀ' ਇਕਬਾਲ ਨੇ ਕਿਹਾ।

'ਸਸਰੀ ਕਾਲ ਵੀਰਾ ਕੀ ਹਾਲ ਹੈ?' ਪ੍ਰੀਤਮ ਨੇ ਪੁੱਛਿਆ।

'ਜੀ ਮੈਂ ਪੰਜਾਬ ਤੋਂ ਆਇਆ ਹਾਂ। ਪਿਆਰਾ ਸਿੰਘ ਦਾ ਘਰ ਕੇਹੜਾ ਹੈ।'



"ਤੁਸੀਂ ਟੈਕਸੀ ਵਾਲੇ 'ਪਿਆਰੇ' ਦੀ ਗੱਲ ਕਰਦੇ ਹੋ ਜੇਹੜਾ ਤਾਰੋ ਦੇ ਘਰ ਵਾਲਾ ਸੀ।"

'ਸੀ' ਦੀ ਆਵਾਜ਼ ਇਕਬਾਲ ਨੂੰ ਗੋਲੀ ਵਾਂਗ ਲਗੀ, ਉਹ ਝਟ ਸੰਭਲਕੇ ਕਹਿਣ ਲਗਾ, " 'ਸੀ' ਦਾ ਕੀ ਮਤਲਬ। ਮੈਨੂੰ ਸਮਝ ਨਹੀਂ ਆਇਆ।"

ਪ੍ਰੀਤਮ ਕੌਰ ਕਹਿਣ ਲਗੀ, "ਉਹਨਾਂ ਦਾ ਘਰ ਤਾਂ ਔਹ ਸਾਹਮਣੇ ਵਾਲਾ ਸੀ।" ਇਕਬਾਲ ਨੇ ਨਿਗਾਹ ਮਾਰੀ ਹੁਣ ਧੁਆਖੇ ਖੰਡਰਾਂ ਤੋਂ ਬਿਨਾ ਕੁਛ ਭੀ ਨਹੀਂ ਸੀ। "ਤੁਸੀਂ ਅੰਦਰ ਲੰਘ ਆਉ।" ਇਕਬਾਲ ਅੰਦਰ ਲੰਘ ਆਇਆ ਤੇ ਪ੍ਰੀਤਮ ਕੌਰ ਨੇ ਝਟ ਕੁੰਡਾ ਮਾਰ ਦਿਤਾ। ਉਹਦੇ ਬੈਠਣ ਲਈ ਇਕ ਟੁੱਟੀ ਜਹੀ ਕੁਰਸੀ ਅਗੇ ਕਰ ਦਿੱਤੀ। ਇਕਬਾਲ ਬੈਠ ਗਿਆ।

ਪ੍ਰੀਤਮ ਕੌਰ ਨੇ ਚਾਹ ਪਾਣੀ ਪੁਛਿਆ। ਪਰ ਇਕਬਾਲ ਕਹਿੰਦਾ ਕਿ "ਮੈਂ ਹੁਣ ਹੀ ਢਾਬੇ ਤੋਂ ਪੀਕੇ ਆਇਆ ਹਾਂ" ਹੌਲੀ ਹੌਲੀ ਫੇਰ ਪ੍ਰੀਤਮ ਕੌਰ ਨੇ ਗੱਲ ਦਸਣੀ ਸ਼ੁਰੂ ਕੀਤੀ "ਪਿਆਰਾ ਤੇ ਮੇਰੇ ਘਰ ਵਾਲਾ ਦੋਨੋ ਚੰਗੇ ਦੋਸਤ ਸਨ। ਬਹੁਤ ਲੋਕ ਤਾਂ ਉਹਨਾਂ ਨੂੰ ਭਰਾ ਹੀ ਸਮਝਦੇ ਸਨ। ਮੇਰੇ ਘਰ ਵਾਲੇ ਨੇ ਹੀ ਉਹਦੀ ਟੈਕਸੀ ਪੁਆਈ ਸੀ।"

ਇਕਬਾਲ ਕਹਿਣ ਲਗਾ, 'ਜੀ ਤੁਸੀਂ ਸੁੱਚੇ ਦੇ ਘਰੋਂ ਤਾਂ ਨਹੀਂ?'

'ਹਾਂ ਤੁਸੀਂ ਜਾਣਦੇ ਸੋ ਉਹਨਾਂ ਨੂੰ' ਪ੍ਰੀਤਮ ਨੇ ਕਿਹਾ।

"ਹਾਂ ਮੈਂ ਪਿਆਰੇ ਦੇ ਨਾਲ ਕਈ ਵਾਰ ਉਹਨਾਂ ਨੂੰ ਮਿਲਿਆ ਹਾਂ ਅੱਡੇ ਤੇ, ਪਿਆਰੇ ਦੇ ਵਿਆਹ ਤੇ ਉਹ ਬਰਾਤੇ ਭੀ ਗਿਆ ਸੀ।"

ਪ੍ਰੀਤਮ ਕੌਰ ਨੂੰ ਇੰਜ ਲਗਾ ਜਿਵੇਂ ਅਜ ਮਹੀਨਿਆਂ ਮਗਰੋਂ ਉਹਨੂੰ ਕੋਈ ਆਪਣਾ ਮਿਲ ਗਿਆ ਹੁੰਦਾ ਹੈ।

ਉਹਦੇ ਦਿਲ ਵਿਚ ਜੋ 'ਓਪਰੇ' ਬੰਦੇ ਦਾ ਥੋਹੜਾ ਬਹੁਤ ਡਰ ਸੀ ਉਹ ਭੀ ਦੂਰ ਹੋ ਗਿਆ।

ਇਕ ਵਡਾ ਸਾਰਾ ਹਉਕਾ ਲੈਕੇ ਪ੍ਰੀਤਮ ਕੌਰ ਕਹਿਣ ਲਗੀ :

"ਹਾਂ ਵੀਰਾ ਗਿਆ ਸੀ ਉਹ ਭੀ ਬਰਾਤੇ। ਪਿਆਰਾ ਤਾਰੋ ਨਾਲ ਵਿਆਹ ਕਰਵਾਕੇ ਬਹੁਤ ਖੁਸ਼ ਸੀ। ਬਹੁਤ ਸੋਹਣੀ ਜੋੜੀ ਸੀ। ਏਥੇ ਵਿਆਹ ਦੇ ਮਗਰੋਂ ਉਹਨੇ ਕਾਫੀ ਵੱਡੀ ਪਾਰਟੀ ਕੀਤੀ। ਤਾਰੋ ਕਾਫੀ ਸਮਾਂ ਮੇਰੇ ਕੋਲ ਹੀ ਗੁਜ਼ਾਰਦੀ ਸੀ। ਸਾਰਾ ਦਿਨ ਅਪਣੇ ਪਿੰਡ ਦੀਆਂ ਗੱਲਾਂ ਸੁਣੌਂਦੀ। ਰੋਜ ਸ਼ਾਮ ਨੂੰ ਪਿਆਰਾ ਕਦੇ ਉਹਨੂੰ ਬਾਹਰ ਖਾਣਾ ਖਿਲੌਣ ਲੈ ਜਾਂਦਾ। ਕਦੇ ਸੈਰ ਕਰੌਣ ਤੇ ਕਦੇ ਫਿਲਮ ਦੇਖਣ ਵਾਸਤੇ। ਹਾਲੇ ਤਕ ਤਾਰੋ ਨੇ ਕਦੇ ਸ਼ਾਮ ਦਾ ਖਾਣਾ ਘਰੇ ਨਹੀਂ ਸੀ ਪਕਾਇਆ।"

"ਜਿਸ ਦਿਨ ਇੰਦਰਾ ਮਰੀ ਹੈ ਤਾਂ ਉਸ ਦਿਨ ਮੇਰੇ ਕੋਲ ਹੀ ਸੀ ਦੁਪਹਿਰ ਨੂੰ। ਉਸ ਦਿਨ ਸ਼ਾਮ ਨੂੰ ਉਹਨਾਂ ਨੇ ਨਵੀਂ ਫਿਲਮ ਦੇਖਣ ਜਾਣਾ ਸੀ ਤੇ ਘਰ ਦਾ ਕੁਛ ਸਮਾਨ ਖਰੀਦਣਾ ਸੀ। ਪਿਆਰਾ ਕਹਿ ਗਿਆ ਤੂੰ ਪੰਜ ਵਜੇ ਤਿਆਰ ਰਹੀਂ। ਤਾਰੋ ਚਾਰ ਕੁ ਵਜੇ

ਹੀ ਸਜ ਧੱਜ ਕੇ ਬਹਿ ਗਈ। ਇੰਜ ਲਗਦਾ ਸੀ ਜਿਵੇਂ ਹੁਣੇ ਹੁਣੇ ਹੀ ਡੋਲੀ ਚੋਂ ਉਤਰੀ ਹੋਵੇ। ਉਸਨੇ ਵਿਆਹ ਵਾਲਾ ਸੂਟ ਪਾਇਆ ਹੋਇਆ ਸੀ। ਮੈਂ ਤਾਂ ਕਾਕੇ ਨੂੰ ਲੈਕੇ ਗੁਰਦਵਾਰੇ ਚਲੀ ਗਈ। ਮੈਂ ਉਹਨੂੰ ਜਾਣ ਵਾਸਤੇ ਕਿਹਾ ਭੀ। ਕਹਿਣ ਲਗੀ ਸਰਦਾਰ ਔਣ ਵਾਲਾ ਹੈ ਉਹ ਮੈਨੂੰ ਪੰਜ ਵਜੇ ਤਿਆਰ ਰਹਿਣ ਵਾਸਤੇ ਕਹਿ ਗਿਆ ਸੀ।

ਮੈਂ ਕਿਹਾ 'ਤਾਰੋ ਹੁਣ ਫਿਲਮ ਤਾਂ ਤੇਰੀ ਗਈ। ਅਜ ਸਿਨਮੇ ਤਾਂ ਸਾਰੇ ਬੰਦ ਹੋਏ ਹਨ।'

ਉਹ ਕਹਿੰਦੀ, 'ਚਲੋ ਕਿਤੇ ਤਾਂ ਲੈਕੇ ਜਾਊਗਾ ਹੀ। ਹੋਰ ਨੀ ਤਾਂ ਖਾਣਾ ਖਲਾਣ ਤਾਂ ਲੈਕੇ ਜਾਊਗਾ ਹੀ। ਮੈਂ ਤਾਂ ਕੁਛ ਨਹੀਂ ਪਕਾਇਆ।'

ਜਦੋਂ ਮੈਂ ਮੱਥਾ ਟੇਕ ਕੇ ਗੁਰਦਵਾਰੇ 'ਚੋ ਬਾਹਰ ਆਉਣ ਲਗੀ ਤਾਂ ਬਾਹਰ ਲੋਕਾਂ ਦੀ ਕਾਫੀ ਭੀੜ ਸੀ। ਪਹਿਲਾਂ ਤਾਂ ਉਹ ਓਦਾਂ ਬਕਵਾਸ ਹੀ ਕਰਦੇ ਸੀ। ਫੇਰ ਪੱਥਰ ਸੁਟਣ ਲਗ ਗਏ ਤੇ ਅੱਗਾਂ ਲੌਣ ਲਗ ਪਏ। ਤਿੰਨ ਦਿਨ ਤਾਂ ਗੁਰਦਵਾਰੇ ਵਿਚ ਹੀ ਕੱਟੇ।

ਤੇ ਫਰੇ ਜਦ ਘਰ ਆਕੇ ਦੇਖਿਆ ਤਾਂ ਸਾਡੀ ਦੁਨੀਆਂ ਹੀ ਉਜੜ ਚੁੱਕੀ ਸੀ।"

ਇਹ ਕਹਿੰਦਿਆਂ ਕਹਿੰਦਿਆਂ ਪ੍ਰੀਤਮ ਕੌਰ ਦਾ ਗਲਾ ਭਰ ਆਇਆ। ਇਕਬਾਲ ਪੱਥਰ ਵਾਂਗੂ ਬੈਠਾ ਸੁਣੀ ਜਾ ਰਿਹਾ ਸੀ। ਬਿਨਾ ਹੂੰ ਜਾਂ ਹਾਂ ਕਹੇ ਤੋਂ ਪ੍ਰੀਤਮ ਕੌਰ ਨੇ ਪਾਣੀ ਦਾ ਘੁਟ ਪੀਕੇ ਫੇਰ ਦੱਸਣਾ ਸ਼ੁਰੂ ਕੀਤਾ।

"ਬਾਦ ਵਿਚ ਅਸੀਂ ਇਕ ਕੈਂਪ 'ਚ ਚਲੇ ਗਏ। ਕਿਸੇ ਦਾ ਕੋਈ ਪਤਾ ਨਹੀਂ ਸੀ। ਮੇਰਾ ਬਾਪ ਤਿੰਨ ਭਾਈ ਤੇ ਉਹਨਾਂ ਦੇ ਬਚਿਆਂ ਸਮੇਤ ਸਾਰੇ ਮਾਰੇ ਗਏ। ਉਹਨਾਂ ਸਭ ਨੂੰ ਘਰ ਦੇ ਅੰਦਰ ਹੀ ਅੱਗ ਲਾਕੇ ਸਾੜ ਦਿੱਤਾ। ਅਸੀਂ ਪਤਾ ਨਹੀਂ ਕਾਹਦੇ ਲਈ ਦੋਨੋ ਜਣੇ ਬਚ ਗਏ। ਹੁਣ ਪ੍ਰੀਤਮ ਕੌਰ ਦੀਆਂ ਅੱਖਾਂ 'ਚੋਂ ਪਾਣੀ ਧਾਰਾਂ ਬਣਕੇ ਚਲ ਰਿਹਾ ਸੀ। ਦਿਲ ਵਿਚ ਛੁਪਾਈ ਪੀੜ ਲੁਕਾਇਆਂ ਭੀ ਨਹੀਂ ਲੁਕਦੀ ਸੀ। ਹੋਲੀ ਹੋਲੀ ਖੁਦ ਨੂੰ ਸੰਭਾਲਕੇ ਫਿਰ ਬੋਲੀ, "ਮੈਨੂੰ ਬਾਦ 'ਚ ਪਤਾ ਲਗਾ ਕਿ ਮੇਰੇ ਘਰ ਵਾਲੇ ਨੂੰ ਤੇ ਪਿਆਰੇ ਨੂੰ ਬਾਕੀ ਟੈਕਸੀ ਡਰਾਈਵਰਾਂ ਦੇ ਨਾਲ ਹੀ ਟੈਕਸੀ ਅੱਡੇ ਤੇ ਘੇਰ ਕੇ ਟੈਕਸੀਆਂ ਦੇ ਨਾਲ ਹੀ ਮਾਰਕੇ ਸਾੜ ਦਿੱਤਾ।

ਸਾਡੇ ਇਲਾਕੇ ਦਾ ਐਮ. ਐਲ. ਏ. 'ਭਗਤ ਰਾਮ' ਭੀੜ ਦੇ ਨਾਲ ਸੀ। ਪਹਿਲਾਂ ਤਾਂ ਲੋਕਾਂ ਨੇ ਸੋਚਿਆ ਸ਼ਾਇਦ ਉਹ ਮਦਦ ਲਈ ਆਇਆ ਹੈ ਕਿਉਂਕਿ ਕਿਤੇ ਕਿਤੇ ਰੋਲੇ ਪੈ ਰਹੇ ਸਨ। ਕਹਿੰਦੇ ਤਕਰੀਬਨ ਪੰਜ ਕੁ ਬਜੇ ਪੰਜਾਹ ਸਠ ਬੰਦੇ ਨਾਲ ਲੈਕੇ ਸਾਡੇ ਇਲਾਕੇ ਵਿਚ ਵੜਿਆ। ਉਹਦੇ ਕੋਲ ਹਰ ਇਕ ਸਿੱਖ ਦੇ ਘਰ ਦੀ ਲਿਸਟ ਸੀ। ਇਹ ਤਾਂ ਵੀਰਾ ਤੁਸਾਂ ਸੁਣਿਆ ਹੀ ਹੈ ਜੋ ਏਥੇ ਬੀਤੀ ਹੈ ਪਰ ਸਾਡੇ ਤਾਂ ਇਹ ਹਡਾਂ ਨਾਲ ਬੀਤੀ ਹੈ।

ਪੰਜ ਕੁ ਬਜੇ ਉਹਨਾਂ ਨੇ ਆਕੇ ਪਿਆਰੇ ਦੇ ਘਰ ਦਾ ਕੁੰਡਾ ਖੜਕਾਇਆ। ਤਾਰੋ ਨੇ ਡਰਕੇ ਘਰ ਦਾ ਕੁੰਡਾ ਖੋਲ੍ਹਿਆ। ਇਹ ਸੋਚਕੇ ਕਿ ਸ਼ਾਇਦ ਪਿਆਰਾ ਆ ਗਿਆ ਪਰ ਜਦ ਬੂਹਾ ਖੋਲ੍ਹਿਆ ਤਾਂ ਅੱਗੇ ਘਰ ਦੇ ਸਾਹਮਣੇ ਕਾਫੀ ਭੀੜ ਸੀ। ਪਹਿਲਾਂ ਤਾਂ ਤਾਰੋ ਡਰ



ਗਈ ਪਰ ਜਦੋਂ ਉਹਨੇ ਭਗਤ ਰਾਮ ਨੂੰ ਸਾਹਮਣੇ ਖੜਾ ਦੇਖਿਆ ਤਾਂ ਕੁਛ ਹੌਸਲਾ ਹੋਇਆ। ਕੁਛ ਦਿਨ ਪਹਿਲਾਂ ਤਾਂ ਉਹ ਇਹਨਾਂ ਦੀ ਵਿਆਹ ਦੀ ਪਾਰਟੀ ਤੇ ਆਕੇ ਗਿਆ ਸੀ ਤੇ ਪਿਆਰੇ ਨੇ ਉਹਦੀ ਜਾਣ ਪਛਾਣ ਕਰਵਾਈ ਸੀ ਇਹ ਕਹਿਕੇ, "ਇਹ ਇਸ ਇਲਾਕੇ ਦੇ ਐਮ. ਐਲ. ਏ. ਹਨ ਪਰ ਹਨ ਯਾਰਾਂ ਦੇ ਯਾਰ।"

ਭਗਤ ਰਾਮ ਕਹਿ ਰਿਹਾ ਸੀ, 'ਭਾਬੀ ਜੀ ਪਿਆਰਾ ਤੋ ਹਮੇਂ ਭਾਇਓਂ ਸੇ ਭੀ ਬੜ੍ਹ ਕਰ ਹੈ। ਇਸਨੇ ਹਮਾਰੀ ਬਹੁਤ ਮਦਦ ਕੀ ਥੀ ਪਿਛਲੇ ਚੁਨਾਵ ਮੇਂ।'

ਤਾਰੋ ਨੂੰ ਉਹਦੇ ਇਹ ਬੋਲ ਯਾਦ ਸਨ। ਤਾਰੋ ਕਹਿਣ ਲਗੀ, "ਐਮ. ਐਲ. ਏ. ਸਾਹਬ ਉਹ ਤਾਂ ਘਰੇ ਨਹੀਂ।"

ਭਗਤ ਰਾਮ ਨੇ ਹਵਸ ਭਰੀਆਂ ਅੱਖਾਂ ਨਾਲ ਤਾਰੋ ਵਲ ਤਕਿਆ ਤੇ ਕਹਿਣ ਲਗਾ, 'ਹਾਂ ਹਮੇ ਮਾਲੂਮ ਹੈ। ਹਮ ਹੀ ਉਸਕੋ ਟਿਕਾਣੇ ਲਗਾਕੇ ਆਏ ਹੈਂ।' ਫੇਰ ਨਾਲ ਦਿਆਂ ਨੂੰ ਮੁਖਾਤਿਬ ਹੋਕੇ ਕਹਿਣ ਲਗਾ, 'ਅਰੇ ਦੇਖਤੇ ਕਿਆ ਹੋ ਲੂਟ ਲੋ ਇਸ ਘਰ ਕੋ। ਸਾਲੇ ਕੋ ਬਹੁਤ ਦਾਜ ਔਰ ਉਪਹਾਰ ਮਿਲੇ ਹੈਂ। ਔਰ ਇਸਕੇ ਸਾਥ ਹਮ ਸੁਹਾਗਰਾਤ ਮਨਾਏਂਗੇ।' ਇਹ ਕਹਿੰਦੇ ਹੋਏ ਉਨੇ ਝਟ ਤਾਰੋ ਦੀ ਬਾਂਹ ਫੜ ਲਈ ਤੇ ਖਿੱਚਕੇ ਉਹਨੂੰ ਅੰਦਰ ਵਲ ਲੈ ਜਾਣ ਲਗਾ।

ਤਾਰੋ ਨੇ ਇਕ ਦਮ ਝਟਕਾ ਮਾਰਕੇ ਬਾਂਹ ਛੁੜਾ ਲਈ ਤੇ ਭੀੜ ਦੇ ਵਿਚੋਂ ਦੀ ਹੁੰਦੀ ਹੋਈ ਬਾਹਰ ਨੂੰ ਭਜ ਗਈ 'ਬਚਾਉ ਬਚਾਉ' ਦਾ ਰੌਲਾ ਪੌਂਦੀ ਹੋਈ।

ਭੀੜ ਵਿਚੋਂ ਦੀ ਲੰਘਦੀ ਦੇ ਲੋਕਾਂ ਦੇ ਚੁੰਢੀ ਚਪਟੇ ਨਾਲ ਉਹਦੀ ਚੁੰਨੀ ਲਹਿ ਗਈ ਤੇ ਲੀੜੇ ਭੀ ਪਾਟ ਗਏ ਉਹ ਤਕਰੀਬਨ ਅੱਧ ਨੰਗੀ ਸੜਕ ਤੇ ਭਜ ਤੁਰੀ ਤੇ ਪਿੱਛੇ ਉਹਦੇ ਭੀੜ।

ਭਗਤ ਰਾਮ ਨੇ ਫੇਰ ਜ਼ੋਰ ਨਾਲ ਕਿਹਾ, "ਪਕੜ ਲੋ ਸਾਲੀ ਕੋ ਭਾਗਨੇ ਨਾ ਪਾਏ। ਭਾਗ ਕਰ ਯੇ ਜਾਵੇਗੀ ਭੀ ਕਹਾਂ।" ਤਾਰੋ ਭੀੜ ਤੋਂ ਕਾਫੀ ਅਗੇ ਲੰਘ ਗਈ। ਪੰਜ ਛੇ ਜਵਾਨ ਮੁੰਡੇ ਭੀੜ 'ਚੋਂ ਨਿਕਲ ਕੇ ਉਹਦੇ ਪਿੱਛੇ ਭਜ ਤੁਰੇ। ਇੰਜ ਲਗਦਾ ਸੀ ਜਿਵੇਂ ਜੰਗਲ ਨੂੰ ਅੱਗ ਲਗੀ ਹੋਵੇ ਤੇ ਕਿਸੇ ਹਿਰਨੀ ਦੇ ਪਿਛੇ ਸ਼ਿਕਾਰੀ ਕੁੱਤੇ ਹੋਣ। ਜੇਹਦੇ ਬਿਚਾਰੀ ਦੇ ਅੱਗੇ ਭੀ ਮੌਤ ਤੇ ਪਿੱਛੇ ਭੀ ਮੌਤ।

"ਲੋਕ ਕਹਿੰਦੇ ਹਨ ਕਿ ਉਹ ਉਹਨਾਂ ਦੇ ਹੱਥ ਨਾ ਆਈ ਤੇ ਦਰਿਆ ਵੱਲ ਹੋ ਤੁਰੀ। ਥੋੜ੍ਹੀ ਦੇਰ ਬਾਦ ਉਹਦੀਆਂ ਚੀਕਾਂ ਭੀ ਦੂਸਰੀਆਂ ਬੇਬਸ ਔਰਤਾਂ ਦੀਆਂ ਚੀਕਾ ਵਿਚ ਗੁੰਮ ਗਈਆਂ। ਕੌਣ ਸੀ ਸੁਣਨ ਵਾਲਾ ? ਸੁਣਨ ਵਾਲਿਆਂ ਨੂੰ ਤਾਂ ਉਹ ਪਹਿਲਾਂ ਹੀ ਮਾਰ ਚੁੱਕੇ ਸਨ। ਬਾਦ ਵਿਚ ਮੈਂ ਉਹਨੂੰ ਸਾਰੇ ਕੈਂਪਾਂ ਵਿਚ ਭਾਲਿਆ ਪਰ ਉਹ ਕਿਤੇ ਨਹੀਂ ਲਭੀ। ਨਾ ਹੀ ਉਹਦੀ ਲਾਸ਼।"

"ਕੋਈ ਕਹਿੰਦਾ ਹੈ ਉਹਨੇ ਦਰਿਆ ਵਿਚ ਛਾਲ ਮਾਰ ਦਿੱਤੀ। ਕੋਈ ਕਹਿੰਦਾ ਹੈ ਐਮ. ਐਲ. ਏ. ਦੇ ਬੰਦਿਆਂ ਨੇ ਉਹਦੀ ਇੱਜ਼ਤ ਲੁੱਟ ਕੇ ਉਹਨੂੰ ਮਾਰਕੇ ਜਾਲ ਦਿੱਤਾ। ਕੋਈ

ਕਹਿੰਦਾ ਹੈ ਉਹ ਹਾਲੇ ਭੀ ਐਮ. ਐਲ. ਏ. ਕੋਲ ਬਾਕੀ ਕਈ ਔਰਤਾਂ ਨਾਲ ਕੈਦ ਹੈ। ਜਿਹਨੂੰ ਨਾਂ ਤੇ ਉਹਨੇ ਆਸ਼ਰਮ ਦਾ ਦਿੱਤਾ ਹੈ ਪਰ ਸਭ ਤੋਂ ਧੰਧਾ ਕਰਵਾਉਂਦਾ ਹੈ।"

ਇਕਬਾਲ ਹੋਰ ਨਾ ਸੁਣ ਸਕਿਆ। ਇਕ ਦਮ ਖੜਾ ਹੋ ਗਿਆ ਤੇ ਕਹਿਣ ਲਗਾ। "ਮੇਰਾ ਜੀ ਘਾਬਰਦਾ ਹੈ, ਮੇਰਾ ਤਾਂ ਦਿਲ ਘਟਦਾ ਹੈ, ਬਾਹਰ ਥੋਹੜਾ ਚਿਰ ਘੁੰਮ ਆਵਾਂ। ਕੁਛ ਦਿਲ ਠੰਡਾ ਹੋ ਜਾਵੇਗਾ।"

ਪ੍ਰੀਤਮ ਕੌਰ ਕਹਿਣ ਲਗੀ, 'ਵੀਰਾ ਤੈਨੂੰ ਕੀ ਪਤਾ ਹੈ ਠੰਡਾ ਮੌਸਮ ਹੋ ਜਾਣ ਨਾਲ ਦਿਲਾਂ ਵਿਚ ਠੰਡ ਤਾਂ ਨਹੀਂ ਪੈਂਦੀ। ਤੁਹਾਨੂੰ ਕੀ ਪਤਾ ਜੋ ਸਾਡੇ ਅੰਦਰ ਭਾਂਬੜ ਮਚਦੇ ਹੈ। ਇਹਨਾਂ ਪੋਹ ਮਾਘ ਦੀਆਂ ਰਾਤਾਂ ਵਿਚ ਹਾੜ ਵਰਗੀ ਤਪਸ਼ ਹੈ।'

ਇਹ ਕਹਿੰਦੇ ਹੋਏ ਪ੍ਰੀਤਮ ਕੌਰ ਰੋਟੀ ਟੁਕ ਬਨਾਉਣ ਲਈ ਉਠ ਖਲੋਤੀ ਤੇ ਕਹਿਣ ਲਗੀ, 'ਚੰਗਾ ਵੀਰਾ! ਤੂੰ ਘੁਮ ਫਿਰ ਆ ਅਜ ਜਾਣਾ ਕਿਤੇ ਨਹੀਂ ਰਾਤ ਸਾਡੇ ਕੋਲ ਹੀ ਰਹੀਂ।'

ਇਕਬਾਲ ਕਹਿੰਦਾ, "ਹਾਂ ਰਾਤ ਤਾਂ ਕਿਤੇ ਕੱਟਣੀ ਹੀ ਹੈ ਪਰ ਤੁਹਾਨੂੰ ਤਕਲੀਫ ਨਹੀਂ ਦੇਣਾ ਚਾਹੁੰਦਾ......"

ਪ੍ਰੀਤਮ ਕੌਰ ਉਹਦੀ ਗਲ ਟੋਕ ਕੇ ਕਹਿਣ ਲਗੀ, "ਕੋਈ ਬਹਾਨਾ ਨਹੀਂ ਚਲਣਾ। ਜੇ ਤਾਰੋ ਨੂੰ ਪਤਾ ਚਲ ਗਿਆ ਕਿ ਮੈਂ ਤੁਹਾਨੂੰ ਰਖਿਆ ਨਹੀਂ ਤੇ ਰੋਟੀ ਖਿਲਾਏ ਬਗੈਰ ਹੀ ਤੋਰ ਦਿੱਤਾ ਤਾਂ ਉਹਨੇ ਮੈਨੂੰ ਛਡਣਾ ਨਹੀਂ। ਨਾਲੇ ਜੇ ਤਾਰੋ ਹੁੰਦੀ ਫੇਰ ਤਾਂ ਰਹਿੰਦੇ ਨਾ। ਉਹਨੇ ਤਾਂ ਚਾ ਨਾਲ ਕਮਲੀ ਹੋ ਜਾਣਾ ਸੀ ਕਿ ਸਾਡੇ ਪਿੰਡੋਂ ਕੋਈ ਆਇਆ ਹੈ।" ਇਕਬਾਲ ਨੂੰ ਕੋਈ ਜਵਾਬ ਨਾ ਆਇਆ ਤੇ ਕਹਿਣ ਲਗਾ, "ਚੰਗਾ ਮੈਂ ਹੁਣੇ ਆਇਆ। ਮੈਂ ਭਾਲੂੰਗਾ ਤਾਰੋ ਨੂੰ।"

ਪ੍ਰੀਤਮ ਕੌਰ ਕਹਿਣ ਲਗੀ, "ਕਿਥੇ ਭਾਲੇਂਗਾ ਵੀਰਾ ! ਅਸੀਂ ਤਾਂ ਸਾਰੇ ਭਾਲ ਚੁਕੇ ਹਾਂ। ਦੇਖੀ ਕਿਤੇ ਉਹਨੂੰ ਭਾਲਦਾ ਭਾਲਦਾ ਤੂੰ ਖੁਦ ਨਾ ਗੁਆਚ ਜਾਈਂ। ਇਹਨਾਂ ਜਾਲਮਾਂ ਦਾ ਹਾਲੇ ਭੀ ਕੋਈ ਪਤਾ ਨਹੀਂ ਹਨੇਰੇ ਸਵੇਰੇ ਫੇਰ ਬਾਰ ਕਰ ਜਾਂਦੇ ਹਨ।"

ਪ੍ਰੀਤਮ ਕੌਰ ਨੂੰ ਇੰਜ ਲਗਦਾ ਸੀ ਜਿਵੇਂ ਗੱਲਾਂ ਕਰਕੇ ਉਹਦੇ ਮਨ 'ਚੋਂ ਹਜ਼ਾਰਾਂ ਮਣ ਭਾਰ ਲਹਿ ਗਿਆ ਹੋਵੇ। ਇਕਬਾਲ ਉਹਦੀ ਗਲ ਅਣਸੁਣੀ ਕਰਕੇ ਬਾਹਰ ਨੂੰ ਤੁਰ ਪਿਆ ਤੇ ਗਲੀ ਵਿਚ ਆ ਗਿਆ। ਇੰਜ ਲਗਦਾ ਸੀ ਜਿਵੇਂ ਉਹ ਤਾਰੋ ਦੀ ਪੈੜ ਭਾਲ ਰਿਹਾ ਹੋਵੇ। ਫੇਰ ਅਚਨਚੇਤ ਹੀ ਉਹ ਦਰਿਆ ਵਲ ਨੂੰ ਤੁਰ ਗਿਆ। ਕਿੰਨੀ ਦੇਰ ਦਰਿਆ ਦੇ ਕੰਢੇ ਖੜਾ ਛੁਪਦਾ ਸੂਰਜ ਦੇਖਦਾ ਰਿਹਾ। ਉਹਦੇ ਦਿਮਾਗ ਵਿਚ ਦਰਿਆ ਦੀਆਂ ਛੱਲਾਂ ਵਾਂਗ ਕਾਫੀ ਉਤਾਰ ਚੜ੍ਹਾਅ ਆ ਰਹੇ ਸੀ ਤੇ ਜਦੋਂ ਉਹ ਘਰ ਵਲ ਨੂੰ ਮੁੜਨ ਲਗਾ ਤੇ ਉਹਦੀ ਨਿਗਾਹ ਲਾਗੇ ਝਾੜੀਆਂ 'ਚ ਪਈ। ਇਕ ਹੱਡੀ ਜਹੀ ਉਹਨੂੰ ਦਿਸੀ ਜਦੋਂ ਨੇੜੇ ਜਾਕੇ ਦੇਖਿਆ ਤਾਂ ਕਾਫੀ ਬਦਬੂ ਆ ਰਹੀ ਸੀ। ਉਹਨੂੰ ਉਲਟੀ ਆਉਣ ਲਗੀ। ਉਹ ਨੱਕ ਤੇ ਰੁਮਾਲ ਰਖਕੇ ਹੋਰ ਅਗਾਂਹ ਵਧਿਆ। ਜੋ ਉਸਨੇ ਦੇਖਿਆ ਉਸਨੂੰ ਦੇਖਕੇ ਠਠੰਬਰ



ਗਿਆ। ਉਥੇ ਇਕ ਬੰਦੇ ਦਾ ਪੂਰਾ ਢਾਂਚਾ ਪਿਆ ਸੀ ਜਿਸਨੂੰ ਕੁੱਤਿਆਂ ਜਾਂ ਜੰਗਲੀ ਜਾਨਵਰਾਂ ਨੇ ਖਾਧਾ ਹੋਇਆ ਸੀ। ਜਦ ਉਸਨੇ ਪੈਰਾਂ ਵਲ ਨਿਗਾਹ ਮਾਰੀ ਤਾਂ ਉਹਦੇ ਇਕ ਪੈਰ ਵਿਚ ਝਾਂਜਰ ਸੀ। ਇਕਬਾਲ ਨੇ ਝਟ ਝਾਂਝਰ ਆਪਣੀ ਜੇਬ 'ਚੋਂ ਕਢੀ ਤਾਂ ਬਿਲਕੁਲ ਉਹਦੇ ਨਾਲ ਦੀ ਸੀ। ਇਕਬਾਲ ਨੂੰ ਜ਼ਿਆਦਾ ਦੇਰ ਨਾ ਲਗੀ ਇਹ ਸੋਚਣ ਵਿਚ ਕਿ ਇਹ ਇਸ ਝਾਂਜਰ ਵਾਲੀ ਦੀ ਹੀ ਲਾਸ਼ ਹੈ। ਇਕਬਾਲ ਜਦੋਂ ਮੁੜਕੇ ਪ੍ਰੀਤਮ ਕੌਰ ਦੇ ਘਰ ਆਇਆ ਤਾਂ ਉਸਨੇ ਉਹਨੂੰ ਇਹ ਗੱਲ ਦੱਸੀ। ਪ੍ਰੀਤਮ ਕੌਰ ਵਾਸਤੇ ਇਹ ਗੱਲ ਕੋਈ ਨਵੀਂ ਨਹੀਂ ਸੀ। ਜਦੋਂ ਭੀ ਕਿਤੇ ਬਾਹਰ ਜਾਂਦੇ, ਬੰਦਿਆਂ ਦੀਆਂ ਹੱਡੀਆਂ ਆਮ ਮਿਲਦੀਆਂ ਰਹਿੰਦੀਆਂ ਪਰ ਜਦੋਂ ਉਹਨੇ ਝਾਂਜਰ ਕੱਢਕੇ ਪ੍ਰੀਤਮ ਕੌਰ ਨੂੰ ਦਿਖਾਈ ਤਾਂ ਉਹ ਰੋਣ ਲਗ ਪਈ। ਕਹਿੰਦੀ, 'ਇਹ ਝਾਂਜਰ ਤਾਂ ਤਾਰੋ ਦੀ ਹੈ ਸ਼ੇਰ ਦੇ ਮੂੰਹ ਵਾਲੀ। ਇਹ ਉਹਨੂੰ ਪਿਆਰੇ ਨੇ ਪਾਰਟੀ ਵਾਲੇ ਦਿਨ ਦਿੱਤੀ ਸੀ ਤੇ ਉਹ ਇਹ ਪਾਕੇ ਦੂਸਰੇ ਦਿਨ ਮੈਨੂੰ ਦਿਖੋਣ ਆਈ ਸੀ। ਬੜੀ ਖੁਸ਼ ਸੀ। ਵੇਹੜੇ 'ਚ ਭਜ ਭਜਕੇ ਛਣਕਾ ਰਹੀ ਸੀ ਜੁਆਕਾਂ ਵਾਂਗ। ਇਹ ਜਿਸ ਦਿਨ ਰੋਲਾ ਪਿਆ ਹੈ ਉਸ ਦਿਨ ਭੀ ਉਹਦੇ ਪੈਰਾਂ ਵਿਚ ਸੀ।' ਦੋਹਾਂ ਨੂੰ ਯਕੀਨ ਹੋ ਗਿਆ। ਇਹ ਲਾਸ਼ ਤਾਰੋ ਦੀ ਹੀ ਹੈ।

ਥੋੜ੍ਹਾ ਹਨੇਰਾ ਹੋਣ ਤੇ ਪ੍ਰੀਤਮ ਕੌਰ ਤੇ ਇਕਬਾਲ ਨੇ ਜਾ ਕੇ ਉਸ ਲਾਸ਼ ਨੂੰ ਇਕ ਪਲਾਸਟਿਕ ਵਿਚ ਲਪੇਟ ਕੇ ਇਕ ਬੋਰੀ ਵਿਚ ਪਾਇਆ ਤੇ ਘਰ ਲੈ ਆਏ।

ਦੂਸਰੇ ਦਿਨ ਤੜਕੇ ਹੀ ਇਕਬਾਲ ਨੇ ਉਹਨੂੰ ਆਪਣੇ ਟਰੱਕ ਵਿਚ ਰਖ ਲਿਆ, ਬਾਕੀ ਸਮਾਨ ਭਰਨ ਤੋਂ ਪਹਿਲਾਂ, ਤੇ ਪੰਜਾਬ ਵਲ ਨੂੰ ਲੈ ਤੁਰਿਆ।

ਸ਼ਾਮ ਨੂੰ ਜਦੋਂ ਸਮਾਨ ਲੁਧਿਆਣੇ ਲਾਹਕੇ ਉਹ ਪਿੰਡ ਪੁੱਜਾ ਤਾਂ ਸਿੱਧਾ ਭਗਵਾਨ ਸਿੰਘ ਦੇ ਘਰ ਗਿਆ ਤੇ ਲਿਜਾਕੇ ਟਰੱਕ ਉਹਦੇ ਘਰ ਦੇ ਮੂਹਰੇ ਖੜਾ ਕਰ ਦਿੱਤਾ ਤੇ ਬੋਰੀ ਲੈਕੇ ਥੱਲੇ ਉਤਰ ਆਇਆ।

ਭਗਵਾਨ ਸਿੰਘ ਨੇ ਪੁਛਿਆ, "ਬਾਲੀ ਕੁਛ ਪਤਾ ਲਗਾ ਤਾਰੋ ਦਾ।"

ਇਕਬਾਲ ਕੁਛ ਨਾ ਬੋਲਿਆ। ਪਰ ਉਹਦਾ ਚੇਹਰਾ ਤੇ ਪਾਣੀ ਭਰੀਆਂ ਅਖਾਂ ਦੇਖ ਕੇ ਭਗਵਾਨ ਸਿੰਘ ਸਹਿਮ ਗਿਆ ਤੇ ਕਹਿਣ ਲਗਾ, "ਕੁਛ ਦਸੇਂਗਾ ਭੀ ਕਿ ਨਹੀਂ।"

ਇਕਬਾਲ ਨੇ ਕਿਹਾ, "ਤਾਇਆ ਭਾਣਾ ਵਰਤ ਗਿਆ ਹੈ। ਤਾਰੋ ਇਸ ਦੁਨੀਆਂ ਵਿਚ ਨਹੀਂ। ਉਸ ਨੇ ਸਾਰੀ ਕਹਾਣੀ ਕਹਿ ਸੁਣਾਈ। ਅੰਤ ਨੂੰ ਉਹ ਬੋਰੀ ਉਹਨਾਂ ਦੇ ਅਗੇ ਧਰ ਦਿੱਤੀ। ਭਗਵਾਨ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਇਹ ਸਚ ਹੋ ਸਕਦਾ ਹੈ ਜਿਸਨੂੰ ਕੁਝ ਮਹੀਨੇ ਪਹਿਲਾਂ ਉਸਨੇ ਡੋਲੀ ਵਿਚ ਬਿਠਾ ਕੇ ਤੋਰਿਆ ਸੀ ਇਹ ਉਹ ਹੀ ਧੀ ਅਜ ਬੋਰੀ ਵਿਚ ਹੈ।

ਸਾਰਾ ਟੱਬਰ ਰੋਣ ਲਗ ਪਿਆ। ਆਂਢੀ ਗੁਆਂਢੀ ਭੀ ਆ ਗਏ। ਫੇਰ ਕੁਛ ਸਿਆਣਿਆਂ ਨੇ ਸਲਾਹ ਕਰਕੇ ਸਭ ਨੂੰ ਚੁਪ ਕਰਨ ਵਾਸਤੇ ਕਿਹਾ ਕਿ ਜੇ ਕਿਤੇ ਪੁਲਿਸ ਆ ਗਈ ਹੋਰ ਸਿਆਪਾ ਖੜ੍ਹਾ ਹੋ ਜਾਏਗਾ।

ਸਾਰੀ ਰਾਤ ਕੋਈ ਨਾ ਸੁੱਤਾ। ਭਗਵਾਨ ਸਿੰਘ ਤਾਰੋ ਦੇ ਬਾਰੇ ਸੋਚ ਰਿਹਾ ਸੀ। ਹਾਲੇ ਵਿਆਹ ਵਾਲੀ ਮਠਿਆਈ ਭੀ ਨਹੀਂ ਸੀ ਮੁੱਕੀ। ਉਹਨਾਂ ਨੇ ਕੁਛ ਸਾਂਭਕੇ ਰਖੀ ਸੀ ਕਿ ਜਦੋਂ ਤਾਰੋ ਆਵੇਗੀ ਉਹਨੂੰ ਤੋਰਨ ਲਗੀ ਨੂੰ ਨਾਲ ਦੇਵਾਂਗੇ।

ਭਗਵਾਨ ਸਿੰਘ ਨੂੰ ਯਾਦ ਆ ਰਿਹਾ ਸੀ ਜਦੋਂ ਤਾਰੋ ਸਵੇਰੇ ਸਵੇਰੇ ਉਹਦੀ ਖੂਹ ਤੇ ਰੋਟੀ ਲੈਕੇ ਜਾਂਦੀ ਸੀ ਤੇ ਉਹਨੂੰ ਦੂਰੋਂ ਦੇਖਕੇ ਹੀ ਬਟ ਉਤੇ ਭਜੀ ਆਉਂਦੀ ਕਹਿੰਦੀ "ਬਾਪੂ ਜੀ ਮੈਂ ਆ ਗਈ, ਬਾਪੂ ਜੀ ਮੈਂ ਆ ਗਈ।"

ਭਗਵਾਨ ਸਿੰਘ ਕਹਿੰਦਾ, "ਤਾਰੋ ਹਾਲੇ ਤੇਰਾ ਬਚਪਨਾ ਨਹੀਂ ਗਿਆ।" ਉਹ ਮੂਹਰਿਉਂ ਕਹਿੰਦੀ, "ਜਿੰਨੀ ਦੇਰ ਮੇਰੇ ਬਾਪੂ ਜੀ ਹਨ ਮੈਂ ਨਿਆਣੀ ਹੀ ਰਹਿਣਾ ਹੈ।" ਭਗਵਾਨ ਸਿੰਘ ਹਾਸੇ ਵਿਚ ਹੀ ਗੱਲ ਟਾਲ ਦਿੰਦਾ। ਇਹਨਾਂ ਸੋਚਾਂ ਵਿਚ ਹੀ ਰਾਤ ਬੀਤ ਗਈ। ਕੁਕੜ ਨੇ ਵਾਂਗਾਂ ਦਿੱਤੀਆਂ। ਇਕਬਾਲ ਤੇ ਭਗਵਾਨ ਸਿੰਘ ਨੇ ਉਹ ਬੋਰੀ ਉਂਜ ਹੀ ਚੁੱਕ ਲਈ। ਖੂਹ ਤੇ ਕੁਛ ਲੱਕੜਾਂ ਇਕੱਠੀਆਂ ਕਰਕੇ ਭਗਵਾਨ ਸਿੰਘ ਨੇ ਖੁਦ ਅਰਦਾਸ ਕਰਕੇ ਆਪਣੇ ਹੱਥੀਂ ਅਗ ਲਾ ਦਿੱਤੀ। ਉਹਦੇ ਨਾਲ ਇਕਬਾਲ ਤੇ ਪਿੰਡ ਦੇ ਦੋ ਤਿੰਨ ਹੋਰ ਬਜ਼ੁਰਗ ਸਨ। ਉਹ ਭੀ ਛੇਤੀ ਛੇਤੀ ਚਲੇ ਗਏ। ਭਗਵਾਨ ਸਿੰਘ ਸਿਵੇ ਕੋਲੇ ਬੈਠਾ ਆਪਣੇ ਆਪ ਹੀ ਬੋਲੀ ਜਾ ਰਿਹਾ ਸੀ।

'ਬਲੇ ਰਬਾ ਤੇਰੇ ! ਕੈਸੀ ਕਿਸਮਤ ਲਿਖੀ ਤੂੰ ਮੇਰੀ। ਮੇਰੇ ਭਾਗਾਂ ਵਿਚ ਅਪਣੀ ਧੀ ਦੇ ਸਿਵਿਆਂ ਦੀ ਅੱਗ ਦਾ ਸੇਕ......ਕੈਸੀ ਮਜਬੂਰੀ ਹੈ ਅਸੀਂ ਦਿਲ ਖੋਲ੍ਹ ਕੇ ਰੋ ਭੀ ਨਹੀਂ ਸਕਦੇ...... । ਇਕ ਗੱਲੋਂ ਧੰਨਵਾਦ ਤੇਰਾ ਰੱਬਾਂ। ਹੁਣ ਆਸ ਮੁਕ ਗਈ.......ਮੇਰੀ ਧੀ ਅਜ ਵਾਪਿਸ ਆ ਗਈ.......ਇਸ ਪਿੰਡ ਦੀ ਮਿਟੀ ਮੁੜ ਆ ਕੇ ਇਸ ਮਿਟੀ ਨਾਲ ਰਲ ਗਈ.......ਅਗੇ ਜਦੋਂ ਭੀ ਕੋਈ ਟੈਕਸੀ ਪਿੰਡ ਔਂਦੀ। ਇਹ ਸੋਚੀਦਾ ਸੀ ਸ਼ਾਇਦ ਤਾਰੋ ਆ ਗਈ......"

ਸੂਰਜ ਚੜ੍ਹਣ ਲਗਾ ਤਾਂ ਭਗਵਾਨ ਸਿੰਘ ਪਿੰਡ ਵਲ ਨੂੰ ਝਾਕਣ ਲਗਾ। ਉਹਦੇ ਕੰਨਾਂ ਵਿਚ ਉਹੀ ਆਵਾਜ ਗੂੰਜ ਰਹੀ ਸੀ।

"ਬਾਪੂ ਮੈਂ ਆ ਗਈ  
ਬਾਪੂ ਮੈਂ ਆ ਗਈ  
ਬਾਪੂ ਮੈਂ............."

# *ਲੰਮੀ ਰਾਤ*

ਪੋਹ ਦਾ ਮਹੀਨਾ ਸੀ। ਠੱਕਾ ਚਲ ਰਿਹਾ ਸੀ। ਥੋਹੜਾ ਥੋਹੜਾ ਮੀਂਹ ਭੀ ਪੈ ਰਿਹਾ ਸੀ। ਤਕਰੀਬਨ ਰਾਤ ਦੇ ਦਸ ਵਜੇ ਦਾ ਵਖਤ ਸੀ। ਦੂਰ ਕਿਤੇ ਗਿੱਦੜਾਂ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਸਰਦਾਰ ਕਰਤਾਰ ਸਿੰਘ ਆਪਣੀ ਢਾਣੀ ਵਿਚ ਸਮੇਤ ਪਰਿਵਾਰ ਦੇ ਸੌ ਰਿਹਾ ਸੀ। ਵੇਹੜੇ ਦਾ ਵੱਡਾ ਫਾਟਕ ਬੰਦ ਕਰਕੇ ਉਹ ਨਿਸ਼ਚਿੰਤ ਪਿਆ ਸੀ। ਲਾਗੇ ਬੂਹੇ ਦੇ ਇਕ ਮੱਧਮ ਜਿਹਾ ਬਲਬ ਜਗ ਰਿਹਾ ਸੀ।

ਕਰਤਾਰ ਸਿੰਘ ਕੋਲੇ ਗੁਜ਼ਾਰੇ ਜੋਗੀ ਜਮੀਨ ਸੀ। ਬੜਾ ਹੀ ਭਲਾਮਾਨਸ ਸੀ ਉਹ। ਤੁਰਦਿਆਂ ਫਿਰਦਿਆਂ ਨਾਮ ਜਪਦਾ ਰਹਿੰਦਾ। ਅਪਣੇ ਕੰਮ ਲਗਾ ਰਹਿੰਦਾ। ਕਦੇ ਕਿਸੇ ਦੇ ਕੰਮ ਵਿਚ ਦਖ਼ਲ ਨਹੀਂ ਸੀ ਦਿੰਦਾ। ਕੁੜੀ ਅਠਾਰਾਂ ਵਰ੍ਹਿਆਂ ਦੀ ਹੋ ਗਈ ਸੀ। ਉਹਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਉਸਦੇ ਦੋ ਲੜਕੇ ਸਨ ਸੁਖਵਿੰਦਰ ਸੋਲਾਂ ਸਾਲਾਂ ਦਾ ਤੇ ਬਲਵਿੰਦਰ ਪੰਦਰਾਂ ਦਾ। ਦੋਨੋਂ ਸਕੂਲ ਵਿਚ ਪੜ੍ਹਦੇ ਸਨ। ਪੜ੍ਹਨ ਵਿਚ ਹੁਸ਼ਿਆਰ ਸਨ। ਸ਼ਾਮ ਨੂੰ ਘਰ ਆ ਕੇ ਆਪਣੇ ਬਾਪ ਨਾਲ ਹੱਥ ਵਟਾਉਂਦੇ। ਸਾਰੇ ਆਂਢੀ ਗੁਆਂਢੀ ਆਪਣੇ ਬਚਿਆਂ ਨੂੰ ਉਹਨਾਂ ਦੀਆਂ ਉਦਾਹਰਣਾਂ ਦੇਂਦੇ। ਸਾਰੇ ਕਹਿੰਦੇ ਕਿ ਕਰਤਾਰ ਸਿੰਘ ਨੇ ਤਾਂ ਪਿਛਲੇ ਜਨਮ 'ਚ ਮੋਤੀ ਪੁੰਨ ਕੀਤੇ ਹੋਏ ਹੋਣਗੇ ਜੋ ਇਸ ਤਰ੍ਹਾਂ ਦੀ ਔਲਾਦ ਮਿਲੀ। ਨਹੀਂ ਅਜ ਕਲ ਲੜਕੇ ਤਾਂ ਬਸ ਪੋਚਮੀਂ ਪਗ ਬਣਕੇ ਸਾਰਾ ਦਿਨ ਸ਼ਹਿਰ ਘੁੰਮਦੇ ਫਿਰਦੇ ਹਨ। ਨਾ ਪੜ੍ਹਦੇ ਹਨ ਤੇ ਨਾ ਹੀ ਘਰ ਦਾ ਕੰਮ ਕਰਦੇ ਹਨ। ਇਹ ਉਹਨਾਂ ਦੀ ਸ਼ਾਨ ਦੇ ਖਿਲਾਫ ਹੈ। ਪਸ਼ੂਆਂ 'ਚੋਂ ਉਹਨਾਂ ਨੂੰ ਮੁਸ਼ਕ ਆਉਂਦਾ ਹੈ।

ਐਨੇ ਨੂੰ ਦੂਰ ਕਿਤੇ ਜੀਪ ਦੀ ਆਵਾਜ ਸੁਣੀ ਤੇ ਕਰਤਾਰ ਸਿੰਘ ਦੀ ਅੱਖ ਖੁਲ੍ਹ ਗਈ। ਹੌਲੀ ਹੌਲੀ ਉਹ ਆਵਾਜ਼ ਹੋਰ ਤੇਜ਼ ਹੋਣ ਲਗੀ। ਕਰਤਾਰ ਸਿੰਘ ਨੂੰ ਥੋਹੜੀ ਘਬਰਾਹਟ ਹੋਈ। ਰਬ ਖੈਰ ਕਰੇ ਇਸ ਵੇਲੇ ਕੌਣ ਆ ਸਕਦਾ ਹੈ? ਜੀਪ ਬੂਹੇ ਦੇ ਮੂਹਰੇ ਆ ਕੇ ਰੁਕ ਗਈ। ਉਹਨਾਂ ਦਾ ਕੁੱਤਾ ਮੋਤੀ ਭੌਂਕਣ ਲਗ ਪਿਆ। ਇਕ 'ਠਾਹ' ਦੀ ਆਵਾਜ਼ ਆਈ ਤੇ ਚੂੰ ਕਰਕੇ ਕੁੱਤੇ ਦਾ ਭੌਂਕਣਾ ਬੰਦ ਹੋ ਗਿਆ। ਫੇਰ ਉਹਨੂੰ ਦਗੜ ਦਗੜ ਦੀ ਆਵਾਜ਼ ਆਈ। ਬੰਦੂਕ ਦੇ ਖੜਕੇ ਨਾਲ ਬਾਕੀ ਸਾਰੇ ਘਰ ਦੇ ਜੀ ਭੀ ਜਾਗ ਪਏ। ਕਰਤਾਰ ਸਿੰਘ ਨੇ ਝੀਤਾਂ ਥਾਣੀਂ ਬਾਹਰ ਤਕਿਆ। ਕਈ ਬੰਦਿਆਂ ਦਾ ਸਾਇਆ ਨਜ਼ਰ

ਆਇਆ। ਉਹਨੇ ਆਪਣੀ ਬੰਦੂਕ ਸੰਭਾਲ ਲਈ ਜੋ ਉਹਨਾਂ ਕੋਲ ਕਈ ਸਾਲਾਂ ਤੋਂ ਸੀ। ਉਹਦੇ ਕੋਲ ਅਠ ਦਸ ਕਾਰਤੂਸ ਭੀ ਸਨ ਜੋ ਕਾਫੀ ਪੁਰਾਣੇ ਸੀ।

ਠਾਣੇਦਾਰ ਨੇ ਕੜਕਦੀ ਆਵਾਜ਼ ਵਿਚ ਕਿਹਾ, "ਦਰਬਾਜ਼ਾ ਖੋਲ੍ਹੋ ਨਹੀਂ ਤਾਂ ਤੋੜ ਦਿਆਂਗੇ। ਖਬਰਦਾਰ ਜੇ ਕਿਸੇ ਨੇ ਕੋਈ ਹਰਕਤ ਕੀਤੀ। ਪੁਲਿਸ ਦਾ ਘੇਰਾ ਚਾਰ ਚੁਫੇਰੇ ਹੈ। ਜੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਮਾਰ ਦਿਆਂਗੇ।"

ਕਰਤਾਰ ਸਿੰਘ ਨੇ ਸਹਿਮੇ ਹੋਏ ਨੇ ਦਰਵਾਜ਼ਾ ਖੋਲ੍ਹ ਦਿੱਤਾ। ਠਾਣੇਦਾਰ ਆਨੰਦ ਕੁਮਾਰ ਵਰਮਾ ਤੇ ਹੋਰ ਪੰਜ ਸਿਪਾਹੀ ਅੰਦਰ ਆ ਵੜੇ। ਠਾਣੇਦਾਰ ਨੇ ਬੜੇ ਰੋਹਬ ਵਿਚ ਕਿਹਾ, "ਸੁਖਾ ਤੇ ਬਿਲਾ ਕਿਥੇ ਨੇ? ਸਾਨੂੰ ਖਬਰ ਮਿਲੀ ਹੈ, ਉਹ ਅਤਵਾਦੀਆਂ ਨਾਲ ਰਲੇ ਹੋਏ ਨੇ। ਕਲ੍ਹ ਉਹ ਕੇਸਰੀ ਪਗਾਂ ਬਨ੍ਹ ਕੇ ਸਕੂਲ ਗਏ ਸੀ ਤੇ ਨਾਲ ਸੁਣਿਆ ਹੈ ਉਹਨਾਂ ਅਮ੍ਰਿਤ ਭੀ ਛਕ ਲਿਆ ਹੈ।"

ਕਰਤਾਰ ਸਿੰਘ ਨੇ ਆਪਣੇ ਲੜਕੇ ਵਲ ਇਸ਼ਾਰਾ ਕਰਕੇ ਕਿਹਾ, "ਸਾਹਿਬ ਜੀ ਆਪ ਜੀ ਨੂੰ ਕਿਸੇ ਨੇ ਗ਼ਲਤ ਖਬਰ ਦਿੱਤੀ ਹੈ? ਮੇਰੇ ਲੜਕਿਆਂ ਦਾ ਕਿਸੇ ਅਤਵਾਦੀਆਂ ਨਾਲ ਤਾਂ ਕੀ ਕਿਸੇ ਭੀ ਪਾਰਟੀ ਨਾਲ ਕੋਈ ਸਬੰਧ ਨਹੀਂ। ਹਾਂ ਅਮ੍ਰਿਤ ਇਹਨਾਂ ਜ਼ਰੂਰ ਛਕਿਆ ਹੈ। ਕੁਝ ਹਫਤੇ ਹੋਏ ਜਦੋਂ ਅਮ੍ਰਿਤ ਪ੍ਰਚਾਰ ਵਾਲੇ ਸਾਡੇ ਗੁਰਦਵਾਰੇ ਆਏ ਸੀ ਇਹਨਾਂ ਭੀ ਬਾਕੀ ਕਈਆਂ ਨਾਲ ਅੰਮ੍ਰਿਤ ਪਾਨ ਕਰ ਲਿਆ। ਉਹ ਤਾਂ ਮੈਂ ਭੀ ਛਕਿਆ ਹੋਇਆ ਹੈ। ਸਾਡੇ ਟੱਬਰ ਵਿਚ ਰਿਵਾਜ ਹੈ ਕਿ ਜਦ ਲੜਕੇ ਥੋਹੜੇ ਸਮਝਦਾਰ ਹੋ ਜਾਣ ਤਾਂ ਅਮ੍ਰਿਤ ਛਕਾ ਦੇਈਦਾ ਹੈ। ਬਾਕੀ ਰਹੀ ਕੇਸਰੀ ਪਗਾਂ ਦੀ ਗੱਲ ਉਹ ਤਾਂ ਸਾਰੇ ਬੰਨ੍ਹੀ ਫਿਰਦੇ ਹਨ ਜੇ ਇਹਨਾਂ ਨੇ ਬੰਨ੍ਹ ਲਈ ਤਾਂ ਕੀ ਜ਼ੁਲਮ ਕੀਤਾ? ਕੋਈ......."

ਠਾਣੇਦਾਰ ਬੜੇ ਗੁੱਸੇ ਵਿਚ ਆਇਆ। ਕਰਤਾਰ ਸਿੰਘ ਦੀ ਗਲ ਟੋਕਦਿਆਂ ਕਹਿਣ ਲਗਾ, "ਕਰਤਾਰ ਸਿੰਘ ਮੈਂ ਤੇਰਾ ਲੈਕਚਰ ਸੁਣਨ ਨਹੀਂ ਆਇਆ। ਮੁੰਡਿਆਂ ਨੂੰ ਸਿਧੀ ਤਰਾਂ ਮੇਰੇ ਨਾਲ ਠਾਣੇ ਤੋਰ ਦੇ ਨਹੀਂ ਤਾਂ ਹੁਣ ਹੀ ਸਾਰਿਆਂ ਨੂੰ ਢਾਹਕੇ ਕੁਟਾਪਾ ਚਾੜ੍ਹਾਂਗੇ। ਜੋ ਕੁਛ ਭੀ ਤੂੰ ਸਫਾਈ ਵਿਚ ਕਹਿਣਾ ਹੈ ਕਲ ਨੂੰ ਠਾਣੇ ਆਕੇ ਦਸੀਂ। ਐਵੇਂ ਮੇਰਾ ਕੀਮਤੀ ਵਕਤ ਬਰਬਾਦ ਨਾ ਕਰ।" ਕਰਤਾਰ ਸਿੰਘ ਨੇ ਫੇਰ ਬੜੀ ਹਲੀਮੀ ਵਿਚ ਆਖਿਆ, "ਹਜ਼ੂਰ ਤੁਸੀਂ ਮਾਈ ਬਾਪ ਹੋ। ਮੇਰੀ ਗੱਲ ਮੰਨੋ। ਮੈਂ ਗੁਰੂ ਕਾ ਸਿੱਖ ਹਾਂ। ਕਦੇ ਝੂਠ ਨਹੀਂ ਬੋਲਿਆ। ਮੇਰੇ ਬੱਚੇ ਬੇਕਸੂਰ ਹਨ।" ਵਰਮਾ ਹਸਕੇ ਕਹਿਣ ਲਗਾ, "ਕਰਤਾਰ ਸਿੰਘ ਕਿਉਂ ਮੈਨੂੰ ਬੇਵਕੂਫ ਬਣੌਂਦਾ ਏਂ ਅਜਕਲ ਤਾਂ ਜਿਨਾਂ ਝੂਠ ਧਰਮੀ ਬੰਦੇ ਬੋਲਦੇ ਹਨ, ਹੋਰ ਕੋਈ ਨਹੀਂ ਬੋਲਦਾ।" ਫੇਰ ਪੁਲਿਸ ਵਾਲਿਆਂ ਨੂੰ ਇਸ਼ਾਰਾ ਕਰਕੇ ਕਹਿਣ ਲਗਾ, "ਮੁੰਡਿਉ ਢਾਹ ਲੋ ਸਾਰੇ ਟੱਬਰ ਨੂੰ ਤੇ ਦਸ ਦਿਓ ਇਹਨਾਂ ਨੂੰ ਵਰਮੇ ਦੇ ਮੂੰਹ ਲਗਣ ਦਾ ਕੀ ਅਨਜਾਮ ਹੁੰਦਾ ਹੈ।"

ਮੌਕੇ ਦੀ ਨਜ਼ਾਕਤ ਨੂੰ ਭਾਂਪਦੇ ਹੋਏ ਸੁਖਾ ਤੇ ਬਿਲਾ ਦੋਨੋਂ ਅੱਗੇ ਆ ਗਏ ਤੇ ਕਿਹਾ, "ਠਹਿਰੋ ਠਾਣੇਦਾਰ ਸਾਹਿਬ ਤੁਸੀਂ ਸਾਨੂੰ ਠਾਣੇ ਲੈ ਚਲੋ। ਅਸੀਂ ਕੋਈ ਕਸੂਰ ਨਹੀਂ ਕੀਤਾ।



ਫੇਰ ਸਚੇ ਨੂੰ ਭਲਾ ਕਾਹਦਾ ਡਰ। ਤੁਸੀਂ ਆਪਣਾ ਸ਼ਕ ਕੱਢ ਲਵੋ।" ਦੋਹਾਂ ਦੇ ਸਿਰ ਤੇ ਕੇਸਰੀ ਪਟਕੇ ਸਨ ਤੇ ਖੇਸੀਆਂ ਦੀ ਬੁਕਲ ਮਾਰੀ ਹੋਈ ਸੀ। ਫੇਰ ਉਹਨਾਂ ਆਪਣੇ ਬਾਪੂ ਵਲ ਦੇਖਕੇ ਕਿਹਾ, "ਬਾਪੂ ਜੀ! ਸਾਨੂੰ ਤੋਰ ਦਿਉ। ਕਲ੍ਹ ਨੂੰ ਆ ਕੇ ਸਾਡੀ ਜ਼ਮਾਨਤ ਦੇ ਦੇਣੀ। ਹੁਣ ਇਸ ਵੇਲੇ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ।" ਉਹ ਪੁਲਿਸ ਵਾਲਿਆਂ ਦੀਆਂ ਕਹਾਣੀਆਂ ਰੋਜ਼ ਸੁਣਦੇ ਸਨ ਕਿ ਕਿਸ ਤਰ੍ਹਾਂ ਉਹ ਔਰਤਾਂ ਦੀ ਬੇਇਜ਼ਤੀ ਕਰਦੇ ਹਨ। ਸੁਖੇ ਨੇ ਦੇਖ ਲਿਆ ਸੀ ਇਕ ਪੁਲਸੀਆ ਬੜਾ ਘੂਰ ਘੂਰਕੇ ਉਹਦੀ ਭੈਣ ਜਿੰਦੋ ਵਲ ਦੇਖੀ ਜਾ ਰਹੀ ਸੀ ਜੋ ਕੋਲ ਨੀਵੀਂ ਪਾਈ ਖੜੀ ਸੀ। ਉਹ ਨਹੀਂ ਸੀ ਚਾਹੁੰਦੇ ਕਿ ਕੋਈ ਉਹਨਾਂ ਦੀ ਮਾਂ ਜਾਂ ਭੈਣ ਵਲ ਮਾੜੀ ਨਜ਼ਰ ਨਾਲ ਦੇਖੇ।

ਪੁਲਿਸ ਵਾਲਿਆਂ ਨੇ ਉਹਨਾਂ ਨੂੰ ਝਟ ਹਥਕੜੀਆਂ ਪਹਿਨਾ ਦਿੱਤੀਆਂ। ਉਹਨਾਂ ਦੀ ਮਾਂ ਤੇ ਭੈਣ ਭੀ ਮਿੰਨਤਾਂ ਕਰਨ ਲਗ ਪਈਆਂ। ਪਰ ਉਹਨਾਂ ਦੀਆਂ ਮਿਨਤਾਂ ਦਾ ਇਹਨਾਂ ਪੱਥਰ ਦਿਲਾਂ ਤੇ ਕੋਈ ਅਸਰ ਨਹੀਂ ਸੀ। ਉਹ ਤਾਂ ਸ਼ਰਾਬ ਤੇ ਤਾਕਤ ਦੇ ਨਸ਼ੇ ਵਿਚ ਗੁਟ ਸਨ। ਸੁਖੇ ਨੇ ਕਿਹਾ, "ਬੇਬੇ ਜੀ ਐਵੇਂ ਇਹਨਾਂ ਦੀਆਂ ਮਿੰਨਤਾਂ ਨਾ ਕਰੋ, ਕੋਈ ਫਾਇਦਾ ਨਹੀਂ। ਰੱਬ ਤੇ ਭਰੋਸਾ ਰਖੋ, ਉਹਦੇ ਅੱਗੇ ਅਰਦਾਸ ਕਰੋ ਸਭ ਠੀਕ ਹੋ ਜਾਵੇਗਾ।"

ਉਸ ਤੋਂ ਬਾਦ ਪੁਲਿਸ ਵਾਲਿਆਂ ਨੇ ਉਹਨਾਂ ਦੇ ਘਰ ਦੀ ਤਲਾਸ਼ੀ ਲਈ। ਸਾਰਾ ਸਮਾਨ ਚੁੱਕ ਚੁੱਕ ਕੇ ਇੰਜ ਸੁੱਟ ਦਿੱਤਾ ਜਿਵੇਂ ਘਰ ਵਿਚ ਦੀ ਕੋਈ ਬਾਵਰੋਲਾ ਲੰਘ ਗਿਆ ਹੋਵੇ। ਜੋ ਭੀ ਨਗਦੀ ਜਾਂ ਗਹਿਣੇ ਗਟੇ ਮਿਲੇ, ਸਭ ਚੁੱਕ ਲਏ। ਕਰਤਾਰ ਸਿੰਘ ਦੀ ਬੰਦੂਕ ਤੇ ਕਾਰਤੂਸ ਭੀ ਚੁੱਕ ਲਏ। ਤੁਰਨ ਲਗਾ ਠਾਣੇਦਾਰ ਕਹਿਣ ਲਗਾ, "ਜੇ ਤੂੰ ਚੋਹਨਾਂ ਏਂ ਕਿ ਤੇਰੇ ਲੜਕਿਆਂ ਨੂੰ ਛਡ ਦੇਵਾਂ ਤਾਂ ਕਲ ਸ਼ਾਮ ਤਕ ਪੰਜਾਹ ਹਜ਼ਾਰ ਰੁਪਏ ਲੈਕੇ ਠਾਣੇ ਹਾਜ਼ਰ ਹੋ ਜਾਵੀਂ। ਮੈਂ ਕੱਲ ਤਕ ਰਿਪੋਰਟ ਦਰਜ ਨਹੀਂ ਕਰਾਂਗਾ।" ਐਨੀ ਗੱਲ ਕਹਿਕੇ ਉਹ ਜੀਪ ਵਿਚ ਬੈਠ ਗਿਆ। ਸਾਰੇ ਸਿਪਾਹੀ ਭੀ ਸੁਖੇ ਤੇ ਬਿਲੇ ਨੂੰ ਜੀਪ ਵਿਚ ਬਿਠਾਕੇ ਸ਼ਹਿਰ ਵੱਲ ਨੂੰ ਤੁਰ ਪਏ। ਠਾਣੇ ਲਜਾਕੇ ਉਹਨਾਂ ਦੇ ਕਪੜੇ ਉਤਾਰ ਕੇ ਉਹਨਾਂ ਨੂੰ ਬਾਹਰ ਠੰਡ ਵਿਚ ਖੜਾ ਕਰ ਦਿੱਤਾ ਤੇ ਆਪ ਠਾਣੇਦਾਰ ਵਿਲਾਇਤੀ ਵਿਸਕੀ ਪੀਣ ਲਗ ਪਿਆ। ਬਾਕੀ ਪੁਲਿਸ ਵਾਲਿਆਂ ਨੇ ਭੀ ਆਪਣੇ ਪਿਆਲੇ ਭਰ ਲਏ ਤੇ ਲਗੇ ਮਖੌਲ ਕਰਨ ਤੇ ਕਹਿਣ ਲਗੇ, "ਸੁਣਿਆ ਹੈ ਤੁਸੀਂ ਖਾਲਿਸਤਾਨ ਚੌਂਹਦੇ ਹੋ। ਹੁਣੇ ਹੀ ਦਿੰਦੇ ਹਾਂ। ਤੁਹਾਨੂੰ ਜੋ ਨਸ਼ਾ ਅੰਮ੍ਰਿਤ ਦਾ ਚੜ੍ਹਿਆ ਹੈ ਉਹ ਹੁਣੇ ਹੀ ਲੌਂਹਦੇ ਹਾਂ।"

ਐਨੇ ਨੂੰ ਦੋ ਭੂਤਾਂ ਵਰਗੇ, ਕਾਲੇ ਲੰਮੇ ਚੋੜੇ ਵਡੀ ਵਡੀਆਂ ਮੁਛਾਂ ਵਾਲੇ, ਦੋ ਸਿਪਾਹੀ ਆ ਗਏ ਤੇ ਠਾਣੇਦਾਰ ਨੇ ਉਹਨਾਂ ਨੂੰ ਇਸ਼ਾਰਾ ਕਰਕੇ ਆਖਿਆ। ਇਹ ਰਿਹਾ ਤੁਹਾਡਾ ਅੱਜ ਦਾ ਸ਼ਿਕਾਰ। ਉਹ ਆਉਂਦਿਆਂ ਸਾਰ ਹੀ ਇਹਨਾਂ ਨੂੰ ਧੱਕੇ ਮਾਰਨ ਲਗ ਪਏ ਤੇ ਫੜਕੇ ਕਮਰੇ ਵਿਚ ਲੈ ਗਏ। ਦੂਸਰੇ ਕਮਰਿਆਂ 'ਚੋਂ ਭੀ ਚੀਕਾਂ ਦੀ ਅਵਾਜ਼ ਆ ਰਹੀ ਸੀ। ਦੋ ਤਿੰਨ ਜਗ੍ਹਾ ਤੋਂ ਜ਼ਨਾਨੀਆਂ ਦੇ ਰੋਣ ਦੀ ਭੀ ਆਵਾਜ਼ ਆ ਰਹੀ ਸੀ। ਉਹਨਾਂ ਨੂੰ ਕਲੇ ਕਲੇ ਕਮਰੇ 'ਚ ਵਾੜਕੇ ਦਰਵਾਜ਼ਾ ਬੰਦ ਕਰ ਲਿਆ ਤੇ ਲਗ ਪਏ ਧੱਕੇ ਮੁੱਕੇ ਮਾਰਨ। ਕੁਟ

ਮਾਰ ਖਾਕੇ ਜਦ ਉਹ ਬੇਹੋਸ਼ ਹੋ ਗਏ ਤਾਂ ਉਹਨਾਂ ਨੇ ਉਹਨਾਂ ਦੀਆਂ ਲਤਾਂ ਰੱਸੇ ਨਾਲ ਬੰਨ੍ਹ ਕੇ ਛਤ ਦੇ ਨਾਲ ਪੁੱਠੇ ਲਟਕਾ ਦਿੱਤੇ। ਉਹਨਾਂ ਦੇ ਮੂੰਹ ਸੁਜ ਗਏ ਸੀ ਤੇ ਸੁਖੇ ਦੀ ਅੱਖ ਦੇ ਉੱਤੇ ਇਕ ਜ਼ਖਮ ਭੀ ਹੋ ਗਿਆ ਤੇ ਖੂਨ ਬਹਿ ਰਿਹਾ ਸੀ ਤੇ ਪੁਠੇ ਲਟਕਾ ਕੇ ਉਹਨਾਂ ਦੇ ਮੂੰਹ ਤੇ ਠੰਡੇ ਪਾਣੀ ਦੇ ਛਿਟੇ ਮਾਰੇ ਤੇ ਜਦੋਂ ਉਹਨਾਂ ਥੋਹੜੀ ਹੋਸ਼ ਆਈ ਤਾਂ ਫੇਰ ਪੁਛਣ ਲੱਗੇ, "ਦੱਸੋ ਤੁਸੀਂ ਕੇਹੜੇ ਗਿਰੋਹ ਲਈ ਕੰਮ ਕਰਦੇ ਹੋ।" ਪਰ ਉਹਨਾਂ ਕੋਈ ਜਵਾਬ ਨਾ ਦਿੱਤਾ। ਕੁਛ ਘੰਟੇ ਪੁੱਠੇ ਲਟਕੋਣ ਤੋਂ ਬਾਦ ਉਹਨਾਂ ਨੂੰ ਭੁੰਜੇ ਫਰਸ਼ ਤੇ ਪਾ ਦਿੱਤਾ ਜੋ ਬਰਫ ਵਰਗਾ ਠੰਡਾ ਸੀ। ਇਹਨਾਂ ਦੇ ਤੇੜ ਕਛਿਆਂ ਤੋਂ ਬਿਨਾਂ ਹੋਰ ਕੁਛ ਨਹੀਂ ਸੀ। ਐਨੇ ਨੂੰ ਕੁਕੜ ਵਾਂਗ ਦੇਣ ਲਗ ਪਏ। ਜਮਦੂਤਾਂ ਵਰਗੇ ਸਿਪਾਹੀ ਭੀ ਕੁਟ ਕੁਟ ਕੇ ਥੱਕੇ ਗਏ ਸੀ। ਉਹ ਭੀ ਘਰ ਨੂੰ ਤੁਰ ਪਏ ਤੇ ਠਾਣੇਦਾਰ ਸ਼ਰਾਬੀ ਹੋਕੇ ਕੁਰਸੀ ਤੇ ਹੀ ਲੁੜਕਿਆ ਪਿਆ ਸੀ। ਡਿਊਟੀ ਤੇ ਜੁ ਸੀ ਇਸ ਕਰਕੇ ਕੁਰਸੀ ਤੇ ਹੀ ਬੈਠਾ ਰਿਹਾ।

ਉਧਰੋਂ ਕਰਤਾਰ ਸਿੰਘ ਤੜਕੇ ਹੀ ਪਿੰਡ ਵਲ ਨੂੰ ਚਲ ਪਿਆ। ਰਾਤ ਨੂੰ ਇਸੇ ਕਰਕੇ ਨਹੀਂ ਸੀ ਗਿਆ ਕਿ ਕੋਈ ਰਾਤ ਨੂੰ ਛੇਤੀ ਕੀਤੇ ਬੂਹਾ ਨਹੀਂ ਖੋਲ੍ਹਦਾ। ਉਸ ਕਦੇ ਕਿਸੇ ਕੋਲੋਂ ਉਧਾਰਾ ਪੈਸਾ ਨਹੀਂ ਸੀ ਲਿਆ। ਜਿੰਦੋਂ ਦੇ ਵਿਆਹ ਵਾਸਤੇ ਕੁਛ ਪੈਸੇ ਰਖੇ ਸਨ ਜੋੜਕੇ। ਜਾਕੇ ਉਸਨੇ ਲੰਬਰਦਾਰ ਨਾਲ ਗੱਲ ਕੀਤੀ ਤੇ ਪੰਚਾਇਤ ਲੈਕੇ ਤਕਰੀਬਨ ਦਸ ਕੁ ਬਜੇ ਠਾਣੇ ਪਹੁੰਚੇ। ਉਥੇ ਜਦ ਪਤਾ ਲਗਾ ਕਿ ਵਰਮਾ ਸਾਹਿਬ ਤਾਂ ਸ਼ਾਮ ਨੂੰ ਪੰਜ ਬਜੇ ਆਉਣਗੇ ਤੇ ਬਾਕੀ ਕਿਸੇ ਨੂੰ ਸੁੱਖੇ ਜਾਂ ਬਿੱਲੇ ਬਾਰੇ ਕੋਈ ਪਤਾ ਨਹੀਂ। ਹੌਲਦਾਰ ਨੇ ਰਜਿਸਟਰ ਖੋਲ੍ਹ ਲਿਆ। ਸਰਪੰਚ ਨੂੰ ਦਿਖਾ ਦਿੱਤਾ ਕਿ ਏਥੇ ਤਾਂ ਕੋਈ ਦਰਜ ਨਹੀਂ। ਪਰ ਹਵਾਲਾਤ ਵਿਚ ਕਿਸੇ ਨੂੰ ਜਾਕੇ ਦੇਖਣ ਨਾ ਦਿੱਤਾ। ਕਿਉਂਕਿ ਉਹਦੇ ਵਾਸਤੇ ਵਡੇ ਸਾਹਿਬ ਦੀ ਮੰਜ਼ੂਰੀ ਚਾਹੀਦੀ ਹੈ। ਉਹ ਜਾ ਕੇ ਐਸ. ਪੀ. ਨੂੰ ਭੀ ਮਿਲੇ। ਉਸ ਨੇ ਕਿਹਾ ਕਿ ਉਹ ਇਸਦੀ ਜਾਂਚ ਕਰੇਗਾ।

ਕਰਤਾਰ ਸਿੰਘ ਦਾ ਸਿਰਫ਼ ਤੀਹ ਹਜ਼ਾਰ ਬਾਣੀਏ ਕੋਲੇ ਹੱਟੀ ਤੇ ਪਿਆ ਸੀ। ਕਰਤਾਰ ਸਿੰਘ ਨੇ ਜਦੋਂ ਆਪਣੇ ਆੜ੍ਹਤੀਏ ਜਣਕ ਰਾਮ ਨਾਲ ਗੱਲ ਕੀਤੀ ਤੇ ਉਹਦੇ ਕੋਲੋਂ ਆਪਣੇ ਤੀਹ ਹਜ਼ਾਰ ਤੇ ਵੀਹ ਹਜ਼ਾਰ ਹੋਰ ਉਧਾਰਾ ਮੰਗਿਆ। ਜਨਕ ਰਾਮ ਕਹਿਣ ਲਗਾ ਕਿ ਐਨੀ ਵਡੀ ਰਕਮ ਤਾਂ ਉਹਦੇ ਕੋਲੇ ਤਾਂ ਇਸ ਵੇਲੇ ਨਹੀਂ ਤੇ ਕਲ ਤਕ ਉਹ ਇੰਤਜ਼ਾਮ ਕਰ ਦੇਵੇਗਾ। ਐਨੇ ਨੂੰ ਸ਼ਾਮ ਦੇ ਚਾਰ ਬਜ ਗਏ। ਕਰਤਾਰ ਸਿੰਘ ਫੇਰ ਠਾਣੇ ਜਾ ਪਹੁੰਚਾ ਤੇ ਠਾਣੇਦਾਰ ਵਰਮਾ ਭੀ ਆ ਗਿਆ ਸੀ ਤੇ ਉਨੇ ਕਿਹਾ "ਕਿਉਂ ਬਈ ਕਰਤਾਰ ਸਿੰਘ। ਮਾਲ ਦਾ ਬੰਦੋਬਸਤ ਹੋ ਗਿਆ।" ਕਰਤਾਰ ਸਿੰਘ ਨੇ ਬੜੇ ਤਰਲੇ ਨਾਲ ਕਿਹਾ ਕਿ ਮੈਨੂੰ ਇਕ ਦਿਨ ਦੀ ਮੋਹਲਤ ਹੋਰ ਦੇ ਦਿਉ ਕਲ ਦੋਪਹਿਰ ਤਕ ਮੈਂ ਪੈਸੇ ਲੈ ਆਵਾਂਗਾ। ਠਾਣੇਦਾਰ ਵਰਮਾ ਨੇ ਬੜੀ ਹਮਦਰਦੀ ਜਤੌਂਦੇ ਹੋਏ ਕਿਹਾ ਕਿ ਉਹ ਕਲ ਤਕ ਇੰਤਜ਼ਾਰ ਕਰ ਲਵੇਗਾ ਜਿਵੇਂ ਉਹ ਕਰਤਾਰ ਸਿੰਘ ਸਿਰ ਬਹੁਤ ਵਡਾ ਇਹਸਾਨ ਕਰ ਰਿਹਾ ਹੋਵੇ। "ਕਰਤਾਰ ਸਿੰਘ ਤੂੰ ਮੁੰਡਿਆਂ ਦਾ ਫਿਕਰ ਨਾ ਕਰੀਂ ਉਹ ਠੀਕ ਠਾਕ ਹਨ" ਤੇ ਜਦ



ਕਰਤਾਰ ਸਿੰਘ ਨੇ ਮਿਲਣ ਵਾਸਤੇ ਕਿਹਾ ਤਾਂ ਠਾਣੇਦਾਰ ਨੇ ਨਾਂਹ ਕਰ ਦਿੱਤੀ ਤੇ ਕਹਿਣ ਲਗਾ, "ਇਹ ਤਾਂ ਭਈ ਸਾਡੇ ਅਸੂਲ ਦੇ ਖਿਲਾਫ ਹੈ। ਅਸੀਂ ਕਾਨੂੰਨ ਦੇ ਪਾਬੰਦ ਹਾਂ। ਪਹਿਲਾ ਮਾਲ ਤੇ ਫੇਰ ਤੁਹਾਡੇ ਲੜਕੇ ਤੁਹਾਨੂੰ ਮਿਲ ਜਾਣਗੇ। ਹਾਂ ਜੇਕਰ ਕਲ ਦੋਪਹਿਰ ਤਕ ਤੂੰ ਪੈਸਿਆਂ ਦਾ ਬੰਦੋਬਸਤ ਨਾ ਕਰ ਸਕਿਆ ਤਾਂ ਮੈਨੂੰ ਦੋਸ਼ ਨਾ ਦੇਵੀਂ। ਫੇਰ ਮੈਨੂੰ ਇਹਨਾਂ ਦਾ ਚਲਾਨ ਕਰਨਾ ਹੀ ਪੈਣਾ ਹੈ ਤੇ ਫੇਰ ਕਈ ਸਾਲ ਜੇਹਲਾਂ 'ਚ ਸੜਨਗੇ।"

ਨਿਰਾਸ਼ ਕਰਤਾਰ ਸਿੰਘ ਖਾਲੀ ਹਥੀਂ ਘਰ ਨੂੰ ਪਰਤ ਆਇਆ। ਜਦ ਘਰ ਪਹੁੰਚਿਆ ਤਾਂ ਘੁਛ ਘੁਛ ਹਨੇਰਾ ਹੋ ਚੁੱਕਾ ਸੀ। ਜਿੰਦੋ ਤੇ ਤੇਜੋ ਭੀ ਉਡੀਕ ਰਹੀਆਂ ਸਨ। ਉਹਨਾਂ ਨੇ ਅਜ ਕੁਛ ਨਹੀਂ ਸੀ ਖਾਧਾ, ਨਾ ਹੀ ਅਜ ਚੁਲ੍ਹੇ ਅੱਗ ਬਾਲੀ। ਅੰਦਰ ਕਰਤਾਰ ਸਿੰਘ ਨੂੰ ਇਕੱਲਿਆਂ ਆਉਂਦਿਆਂ ਤੱਕ ਕੇ ਉਹ ਘੂਰ ਰਹੀਆਂ ਸਨ ਤੇ ਜਿੰਦੋ ਕਹਿਣ ਲਗੀ, "ਬਾਪੂ ਮੇਰੇ ਵੀਰ ਕਿਥੇ ਨੇ?" ਤੇ ਰੋਣ ਲਗ ਪਈ। ਕਰਤਾਰ ਸਿੰਘ ਆਪ ਭੀ ਕਾਫੀ ਫਿਕਰਮੰਦ ਸੀ। ਪਰ ਉਹਨੂੰ ਸੀਨੇ ਨਾਲ ਲਾਕੇ ਹੌਸਲਾ ਦੇਣ ਲਗ ਪਿਆ ਤੇ ਕਹਿਣ ਲਗਾ, "ਪੈਸਿਆਂ ਦਾ ਬੰਦੋਬਸਤ ਕਲ ਦੁਪਹਿਰ ਤਕ ਹੋ ਜਾਏਗਾ ਤੇ ਕਲ੍ਹ ਨੂੰ ਤੇਰੇ ਵੀਰ ਘਰ ਆ ਜਾਣਗੇ। ਕਮਲੀ, ਐਵੇਂ ਹੀ ਰੋਈ ਜਾਂਦੀ ਹੈ।" ਜਿੰਦੋ ਨੂੰ ਜਿਵੇਂ ਯਕੀਨ ਨਹੀਂ ਸੀ। "ਸੱਚ ਬਾਪੂ ਜੀ।" "ਹਾਂ ਮੈਂ ਠੀਕ ਕਹਿੰਦਾ ਹਾਂ ਮੇਰੀ ਬਚੀ। ਮੈਂ ਉਹਨਾਂ ਨੂੰ ਠਾਣੇ ਮਿਲਕੇ ਆਇਆ ਹਾਂ। ਸ਼ਾਮੀਂ ਖਾਣਾ ਭੀ ਮੈਂ ਖੁਦ ਖਿਲਾਕੇ ਆਇਆ ਹਾਂ। ਬਜ਼ਾਰੋਂ ਲੈ ਗਿਆ ਸੀ।" ਜਿੰਦੋ ਨੂੰ ਥੋਹੜਾ ਧਰਵਾਸ ਆਇਆ। ਪਰ ਗੁਰਤੇਜ ਕੌਰ ਤੋਂ ਕੁਛ ਲੁਕਿਆ ਨਹੀਂ ਸੀ। ਉਹ ਸਭ ਸਮਝ ਗਈ ਤੇ ਆਪਣੇ ਪਤੀ ਦੀ ਮਜਬੂਰੀ ਭੀ। ਸ਼ਾਇਦ ਅਜ ਜ਼ਿੰਦਗੀ ਵਿਚ ਪਹਿਲੀ ਵਾਰ ਕਰਤਾਰ ਸਿੰਘ ਨੇ ਝੂਠ ਬੋਲਿਆ ਸੀ ਜਿੰਦੋ ਦਾ ਦਿਲ ਰਖਣ ਲਈ।

ਸ਼ਾਮ ਪੈਂਦਿਆਂ ਸਾਰ ਹੀ ਠਾਣੇ ਦੇ ਵਿਚ ਫੇਰ ਚੀਖ ਚੰਘਿਆੜਾ ਸ਼ੁਰੂ ਹੋ ਗਿਆ। ਸੁੱਖਾ ਤੇ ਬਿੱਲਾ ਸਾਰਾ ਦਿਨ ਭੁਖੇ ਰਹੇ। ਕਿਸੇ ਨੇ ਕੁਛ ਭੀ ਖਾਣ ਨੂੰ ਨਾ ਦਿੱਤਾ।

ਠਾਣੇਦਾਰ ਨੇ ਫੇਰ ਉਹ 'ਜਮਦੂਤ' ਸਦ ਕੇ ਆਖਿਆ, "ਭਈ ਤੁਹਾਡੇ ਕੋਲੋਂ ਇਹਨਾਂ ਦੀ ਜਿੰਨੀ ਸੇਵਾ ਹੁੰਦੀ ਹੈ ਕਰ ਲਵੋ ਤੇ ਸ਼ਾਇਦ ਕਲ ਨੂੰ ਇਹਨਾਂ ਦੀ ਜ਼ਮਾਨਤ ਹੋ ਜਾਵੇ। ਜੇ ਉਹ ਬੁੜ੍ਹਾ ਪੈਸਾ ਲੈਕੇ ਆ ਗਿਆ ਤਾਂ।"

ਸ਼ਰਾਬ ਦਾ ਦੌਰ ਫੇਰ ਸ਼ੁਰੂ ਹੋ ਗਿਆ। ਐਨੇ ਨੂੰ ਪਹਿਰੇਦਾਰ ਦੌੜਦਾ ਦੌੜਦਾ ਅੰਦਰ ਆਇਆ ਤੇ ਠਾਣੇਦਾਰ ਨੂੰ ਸਲੂਟ ਮਾਰਕੇ ਕਹਿਣ ਲਗਾ ਕਿ ਆਈ. ਜੀ. ਪੀ. ਸਾਹਿਬ ਆਏ ਹਨ। ਠਾਣੇਦਾਰ ਨੇ ਝਟਪਟ ਬੋਤਲ ਸਾਂਭੀ ਤੇ ਫਟਾਫਟ ਖੜਾ ਹੋ ਗਿਆ। ਐਨੇ ਨੂੰ ਆਈ. ਜੀ. ਪੀ. ਅੰਦਰ ਆ ਗਿਆ। ਵਰਮਾ ਕਹਿਣ ਲਗਾ, "ਸਾਹਿਬ ਜੀ ਇਸ ਵੇਲੇ ਆਪ ਤੁਸੀਂ ਐਨੀ ਕਿਉਂ ਤਕਲੀਫ ਕੀਤੀ ਮੈਨੂੰ ਸੱਦ ਲੈਂਦੇ। ਤੁਹਾਨੂੰ ਰਾਤ ਬਰਾਤੇ ਆਪਣੀ ਜਾਣ ਨੂੰ ਖਤਰੇ ਵਿਚ ਨਹੀਂ ਪੌਣਾ ਚਾਹੀਦਾ।" ਆਈ. ਜੀ. ਪੀ. ਕੁਮਾਰ ਆਕੇ ਠਾਣੇਦਾਰ ਦੀ ਕੁਰਸੀ ਤੇ ਬਹਿ ਗਿਆ ਤੇ ਕਹਿਣ ਲਗਾ, "ਵਰਮੇ ਕਲ ਲੁਧਿਆਣੇ ਅੱਤਵਾਦੀਆਂ ਨੇ ਗੋਲੀ ਚਲਾਕੇ ਦੋ ਸ਼ਿਵਸੇਨਾ ਦੇ ਆਗੂ ਮਾਰ ਦਿੱਤੇ ਹਨ। ਸਾਰੇ ਸ਼ਹਿਰ ਵਿਚ ਹੜਤਾਲ ਹੈ

ਤੇ ਮੈਨੂੰ ਖਬਰ ਮਿਲੀ ਹੈ ਕਿ ਉਹ ਅਤਵਾਦੀ ਤੇਰੇ ਇਲਾਕੇ ਵਿਚ ਹਨ ਤੇ ਮੈਨੂੰ ਕਲ ਸਵੇਰ ਤਕ ਦੋ ਸਿੱਖਾਂ ਦੀਆਂ ਲਾਸ਼ਾਂ ਚਾਹੀਦੀਆਂ ਹਨ ਜਿਵੇਂ ਮਰਜ਼ੀ ਕਰ। ਉਤੋਂ ਭੀ ਫੋਨ ਤੇ ਫੋਨ ਆ ਰਹੇ ਹਨ।" ਐਨੀ ਗੱਲ ਕਹਿਕੇ ਕੁਮਾਰ ਚਲਾ ਗਿਆ। ਠਾਣੇਦਾਰ ਵਰਮਾ ਸੋਚਾਂ ਵਿਚ ਪੈ ਗਿਆ ਕਿ ਉਹ ਹੁਣ ਕਿਥੇ ਜਾਕੇ ਦੋ ਮੁੰਡੇ ਭਾਲੇ। ਜੇ ਕਿਤੇ ਇਸ ਭਾਲ ਵਿਚ ਅਸਲੀ ਜੁਝਾਰੂ ਮਿਲ ਪਏ ਤਾਂ ਲੈਣੇ ਦੇ ਦੇਣੇ ਪੈ ਜਾਣਗੇ। ਕਿਉਂ ਨਾ ਇਹਨਾਂ ਦੋਹਾਂ ਨੂੰ ਅਜ ਵਰਤ ਲਵਾਂ। ਪੰਜਾਹ ਹਜ਼ਾਰ ਦਾ ਸ਼ਿਕਾਰ ਕਲ ਨੂੰ ਕੋਈ ਹੋਰ ਫੜ ਲਵਾਂਗੇ। ਇਹ ਸੋਚਕੇ ਉਹਦੇ ਚੇਹਰੇ ਤੇ ਇਕ ਅਜੀਬ ਜਹੀ ਮੁਸਕਰਾਹਟ ਆਈ ਤੇ ਅਖਾਂ ਵਿਚ ਸ਼ੈਤਾਨ ਵਰਗੀ ਚਮਕ। ਸਿਪਾਹੀਆਂ ਨੂੰ ਕਹਿਣ ਲਗਾ, "ਸੁੱਖੇ ਤੇ ਬਿੱਲੇ ਨੂੰ ਲੈਕੇ ਆਉ ਤੇ ਤੁਸੀਂ ਤਿਆਰ ਹੋ ਜਾਉ।"

ਥੋੜ੍ਹੀ ਦੇਰ ਬਾਦ ਸੁੱਖਾ ਤੇ ਬਿੱਲਾ ਪੇਸ਼ ਕੀਤੇ ਗਏ ਤੇ ਠਾਣੇਦਾਰ ਕਹਿਣ ਲਗਾ, "ਕਾਕਾ ਕੋਈ ਤਕਲੀਫ ਤੇ ਨਹੀਂ ਹੋਈ। ਮੈਂ ਤੁਹਾਨੂੰ ਤੁਹਾਡੇ ਘਰ ਛੱਡਣ ਜਾ ਰਿਹਾ ਹਾਂ ਜਿਵੇਂ ਰਾਤ ਲੈਕੇ ਆਇਆ, ਉਵੇਂ ਹੀ ਵਾਇਦੇ ਮੁਤਾਬਿਕ ਛਡਕੇ ਆਵਾਂਗੇ।" ਪਰ ਉਹਨਾਂ ਕੁਛ ਨਾ ਕਿਹਾ। ਦੋਨਾਂ ਦੇ ਪਿੰਡੇ ਗੁਝੀਆਂ ਸੱਟਾਂ ਨਾਲ ਟੁੱਟੇ ਪਏ ਸਨ ਤੇ ਕਾਫੀ ਨੀਲ ਭੀ ਪਏ ਹੋਏ ਸੀ। ਸੁੱਖੇ ਦੀ ਅੱਖ ਦਾ ਜ਼ਖਮ ਤੇ ਲਹੂ ਹਾਲੇ ਉਵੇਂ ਹੀ ਜੰਮਿਆ ਪਿਆ ਸੀ।

ਠਾਣੇਦਾਰ ਦੋ ਸਿਪਾਹੀ ਤੇ ਸੁੱਖਾ ਤੇ ਬਿੱਲਾ ਜੀਪ ਵਿਚ ਬੈਠੇ ਤੇ ਜੀਪ ਤੁਰ ਪਈ। ਪਰ ਜਦ ਜੀਪ ਸ਼ਹਿਰ ਤੋਂ ਬਾਹਰ ਨਿਕਲੀ ਤਾਂ ਉਹਨਾਂ ਨੇ ਭਾਂਪ ਲਿਆ ਕਿ ਇਹ ਰਾਹ ਤਾਂ ਉਨ੍ਹਾਂ ਦੇ ਪਿੰਡ ਨਹੀਂ ਜਾਂਦਾ ਤੇ ਇਕ ਦੂਸਰੇ ਵਲ ਦੇਖਿਆ ਪਰ ਚੁਪ ਰਹੇ। ਐਨੇ ਨੂੰ ਜੀਪ ਆਕੇ ਨਹਿਰ ਦੇ ਕੰਢੇ ਤੇ ਰੁਕ ਗਈ। ਅਜ ਭੀ ਕਾਫੀ ਠੰਡ ਸੀ ਤੇ ਰਾਤ ਹਨੇਰੀ ਸੀ। ਠਾਣੇਦਾਰ ਨੇ ਸਿਪਾਹੀਆਂ ਨੂੰ ਕਿਹਾ, 'ਇਹਨਾਂ ਨੂੰ ਉਤਾਰੋ, ਠਿਕਾਨਾ ਆ ਗਿਆ।' ਉਹਨਾਂ ਨੂੰ ਲਾਹਕੇ ਦਰਖਤ ਨਾਲ ਬੰਨ੍ਹ ਦਿੱਤਾ ਤੇ ਦੋਹਾਂ ਸਿਪਾਹੀਆਂ ਨੇ ਮਸ਼ੀਨ ਗੰਨ ਨਾਲ ਮੀਂਹ ਬਰ੍ਹਾ ਦਿਤਾ। ਰਾਤ ਦਾ ਸੱਨਾਟਾ ਇਕ ਦਮ ਘਬਰਾਹਟ ਵਿਚ ਬਦਲ ਗਿਆ। ਦਰਖਤਾਂ ਤੇ ਬੈਠੇ ਜਾਨਵਰ ਇਕ ਦਮ ਫੜ ਫੜ ਕਰਕੇ ਉਡੇ। ਉਹ ਦੋਨੋਂ ਹੀ ਢੇਰੀ ਹੋ ਗਏ। ਉਸ ਤੋਂ ਬਾਦ ਉਹਨਾਂ ਨੂੰ ਖੋਹਲਕੇ ਜ਼ਮੀਨ ਤੇ ਲਿਟਾ ਦਿੱਤਾ ਤੇ ਕੋਲ ਉਹਨਾਂ ਦੇ ਦੋ ਦੇਸੀ ਪਿਸਤੌਲ ਤੇ ਕੁਛ ਖਾਲੀ ਕਾਰਤੂਸ ਸੁੱਟ ਦਿੱਤੇ। ਠਾਣੇਦਾਰ ਤੇ ਦੋਨੋਂ ਸਿਪਾਹੀ ਹਸਦੇ ਹਸਦੇ ਠਾਣੇ ਨੂੰ ਪਰਤ ਆਏ। ਉਨ੍ਹਾਂ ਉੱਤੇ ਉੱਕਾ ਹੀ ਅਸਰ ਨਹੀਂ ਸੀ ਇਹਨਾਂ ਨੂੰ ਮਾਰਨ ਦਾ। ਬਸ ਖੁਸ਼ੀ ਸੀ ਕਿ ਹੁਣ ਤਰੱਕੀ ਮਿਲੇਗੀ ਤੇ ਨਾਲੇ ਤਗ਼ਮੇ।

ਉਧਰ ਕਰਤਾਰ ਸਿੰਘ ਤੇ ਉਹਦਾ ਪਰਿਵਾਰ ਸਾਰੀ ਰਾਤ ਨਹੀਂ ਸੁਤੇ। ਉਹ ਜਲਦੀ ਜਲਦੀ ਸ਼ਹਿਰ ਨੂੰ ਗਿਆ ਤਾਂਕਿ ਆੜ੍ਹਤੀਏ ਤੋਂ ਪੈਸੇ ਲੈਕੇ ਮੁੰਡਿਆਂ ਨੂੰ ਲੈ ਆਵੇ।

ਪਰ ਜਦ ਉਹ ਸ਼ਹਿਰ ਪਹੁੰਚਿਆ ਤੇ ਹਰਕਾਰਾ ਉੱਚੀ ਉੱਚੀ ਆਵਾਜ਼ ਦੇ ਰਿਹਾ ਸੀ। "ਅਜ ਦੀ ਤਾਜ਼ਾ ਖਬਰ। ਠਾਣੇਦਾਰ ਵਰਮਾ ਨੇ ਰਾਤ ਦੋ ਅਤਵਾਦੀ ਮਾਰ ਲਏ।" ਕਰਤਾਰ ਸਿੰਘ ਨੇ ਜਦ ਅਖਬਾਰ ਤੇ ਨਿਗਾਹ ਮਾਰੀ ਤਾਂ ਉਹ ਉਥੇ ਹੀ ਬੈਠ ਗਿਆ। ਵਡੀ



ਸੁਰਖੀ ਸੀ। "ਬਦਨਾਮ ਅੱਤਵਾਦੀ ਸੁੱਖਾ ਤੇ ਬਿੱਲਾ ਹਲਾਕ।" ਇਹ ਅੱਤਵਾਦੀ ਰਾਤ ਪੁਲਿਸ ਮੁਕਾਬਲੇ ਵਿਚ ਮਾਰੇ ਗਏ। ਇਹਨਾਂ ਨੇ ਅਗੇ ਕਈ ਖ਼ੂਨ ਕੀਤੇ ਸਨ ਤੇ ਲੁੱਟ ਮਾਰ ਕਰਦੇ ਸਨ। ਲੁਧਿਆਣੇ ਜੋ ਕਲ੍ਹ ਗੋਲੀ ਚਲੀ ਉਸ ਲਈ ਇਹ ਜ਼ੁੰਮੇਵਾਰ ਸਨ। ਇਹਨਾਂ ਕੋਲੋਂ ਭਾਰੀ ਅਸਲਾ ਬਰਾਮਦ ਹੋਇਆ। ਆਈ. ਜੀ. ਪੀ. ਕੁਮਾਰ ਨੇ ਠਾਣੇਦਾਰ ਵਰਮਾ ਦੇ ਇਸ ਕੰਮ ਦੀ ਬੜੀ ਸ਼ਲਾਘਾ ਕੀਤੀ ਤੇ ਜਨਤਾ ਨੂੰ ਯਕੀਨ ਦਿਵਾਇਆ ਕਿ ਛੇਤੀ ਹੀ ਅੱਤਵਾਦ ਖ਼ਤਮ ਹੋ ਜਾਏਗਾ।

ਉਹ ਛੇਤੀ ਛੇਤੀ ਠਾਣੇ ਪਹੁੰਚਾ ਤੇ ਵਰਮਾ ਨੂੰ ਲਗਾ ਭਾਲਣ। ਪਤਾ ਲਗਾ ਕਿ ਵਰਮਾ ਸਾਹਿਬ ਅਜ ਆਈ. ਜੀ. ਪੀ. ਨੂੰ ਮਿਲਣ ਵਾਸਤੇ ਚੰਡੀਗੜ੍ਹ ਗਏ ਹਨ ਤੇ ਉਹਦੀ ਉਥੋਂ ਬਦਲੀ ਹੋ ਰਹੀ ਹੈ। ਡਿਗਦਾ ਢਹਿੰਦਾ ਨਿਰਾਸ ਕਰਤਾਰ ਸਿੰਘ ਘਰ ਪਹੁੰਚਾ। ਮਨਹੂਸ ਖਬਰ ਉਹਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਪਿੰਡ ਪਹੁੰਚ ਗਈ ਸੀ। ਪਿੰਡ ਦੇ ਆਂਢੀ ਗੁਆਂਢੀ ਇਕੱਠੇ ਹੋਏ ਸਨ। ਉਹਦੀ ਢਾਣੀ ਤੇ ਇਕ ਪਾਸੇ ਪਿੰਡ ਦੀਆਂ ਬੁੜ੍ਹੀਆਂ ਬੈਠੀਆਂ ਕੀਰਨੇ ਪਾ ਰਹੀਆਂ ਸੀ। ਉਸ ਵੇਹੜੇ ਜਿਥੇ ਵਿਆਹ ਦੀਆਂ ਤਿਆਰੀਆਂ ਹੋਈਆਂ ਸਨ ਅਜ ਮਕਾਣ ਆ ਬੈਠੀ। ਹੌਲੀ ਹੌਲੀ ਸਾਰੇ ਚਲੇ ਗਏ। ਹਾਲੇ ਲਾਸ਼ਾਂ ਕਲ ਨੂੰ ਮਿਲਣੀਆਂ ਸਨ। ਡਾਕਟਰੀ ਮੁਆਇਨੇ ਵਾਸਤੇ ਗਈਆਂ ਹੋਈਆਂ ਸਨ। ਜਿੰਦੋ ਤੇ ਗੁਰਤੇਜ ਕੌਰ ਰੋ ਰੋ ਕੇ ਥੱਕ ਚੁਕੀਆਂ ਸਨ। ਉਹ ਇਕ ਖੂੰਜੇ ਬੈਠੀਆਂ ਸਨ ਤੇ ਦੂਸਰੇ ਖੂੰਜੇ ਕਰਤਾਰ ਸਿੰਘ ਖੇਸੀ ਦੀ ਬੁਕਲ ਮਾਰੀ ਬੈਠਾ ਸੀ।

ਹਾਲੇ ਭੀ ਠੱਕਾ ਉਸੇ ਤਰ੍ਹਾਂ ਵਗ ਰਿਹਾ ਸੀ। ਮੀਂਹ ਕੁਛ ਤੇਜ਼ ਸੀ। ਸ਼ਾਇਦ ਰਬ ਭੀ ਕਰਤਾਰ ਸਿੰਘ ਦੀ ਬੇਬਸੀ ਤੇ ਰੋ ਰਿਹਾ ਸੀ। ਇੰਜ ਲਗਦਾ ਸੀ ਕਿ ਇਹ ਰਾਤ ਹੁਣ ਕਦੇ ਨਹੀਂ ਮੁੱਕਣੀ। ਕਰਤਾਰ ਸਿੰਘ ਨੂੰ ਇਹ ਰਾਤ ਉਹਦੀ ਆਪਣੀ ਜ਼ਿੰਦਗੀ ਵਰਗੀ ਹਨੇਰੀ ਲਗੀ ਜਿਸ ਵਿਚ ਸਬੇਰਾ ਹੋਣ ਦੀ ਕੋਈ ਉਮੀਦ ਨਹੀਂ ਸੀ।

# ਅਣਪਛਾਤੀ ਲਾਸ਼

ਸ਼ਿੰਗਾਰਾ ਸਿੰਘ ਦੇ ਦੋ ਬੱਚੇ ਹੀ ਸਨ। ਵਡੀ ਲੜਕੀ ਤੇ ਛੋਟਾ ਲੜਕਾ। ਉਸਨੇ ਜੀਤੋ ਦਾ ਵਿਆਹ ਪੰਜ ਛੇ ਸਾਲ ਪਹਿਲਾਂ ਕਰ ਦਿੱਤਾ ਸੀ। ਸੋਹਣਾ ਘਰ ਮਿਲ ਗਿਆ ਸੀ ਤੇ ਉਹ ਅਪਣੇ ਪਰੌਹਣੇ ਨਾਲ ਇੰਗਲੈਂਡ ਚਲੀ ਗਈ ਸੀ। ਕਾਫੀ ਖੁਸ਼ ਸੀ। ਪਰ ਉਹਨੂੰ ਆਪਣੇ ਛੋਟੇ ਭਰਾ ਜੱਸੀ ਦੀ ਬਹੁਤ ਯਾਦ ਆਉਂਦੀ ਸੀ। ਦੋਹਾਂ ਭੈਣ ਭਰਾਵਾਂ ਦਾ ਬਹੁਤ ਪਿਆਰ ਸੀ। ਉਹ ਜਦ ਭੀ ਘਰ ਦਿਆਂ ਨੂੰ ਚਿਠੀ ਪਾਉਂਦੀ ਤਾਂ ਇਹ ਹੀ ਲਿਖਦੀ ਜੱਸੀ ਨੂੰ ਇੰਗਲੈਂਡ ਭੇਜ ਦਿਉ। ਜੱਸੀ ਭੀ ਇੰਗਲੈਡ ਜਾਣਾ ਚਾਹੁੰਦਾ ਸੀ। ਪਰ ਸ਼ਿੰਗਾਰਾ ਸਿੰਘ ਪੜ੍ਹਾਈ ਦਾ ਬਹਾਨਾ ਲਾਕੇ ਟਾਲ ਦੇਂਦਾ। ਜੀਤੋ ਕਹਿੰਦੀ ਜੇ ਰਹਿਣ ਲਈ ਨਹੀਂ ਨਾ ਸਹੀ, ਕਮ-ਸੇ-ਕਮ ਇਕ ਬਾਰ ਸੈਰ ਸਪਾਟੇ ਲਈ ਤਾਂ ਭੇਜ ਦਿਉ। ਇਸ ਬਹਾਨੇ ਮੈਂ ਆਪਣੇ ਵੀਰ ਨੂੰ ਮਿਲ ਲਵਾਂਗੀ। ਇਹ ਸੋਚਕੇ ਸ਼ਿੰਗਾਰਾ ਸਿੰਘ ਨੂੰ ਹੋਲ ਜਿਹਾ ਪੈਂਦਾ। ਇਕੋ ਇਕ ਮੁੰਡਾ ਤੇ ਉਹਨੂੰ ਅਖਾਂ ਤੋਂ ਓਹਲੇ ਕਰਕੇ ਉਹ ਕਾਹਦੇ ਆਸਰੇ ਜੀਣਗੇ। ਇਸੇ ਤਰ੍ਹਾਂ ਦਿਨ ਬੀਤਦੇ ਗਏ। ਪੰਜਾਬ ਦੇ ਹਾਲਾਤ ਦਿਨੋ ਦਿਨ ਬਿਗੜ ਰਹੇ ਸਨ। ਖਾਸ ਤੌਰ ਤੇ ਸਿੱਖ ਗਭਰੂਆਂ ਵਾਸਤੇ ਤਾਂ ਇਹ ਦਿਨ ਬੜੇ ਹੀ ਔਖੇ ਸਨ। ਕਈ ਤਾਂ ਝੁਜਾਰੂਆਂ ਨਾਲ ਜਾ ਰਲੇ। ਕਈ ਪੁਲੀਸ ਦੇ ਅੜਿੱਕੇ ਚੜ੍ਹ ਗਏ ਤੇ ਬਿਨਾਂ ਕਿਸੇ ਕਾਰਨ ਤੇ ਹੀ ਬਲੀ ਦੇ ਬੱਕਰੇ ਬਣ ਗਏ। ਇਕ ਪਾਸੇ ਝੁਜਾਰੂਆਂ ਦੀਆਂ ਮੰਗਾਂ ਤੇ ਨਿਤ ਨਵੀਆਂ ਚਿਠੀਆਂ ਤੇ ਦੂਸਰੇ ਪਾਸੇ ਪੁਲਿਸ ਦਾ ਤਸ਼ਦਦ। ਖਾਸ ਤੌਰ ਤੇ ਪੇਂਡੂ ਪੰਜਾਬੀ ਜਨਤਾ ਤਾਂ ਇਹਨਾਂ ਦੋ ਪੁੜਾਂ ਵਿਚ ਪੀਸੀ ਜਾ ਰਹੀ ਸੀ। ਹਰ ਕੋਈ ਬੇਬਸ ਦਿਸਦਾ ਸੀ।

ਜੱਸੀ ਨੇ ਭੀ ਹੁਣ ਬੀ. ਏ. ਕਰ ਲਈ ਸੀ। ਅਗਾਂਹ ਪੜ੍ਹਣ ਦੀ ਸਲਾਹ ਨਹੀਂ ਸੀ। ਕਾਲਜਾਂ ਦਾ ਮਾਹੌਲ ਭੀ ਬਾਕੀ ਪੰਜਾਬ ਵਾਂਗੂ ਕਾਫੀ ਵਿਗੜਿਆ ਹੋਇਆ ਸੀ। ਪੜ੍ਹਾਈ ਤਾਂ ਬਿਲਕੁਲ ਬੰਦ ਸੀ। ਜੱਸੀ ਹੁਣ ਪੜ੍ਹਾਈ ਤੋਂ ਵਿਹਲਾ ਹੋ ਗਿਆ। ਨੌਕਰੀ ਕੋਈ ਮਿਲਦੀ ਨਹੀਂ ਸੀ ਨਾਂ ਹੀ ਉਹਨੂੰ ਨੌਕਰੀ ਕਰਨ ਦੀ ਕੋਈ ਲੋੜ ਸੀ। ਘਰ ਖੇਤੀਬਾੜੀ ਦਾ ਕੰਮ ਭੀ ਕਦੇ ਨਹੀਂ ਕੀਤਾ। ਸੁਖ ਨਾਲ ਭਈਏ ਬਥੇਰੇ ਮਿਲ ਜਾਂਦੇ ਸਨ ਕੰਮ ਕਰਨ ਵਾਸਤੇ। ਇਕ ਤਾਂ ਮਾਂ ਦਾ ਲਾਡਲਾ ਤੇ ਫੇਰ ਸੁਖ ਨਾਲ ਪਿਉ ਦਾਦੇ ਦੀ ਜ਼ਮੀਨ ਬਥੇਰੀ ਸੀ। ਇਹਨਾਂ ਦੀਆਂ ਪਿਛੇ ਚਾਰ ਪੁਸ਼ਤਾਂ ਵਿਚ ਇਕ ਇਕ ਲੜਕਾ ਹੀ ਹੁੰਦਾ ਰਿਹਾ। ਪੀੜ੍ਹੀ ਤਾਂ ਚਲਦੀ



ਰਹੀ। ਜ਼ਮੀਨ ਦੀ ਵੰਡ ਨਾ ਹੋਣ ਕਰਕੇ ਜ਼ਮੀਨ ਹੌਲੀ ਹੌਲੀ ਵਧਦੀ ਗਈ ਤੇ ਹੁਣ ਇਹਨਾਂ ਕੋਲ ਪਿੰਡ ਵਿਚ ਸਭ ਤੋਂ ਵਧ ਜ਼ਮੀਨ ਸੀ।

ਐਨੀ ਜ਼ਮੀਨ ਜਾਇਦਾਦਾਂ ਦੇ ਹੁੰਦਿਆਂ ਹੋਇਆਂ ਭੀ ਸ਼ਿੰਗਾਰਾ ਸਿੰਘ ਬੜੀ ਹਲੀਮੀ ਵਿਚ ਰਹਿੰਦਾ। ਕਦੇ ਕਿਸੇ ਨੂੰ ਉੱਚੀ ਨਾ ਬੋਲਦਾ। ਇੱਥੋਂ ਤਕ ਕਿ ਕਦੇ ਕਿਸੇ ਨੇ ਉਹਨੂੰ ਪਸ਼ੂਆਂ ਨੂੰ ਭੀ ਗਾਲਾਂ ਕੱਢਦੇ ਨਹੀਂ ਸੁਣਿਆ। ਆਏ ਗਏ ਦੀ ਦਿਲ ਖੋਹਲਕੇ ਮਦਦ ਕਰਦਾ। ਹਰ ਕੋਈ ਉਹਦੀ ਇੱਜ਼ਤ ਕਰਦਾ ਸੀ। ਸਰਕਾਰੇ ਦਰਬਾਰੇ ਭੀ ਉਹਦੀ ਪੁਛ ਸੀ।

ਕਾਕਾ ਜੀ ਨੂੰ ਹੁਣ ਹੋਰ ਕੋਈ ਕੰਮ ਨਾ ਹੋਣ ਕਰਕੇ ਸੈਰ ਸਪਾਟੇ ਦਾ ਕਾਫੀ ਸ਼ੋਕ ਸੀ। ਉਹ ਰਾਤ ਨੂੰ ਕਾਫੀ ਕਾਫੀ ਦੇਰ ਤਕ ਘਰ ਨਾ ਮੁੜਦਾ। ਉਹਦੀ ਮਾਂ ਕਿਸ਼ਨ ਕੋਰ ਓਨੀ ਦੇਰ ਤਕ ਜਾਗਦੀ ਰਹਿੰਦੀ ਜਿਨੀ ਦੇਰ ਤਕ ਉਹ ਘਰ ਨਾ ਆਉਂਦਾ। ਬੋਹੜਾ ਗੁੱਸੇ ਹੁੰਦੀ। ਫੇਰ ਜਦੋਂ ਜੱਸੀ ਉਹਨੂੰ ਕਲਾਵੇ ਵਿਚ ਲੈਕੇ ਕਹਿੰਦਾ, “ਬੇਬੇ ਗਲਤੀ ਹੋ ਗਈ ਫੇਰ ਨਹੀਂ ਕਰਦਾ।” ਕਿਸ਼ਨ ਕੋਰ ਦਾ ਗੁੱਸਾ ਠੰਡਾ ਹੋ ਜਾਂਦਾ ਤੇ ਕਹਿੰਦੀ, “ਗਲਤੀ ਦਾ ਬੱਚਾ ਰੋਜ਼ ਤੇਰਾ ਇਹ ਹੀ ਕੰਮ ਹੈ ਤੇਰੇ ਪਿਉ ਨੇ ਸਿਰ ਚੜ੍ਹਾਇਆ ਹੈ। ਮੇਰੀ ਜਾਨ ਸੁਕਣੀ ਪਈ ਰਹਿੰਦੀ ਹੈ।”

ਉਹ ਮੂਹਰਿਓਂ ਹਸਕੇ ਕਹਿੰਦਾ, “ਬੇਬੇ ਤੈਨੂੰ ਕਾਹਦਾ ਫਿਕਰ ਹੈ। ਕਿਸੇ ਦੀ ਕੀ ਮਜਾਲ, ਜੇ ਤੇਰੇ ਪੁੱਤ ਵਲ ਝਾਕ ਤਾਂ ਜਾਵੇ। ਬਾਪੂ ਦੀ ਜਾਨ ਪਛਾਣ ਝੁਜਾਰੂਆਂ ਨਾਲ ਭੀ ਹੈ ਤੇ ਸਰਕਾਰ ਨਾਲ ਭੀ।”

ਅਜਕਲ ਇਸ ਇਲਾਕੇ ਵਿਚ ਕੋਈ ਨਾ ਕੋਈ ਵਾਰਦਾਤ ਹੁੰਦੀ ਹੀ ਰਹਿੰਦੀ ਸੀ। ਜਸਵੀਰ ਨਾਲਦੇ ਕੁਛ ਮੁੰਡੇ ਝੁਜਾਰੂਆਂ ਨਾਲ ਜਾ ਰਲੇ ਤੇ ਕੁਛ ਪੁਲਿਸ ਵਿਚ ਭਰਤੀ ਹੋ ਗਏ। ਆਖਿਰ ਸਾਰੇ ਮਹੌਲ ਨੂੰ ਦੇਖਦਿਆਂ ਹੋਇਆਂ ਸ਼ਿੰਗਾਰਾ ਸਿੰਘ ਨੇ ਕਿਸ਼ਨ ਕੋਰ ਨਾਲ ਸਲਾਹ ਕਰਕੇ ਇਸ ਗੱਲ ਵਿਚ ਭਲਾਈ ਸਮਝੀ ਕਿ ਜਸਵੀਰ ਨੂੰ ਬਾਹਰ ਭੇਜ ਦਿੱਤਾ ਜਾਵੇ। ਕਮ-ਸੇ-ਕਮ ਆਪਣੀ ਭੈਣ ਨੂੰ ਤਾਂ ਮਿਲ ਆਵੇਗਾ ਤੇ ਜੇ ਚਿਤ ਨਾ ਲਗਾ ਤਾਂ ਵਾਪਿਸ ਆ ਜਾਵੇਗਾ। ਸ਼ਾਇਦ ਉਦੋਂ ਤਕ ਏਥੇ ਹਾਲਾਤ ਭੀ ਕੁਝ ਸੁਧਰ ਜਾਣ। ਆਖਿਰ ਉਹਨਾ ਜੀਤੋ ਨੂੰ ਚਿਠੀ ਭੇਜ ਦਿੱਤੀ ਕਿ ਰਾਹ ਦਾਰੀ ਭੇਜ ਦੇਵੇ।

ਅਗੋਂ ਜੀਤੋ ਤਾਂ ਪਹਿਲਾਂ ਹੀ ਕਾਫੀ ਉਤਾਵਲੀ ਸੀ। ਛੇ ਕੁ ਮਹੀਨੇ ਵਿਚ ਜਸਵੀਰ ਦਾ ਸਾਰਾ ਕੰਮ ਬਣ ਗਿਆ। ਇਸ ਦੌਰਾਨ ਉਹਨੂੰ ਦੋ ਤਿੰਨ ਬਾਰ ਦਿੱਲੀ ਜਾਣਾ ਪਿਆ। ਇਕ ਗੱਲ ਉਹਨੂੰ ਬੜੀ ਚੁਭਦੀ ਕਿ ਰਾਹ ਵਿਚ ਹਰ ਪੁਲਿਸ ਚੋਕੀ ਤੇ ਉਹਨੂੰ ਤੇ ਹੋਰ ਸਿੱਖਾਂ ਨੂੰ ਪੁਲਿਸ ਵਾਲੇ ਬਸਾਂ ਤੋਂ ਥਲੇ ਲਾਹਕੇ ਊਲ ਜਲੂਲ ਸਵਾਲ ਕਰਦੇ, ਤਲਾਸ਼ੀਆਂ ਲੈਂਦੇ ਤੇ ਫੇਰ ਚਾਹ ਪਾਣੀ ਵਾਸਤੇ ਧੱਕੇ ਨਾਲ ਵਸੂਲੀ ਕਰਦੇ। ਕਈ ਬਾਰ ਜਦ ਉਹ ਕਿਸੇ ਬਜ਼ੁਰਗ ਦੀ ਬੇਇਜ਼ਤੀ ਕਰਦੇ ਤਾਂ ਜੱਸੀ ਕੋਲੋਂ ਰਿਹਾ ਨਾ ਜਾਂਦਾ। ਉਹਦਾ ਪਿਉ ਉਹਨੂੰ ਇਹ ਕਹਿਕੇ ਠੰਡਾ ਕਰਦਾ, ਚਲ ਕਾਕਾ ਤੂੰ ਕੇਹੜਾ ਹੁਣ ਏਥੇ ਰਹਿਣਾ ਹੈ। ਸਾਡੀ

ਕਿਸਮਤ ਤਾਂ ਹੁਣ ਇਸ ਤਰ੍ਹਾਂ ਹੀ ਹੈ ਜੋ ਮਾਲਕ ਨੂੰ ਭਾਵੇ।

ਆਖਿਰ ਉਹ ਭਾਗਾਂ ਵਾਲੀ ਘੜੀ ਆ ਗਈ ਜਿਸਦੀ ਸਭ ਨੂੰ ਉਡੀਕ ਸੀ। ਜਸਵੀਰ ਨੂੰ ਜਦੋਂ ਵਿਜ਼ਾ ਮਿਲ ਗਿਆ ਤਾਂ ਉਹਦੀ ਖ਼ੁਸ਼ੀ ਦਾ ਕੋਈ ਹੱਦ ਬੰਨਾ ਨਾ ਰਿਹਾ। ਇੰਗਲੈਂਡ ਨੂੰ ਜਾਣ ਦੀ ਤਿਆਰੀ ਹੋਣ ਲਗ ਪਈ। ਸੋਹਣਾ ਨੀਲੇ ਰੰਗ ਦਾ ਸੂਟ ਸਮਾਇਆ। ਨਵੇਂ ਬਾਟੇ ਦੇ ਬੂਟ, ਨਵੀਂ ਘੜੀ। ਸਭ ਕੁਛ ਨਵਾਂ। ਜਸਵੀਰ ਦੇ ਪੈਰ ਧਰਤੀ ਤੇ ਨਾ ਲਗਦੇ। ਇਕ ਤੇ ਛੇਤੀ ਭੈਣ ਨੂੰ ਮਿਲਣ ਦੀ ਖ਼ੁਸ਼ੀ ਤੇ ਦੂਸਰੇ ਇੰਗਲੈਂਡ ਵਰਗੇ ਮੁਲਕ ਵਿਚ ਜਾਣ ਦਾ ਮੌਕਾ। ਉਹ ਦਿਨ ਰਾਤ ਭਾਂਤ ਭਾਂਤ ਦੇ ਸੁਪਨੇ ਦੇਖਦਾ। ਜਦ ਕਦੇ ਉਹ ਆਪਣੀ ਮਾਂ ਤੇ ਪਿਉ ਦਾ ਉਦਾਸ ਚੇਹਰਾ ਦੇਖਦਾ ਤਾਂ ਉਹਦਾ ਦਿਲ ਭੀ ਬਹਿਣ ਲਗ ਜਾਂਦਾ ਤੇ ਕਹਿਣ ਲਗ ਪੈਂਦਾ, "ਬੇਬੇ ਮੈਂ ਕੇਹੜਾ ਉਥੇ ਜਾਕੇ ਬੈਠਾ ਰਹਿਣਾ ਹੈ। ਜਦੋਂ ਤੁਸੀਂ ਕਹੋਗੇ ਉਦੋਂ ਹੀ ਵਾਪਿਸ ਆ ਜਾਵਾਂਗਾ।" ਕਿਸ਼ਨ ਕੌਰ ਬੜੀ ਹੌਲੀ ਜਹੀ ਕਹਿੰਦੀ "ਕਾਕਾ ਉਸ ਧਰਤੀ ਦਾ ਪਾਣੀ ਹੀ ਐਸਾ ਹੈ, ਉਥੇ ਗਿਆ ਕਦੇ ਕੋਈ ਮੁੜਦਾ ਨਹੀਂ। ਤੂੰ ਭੀ ਭੁਲ ਜਾਵੇਂਗਾ ਸਾਨੂੰ, ਜਦ ਕਿਸੇ ਮੇਮ ਦੇ ਜਾਲ ਵਿਚ ਫਸ ਗਿਆ।" ਜਸਵੀਰ ਦਾ ਮੂੰਹ ਲਾਲ ਹੋ ਜਾਂਦਾ, "ਕਹਿੰਦਾ ਬੇਬੇ ਇਹ ਕੀ ਕਹਿੰਦੀ ਏਂ, ਮੈਂ ਪਹਿਲੀ ਗੱਲ ਤਾਂ ਵਿਆਹ ਕਰਵੌਣਾ ਨਹੀਂ। ਜੇ ਕਰਵਾਇਆ ਕੁੜੀ ਤੁਹਾਡੀ ਪਸੰਦ ਦੀ ਹੋਵੇਗੀ।"

ਅਜ ਜਸਵੀਰ ਜਲੰਧਰ ਤੋਂ ਟਿਕਟ ਲੈ ਕੇ ਆਇਆ ਸੀ। ਸਾਰੇ ਸੱਜਣ ਮਿੱਤਰ ਤੇ ਰਿਸ਼ਤੇਦਾਰ ਉਹਨੂੰ ਤੋਰਨ ਲਈ ਇਕੱਠੇ ਹੋਏ ਹੋਏ ਸਨ। ਘਰ ਦੇ ਵਿਚ ਵਿਆਹ ਵਾਲਾ 'ਕਠ ਸੀ। ਪਹਿਲਾਂ ਤਾਂ ਜੱਸੀ ਦੇ ਪਿਤਾ ਤੇ ਇਕ ਦੋਸਤ ਨੇ ਉਹਨੂੰ ਕਾਰ ਵਿਚ ਛਡਣ ਜਾਣਾ ਸੀ ਪਰ ਹਾਲਾਤ ਹੋਰ ਵਿਗੜ ਗਏ ਸਨ।

ਜਸਵੀਰ ਕਹਿਣ ਲਗਾ, "ਬਾਪੂ ਜੀ ਮੈਂ ਇਕੱਲਾ ਹੀ ਬਸ ਤੇ ਚਲੇ ਜਾਊਂਗਾ ਤੁਸੀਂ ਕਾਹਨੂੰ ਔਖੇ ਹੋਣਾ ਹੈ। ਜੇ ਕੋਈ ਸਮਾਨ ਵਧ ਘਟ ਹੋਇਆ ਤਾਂ ਮੈਂ ਚਾਚਾ ਵਰਿਆਮ ਸਿੰਘ ਜੀ ਹੁਰਾਂ ਕੋਲੇ ਛਡ ਜਾਊਂਗਾ। ਉਹ ਕਹਿੰਦੇ ਸੀ ਉਹ ਮੈਨੂੰ ਆਪ ਹੀ ਹਵਾਈ ਜਹਾਜ਼ ਤੇ ਚਾੜ੍ਹ ਆਉਣਗੇ। ਆਖਿਰ ਹਾਲਾਤ ਨੂੰ ਭਾਂਪਦੇ ਹੋਏ ਸਭ ਨੇ ਇਸ ਵਿਚ ਹੀ ਭਲਾਈ ਸਮਝੀ ਕਿ ਉਹ ਇਕਲਾ ਹੀ ਬੱਸ ਵਿਚ ਜਾਵੇ।

ਸਾਰੀ ਰਾਤ ਟੱਬਰ ਦਾ ਕੋਈ ਭੀ ਜੀ ਨਹੀਂ ਸੁੱਤਾ। ਕਿਸ਼ਨ ਕੌਰ ਸਾਰੀ ਰਾਤ ਜੱਸੀ ਨੂੰ ਮੱਤਾਂ ਦੇਂਦੀ ਰਹੀ। ਦੇਖੀਂ ਆਹ ਨਾ ਕਰੀਂ, ਔਹ ਨਾ ਕਰੀਂ, ਆਪਣੀ ਸੇਹਤ ਦਾ ਖਿਆਲ ਰਖੀਂ। ਐਨੇ ਨੂੰ ਕੁੱਕੜ ਨੇ ਵਾਂਗ ਦੇ ਦਿੱਤੀ ਤੇ ਪਿੰਡ ਦੇ ਗੁਰਦਵਾਰਾ ਸਾਹਿਬ ਤੋਂ ਆਸਾ ਦੀ ਵਾਰ ਦੀ ਆਵਾਜ਼ ਆਉਣ ਲਗੀ। ਸ਼ਿੰਗਾਰਾ ਸਿੰਘ ਤੇ ਕਿਸ਼ਨ ਕੌਰ ਨੇ ਇਸ਼ਨਾਨ ਕੀਤਾ। ਇਸ਼ਨਾਨ ਤੇ ਬਾਦ ਉਹਨਾਂ ਦੇਗ ਤਿਆਰ ਕੀਤੀ ਤੇ ਜੱਸੀ ਨੂੰ ਨਾਲ ਲੈਕੇ ਗੁਰਦਵਾਰੇ ਚਲੇ ਗਏ। ਮੱਥਾ ਟੇਕਿਆ। ਅਰਦਾਸ ਕੀਤੀ ਤੇ ਉਸ ਤੋਂ ਬਾਦ ਘਰ ਆਕੇ ਨਾਸ਼ਤਾ ਕਰਕੇ ਬੱਸ ਅੱਡੇ ਵਲ ਨੂੰ ਚਲ ਪਏ।

ਬੱਸ ਚੜ੍ਹਣ ਲਗੇ ਨੂੰ ਕਿਸ਼ਨ ਕੌਰ ਨੇ ਘੁਟ ਕੇ ਪਿਆਰ ਕੀਤਾ ਤੇ ਸ਼ਿੰਗਾਰਾ ਸਿੰਘ ਨੇ



ਇਹ ਹੀ ਗੱਲ ਆਖੀ, "ਦੇਖੀਂ ਕਾਕਾ ਆਪਣਾ ਖਿਆਲ ਰਖੀਂ। ਰਾਹ ਵਿਚ ਜੇ ਕਿਤੇ ਪੁਲਿਸ ਵਾਲਿਆਂ ਰੋਕ ਲਿਆ ਤਾਂ ਕੋਈ ਵਧ ਘਟ ਨਾ ਬੋਲੀਂ। ਇਹ ਤਾਂ ਬਹਾਨੇ ਭਾਲਦੇ ਹੀ ਰਹਿੰਦੇ ਨੇ। ਜੇ ਕੋਈ ਸੌ ਪੰਜਾਹ ਚਾਹ ਪਾਣੀ ਵਾਸਤੇ ਮੰਗੇ ਤਾਂ ਦੇਕੇ ਗਲੋਂ ਲਾਹੀਂ। ਪਹੁੰਚਦਿਆਂ ਹੀ ਚਿਠੀ ਪਾ ਦੇਣੀ........" ਹਾਲੇ ਸ਼ਿੰਗਾਰਾ ਸਿੰਘ ਦੀ ਗੱਲ ਪੂਰੀ ਨਹੀਂ ਸੀ ਹੋਈ ਬੱਸ ਚਲ ਪਈ। ਜੱਸੀ 'ਚੰਗਾ ਬਾਪੂ ਜੀ ਸਤ ਸ੍ਰੀ ਅਕਾਲ' ਕਹਿੰਦਾ ਹੋਇਆ ਹਥ ਮਾਰਨ ਲਗ ਪਿਆ।

ਕਿਸ਼ਨ ਕੌਰ ਨੂੰ ਇੰਜ ਲਗਾ ਕਿ ਕੋਈ ਉਹਦਾ ਦਿਲ ਕੱਢਕੇ ਲੈ ਗਿਆ ਹੈ। ਹੌਲ ਜਿਹਾ ਪਿਆ ਪਰ ਸੰਭਲ ਗਈ। ਕੁਛ ਦੇਰ ਤਕ ਜਸਵੀਰ ਦਾ ਹਿਲਦਾ ਹੱਥ ਤਾਕੀ 'ਚੋਂ ਨਜ਼ਰ ਆਉਂਦਾ ਰਿਹਾ। ਹੌਲੀ ਹੌਲੀ ਬੱਸ ਨਜ਼ਰਾਂ ਤੋਂ ਓਹਲੇ ਹੋ ਗਈ। ਕਿਸ਼ਨ ਕੌਰ ਬੁਤ ਦੀ ਤਰ੍ਹਾਂ ਖੜੀ ਹਾਲੇ ਭੀ ਉਸ ਪਾਸੇ ਵਲ ਹੀ ਝਾਕੀ ਜਾ ਰਹੀ ਸੀ ਜਿਧਰ ਨੂੰ ਬਸ ਗਈ ਸੀ। ਸ਼ਿੰਗਾਰਾ ਸਿੰਘ ਦਾ ਦਿਲ ਭੀ ਭਰਿਆ ਹੋਇਆ ਸੀ ਤੇ ਅੱਖਾਂ ਵਿਚ ਪਾਣੀ ਸੀ। ਆਖਿਰ ਉਹਨੇ ਕਿਸ਼ਨ ਕੌਰ ਦਾ ਮੋਢਾ ਹਿਲਾਇਆ ਤੇ ਕਹਿਣ ਲੱਗਾ, "ਚਲ ਹੁਣ ਘਰ ਨਹੀਂ ਜਾਣਾ? ਕੀ ਸੀਲ ਪੱਥਰ ਵਾਂਗ ਏਥੇ ਹੀ ਗਡੀ ਜਾਵੇਂਗੀ।" ਦੋਨੋਂ ਜਣੇ ਚੁਪ ਚਾਪ ਟਰੈਕਟਰ ਤੇ ਘਰ ਨੂੰ ਮੁੜ ਪਏ। ਸਾਰੇ ਰਸਤੇ ਕੋਈ ਕੁਛ ਨਾ ਬੋਲਿਆ।

ਸ਼ਾਮ ਨੂੰ ਜਦੋਂ ਉਹ ਦਿੱਲੀ ਪਹੁੰਚਾ ਤਾਂ ਸਿਧਾ ਸਕੂਟਰ ਲੈ ਕੇ ਸ. ਵਰਿਆਮ ਸਿੰਘ ਦੇ ਘਰ ਚਲੇ ਗਿਆ। ਵਰਿਆਮ ਸਿੰਘ ਸ਼ਿੰਗਾਰਾ ਸਿੰਘ ਦਾ ਕਾਲੇਜ ਵੇਲੇ ਦਾ ਦੋਸਤ ਸੀ। ਕਾਫੀ ਪਿਆਰ ਸੀ ਦੋਨਾਂ ਵਿਚ। ਜਸਵੀਰ ਦਾ ਹੋਰ ਕੋਈ ਤਾਇਆ ਚਾਚਾ ਨਾ ਹੋਣ ਕਰਕੇ ਇਹ ਸਕਿਆਂ ਵਾਂਗ ਹੀ ਸੀ। ਵਰਿਆਮ ਸਿੰਘ ਭੀ ਸ਼ਿੰਗਾਰਾ ਸਿੰਘ ਨੂੰ ਬੜਾ ਹੋਣ ਕਰਕੇ 'ਬਾਈ ਜੀ' ਹੀ ਕਹਿੰਦਾ ਸੀ।

ਜਦੋਂ ਵਰਿਆਮ ਸਿੰਘ ਨੇ ਕੁੰਡਾ ਖੋਲ੍ਹਿਆ ਤੇ ਜੱਸੀ ਨੂੰ ਇਕਲਿਆਂ ਦੇਖਕੇ ਹੈਰਾਨ ਹੋਇਆ ਕਹਿਣ ਲਗਾ, "ਉਹ ਜੱਸੀ ਇਕੱਲਾ ਹੀ ਆਇਆ ਏਂ। ਤੈਨੂੰ ਬਾਈ ਨੇ ਇਕਲਿਆਂ ਕਿੰਜ ਆ ਲੈਣ ਦਿੱਤਾ।" ਜੱਸੀ ਕਹਿੰਦਾ "ਚਾਚਾ ਜੀ ਹੁਣ ਮੈਂ ਜਵਾਨ ਹੋ ਗਿਆ ਹਾਂ। ਅਗਾਹ ਇੰਗਲੈਂਡ ਵਿਚ ਭੀ ਇਕੱਲਿਆਂ ਹੀ ਸਭ ਕਰਨਾ ਹੈ। ਮੈਂ ਸੋਚਿਆ ਕਿਉਂ ਨਾ ਹੁਣ ਤੋਂ ਹੀ ਸ਼ੁਰੂ ਕਰ ਦੇਵਾਂ।" ਸਾਰੇ ਹਸ ਪਏ।

ਦੂਸਰੇ ਦਿਨ ਸਵੇਰੇ ਉਠਕੇ ਜੱਸੀ ਕਹਿਣ ਲਗਾ, 'ਚਾਚਾ ਜੀ ਮੈਂ ਬਾਲ ਕਟਵੌਣੇ ਹਨ'। ਵਰਿਆਮ ਸਿੰਘ ਕਹਿਣ ਲਗਾ, 'ਉਏ ਤੂੰ ਆਪ ਤਾਂ ਭੱਜ ਜਾਏਂਗਾ ਇੰਗਲੈਂਡ ਨੂੰ। ਪਿਛੋ ਬਾਈ ਮੇਰੇ ਦੁਆਲੇ ਛਿਤਰ ਲਾਹੀ ਫਿਰੂ।' ਜੱਸੀ ਕਹਿੰਦਾ, "ਚਾਚਾ ਜੀ! ਉਹਨਾਂ ਨੂੰ ਪਤਾ ਹੀ ਹੈ। ਉਹ ਕਹਿੰਦੇ ਸਨ ਜਾਕੇ ਜੋ ਤੇਰਾ ਦਿਲ ਕਰੇ ਕਰੀਂ।" "ਚੰਗਾ ਜੋ ਤੇਰੀ ਮਰਜ਼ੀ" ਇਹ ਕਹਿਕੇ ਉਹਨਾਂ ਜੱਸੀ ਨੂੰ ਨੌਕਰ ਨਾਲ ਤੋਰ ਦਿੱਤਾ।

ਸ਼ਾਮ ਨੂੰ ਹਵਾਈ ਅੱਡੇ ਤੇ ਜਾਣ ਤੋਂ ਪਹਿਲਾਂ ਜਦੋਂ ਉਹਨਾਂ ਪੁੱਛ ਗਿੱਛ ਕੀਤੀ ਤਾਂ ਵਰਿਆਮ ਸਿੰਘ ਹੈਰਾਨ ਰਹਿ ਗਿਆ। ਟਿਕਟ ਤਾਂ ਇਸ ਐਤਵਾਰ ਦੀ ਸੀ ਪਰ ਉਹਦੀ

ਸੀਟ ਅਗਲੇ ਐਤਵਾਰ ਦੀ ਬੁਕ ਸੀ। ਵਰਿਆਮ ਸਿੰਘ ਨੇ ਬੜੀ ਭਜ ਦੌੜ ਕੀਤੀ। ਆਖਿਰ ਨੂੰ ਇਕ ਬੰਦਾ ਮਿਲਿਆ ਜੋ ਕਹਿੰਦਾ ਪੰਦਰਾ ਹਜ਼ਾਰ ਹੋਰ ਦੇ ਦਿਉ। ਮੈਂ ਸੀਟ ਹੋਰ ਕਿਸੇ ਦੀ ਕੈਂਸਲ ਕਰਕੇ ਇਹਨੂੰ ਚਾੜ੍ਹ ਦੇਊਂਗਾ। ਜੱਸੀ ਨੂੰ ਇਹ ਠੀਕ ਨਾ ਲਗਾ। ਉਹ ਆਪ ਤਾਂ ਨਿਰਾਸ਼ ਹੋਇਆ ਹੀ ਸੀ। ਉਹ ਆਪਣੇ ਲਾਲਚ ਕਾਰਨ ਕਿਸੇ ਹੋਰ ਨੂੰ ਨਿਰਾਸ਼ ਨਹੀਂ ਸੀ ਕਰਨਾ ਚਾਹੁੰਦਾ। ਉਹਨੇ ਆਪਣੀ ਭੈਣ ਜੀ ਨੂੰ ਫੋਨ ਕੀਤਾ। ਉਨ੍ਹਾਂ ਭੀ ਇਹ ਹੀ ਸਲਾਹ ਦਿੱਤੀ ਕਿ ਕਾਹਨੂੰ ਪੰਦਰਾਂ ਹਜ਼ਾਰ ਹੋਰ ਖਰਚਨਾ ਹੈ। ਅਗਲੇ ਹਫਤੇ ਸਹੀ। ਜਿਥੇ ਐਨੀ ਦੇਰ ਉਥੇ ਇਕ ਹਫਤਾ ਹੋਰ ਸਹੀ।

ਉਹਨਾਂ ਪਿੰਡ ਫੋਨ ਕਰਨ ਦੀ ਕੋਸ਼ਿਸ਼ ਕੀਤੀ। ਲਾਈਨ ਨਾ ਮਿਲੀ। ਆਖਿਰ ਜੱਸੀ ਕਹਿਣ ਲਗਾ, "ਚਾਚਾ ਜੀ ਮੈਂ ਏਥੇ ਭੀ ਹਫਤਾ ਬੈਠਕੇ ਕੀ ਕਰੂੰਗਾ। ਕਲ ਨੂੰ ਵਾਪਿਸ ਪਿੰਡ ਜਾ ਔਨਾ ਹਾਂ। ਅਗਲੇ ਸ਼ੁਕਰਵਾਰ ਮੈਂ ਵਾਪਿਸ ਆ ਜਾਵਾਂਗਾ।" ਦੂਸਰੇ ਦਿਨ ਸਵੇਰੇ ਵਰਿਆਮ ਸਿੰਘ ਉਹਨੂੰ ਪੰਜਾਬ ਨੂੰ ਜਾਣ ਵਾਲੀ ਬਸ ਤੇ ਚਾੜ੍ਹ ਆਇਆ। ਉਹ ਆਪਣਾ ਸਾਰਾ ਸਮਾਨ ਉਥੇ ਹੀ ਛਡ ਗਿਆ। ਸਿਰਫ ਤੇੜ ਦੇ ਕਪੜੇ ਸਨ ਉਹਦੇ ਕੋਲ। ਵਾਪਿਸ ਆਉਂਦੇ ਹੋਏ ਜਸਵੀਰ ਨੂੰ ਇਹ ਗਲ ਬੜੀ ਅਜੀਬ ਲਗੀ। ਹੁਣ ਜਦੋਂ ਭੀ ਕਿਤੇ ਪੁਲਿਸ ਵਾਲਿਆਂ ਨੇ ਬਸ ਰੋਕੀ ਉਹਨੂੰ ਕਿਸੇ ਨੇ ਕੁਛ ਨਹੀਂ ਪੁਛਿਆ। ਨਾ ਹੀ ਬੱਸ ਦੇ ਥਲੇ ਲਾਹਿਆ।

ਇਕ ਜਗਾਹ ਬਾਕੀ ਸਿੱਖ ਮੁਸਾਫਰਾਂ ਦੀ ਤਲਾਸ਼ੀ ਲੈਂਦਿਆਂ ਹੋਇਆਂ ਪੁਲਿਸ ਵਾਲਿਆਂ ਕਾਫੀ ਦੇਰ ਲਾ ਦਿੱਤੀ। ਬੱਸ ਲੇਟ ਹੋ ਗਈ। ਉਹਨਾਂ ਦੇ ਪਿੰਡ ਨੂੰ ਜਾਣ ਵਾਲੀ ਬਸ ਜਾ ਚੁੱਕੀ ਸੀ। ਉਹਨੇ ਟੈਂਪੂ ਜਾਂ ਜੀਪ ਕਰਨ ਦੀ ਕੋਸ਼ਿਸ਼ ਕੀਤੀ। ਕੋਈ ਭੀ ਪਿੰਡ ਵਲ ਨੂੰ ਜਾਣ ਨੂੰ ਤਿਆਰ ਨਹੀਂ ਸੀ ਕਿਸੇ ਵੀ ਭਾ ਤੇ। ਏਥੋਂ ਉਹਦਾ ਪਿੰਡ ਤਿੰਨ ਮੀਲ ਸੀ। ਪਹਿਲਾਂ ਤਾਂ ਉਨੇ ਸੋਚਿਆ ਆੜ੍ਹਤੀਏ ਦੇ ਠਹਿਰ ਜਾਵੇ। ਫੇਰ ਜਵਾਨੀ ਦੇ ਜੋਸ਼ ਵਿਚ ਆਕੇ ਉਹ ਪਿੰਡ ਵਲ ਨੂੰ ਤੁਰ ਪਿਆ। ਪਿੰਡ ਨੂੰ ਜਾਣ ਵਾਲੀ ਸੜਕ ਸੁਨਸਾਨ ਸੀ। ਕੋਈ ਪੈਦਲ ਜਾਂ ਸਵਾਰੀ ਨਜ਼ਰ ਨਹੀਂ ਸੀ ਆਉਂਦੀ। ਸੂਰਜ ਡੁੱਬ ਚੁੱਕਾ ਸੀ। ਹੌਲੀ ਹੌਲੀ ਹਨੇਰਾ ਵਧ ਰਿਹਾ ਸੀ। ਜਸਵੀਰ ਕਾਹਲੀ ਕਾਹਲੀ ਪਿੰਡ ਵਲ ਨੂੰ ਵਧ ਰਿਹਾ ਸੀ।

ਅਚਾਨਕ ਉਹਨੂੰ ਸੜਕ ਦੇ ਇਕ ਪਾਸੇ ਝਾੜੀਆਂ 'ਚੋਂ ਹਿਲ ਜੁਲ ਨਜ਼ਰ ਆਈ। ਜਸਵੀਰ ਸਹਿਮ ਗਿਆ ਤੇ ਰੁਕ ਗਿਆ। ਹੌਲੀ ਹੌਲੀ ਚਾਰ ਆਦਮੀ ਸਾਹਮਣੇ ਸੜਕ ਤੇ ਕੁਛ ਫੁਟ ਦੂਰੀ ਤੇ ਆ ਕੇ ਖਲੋ ਗਏ। ਉਹਨਾਂ 'ਚੋਂ ਇਕ ਨੇ ਬੈਟਰੀ ਦੀ ਲੋ ਜਸਵੀਰ ਦੇ ਮੂੰਹ ਤੇ ਮਾਰੀ। ਬੜੇ ਰੋਹਬ ਨਾਲ ਕਹਿਣ ਲਗਾ, "ਉਏ ਲਾਲਾ ਜੋ ਭੀ ਤੇਰੇ ਕੋਲ ਹੈ ਦੇ ਦੇ ਸਿੰਘਾਂ ਨੂੰ; ਜੇ ਜਾਨ ਬਚੋਣੀ ਚੌਹਦਾ ਏਂ ਤਾਂ।"

ਜਸਵੀਰ ਨੂੰ ਇਹ ਪਤਾ ਲਗਾ ਕਿ ਇਹ ਕੋਈ ਆਮ ਲੁਟੇਰੇ ਨਹੀਂ ਝੁਜਾਰੂ ਸਿੰਘ ਹਨ। ਉਹਨੂੰ ਥੋਹੜਾ ਜਿਹਾ ਹੌਂਸਲਾ ਹੋਇਆ।

ਉਹ ਥੋਹੜਾ ਅਗੇ ਵਧਿਆ ਤੇ ਕਿਹਾ, "ਸਤ ਸ੍ਰੀ ਅਕਾਲ! ਜੀ ਮੈਂ ਲਾਲਾ ਨਹੀਂ ਮੈਂ ਤਾਂ ਸਿੱਖਾਂ ਦਾ ਮੁੰਡਾ ਹਾਂ। ਇਕ ਲਾਗਲੇ ਪਿੰਡ ਦੇ ਸਰਦਾਰ ਸ਼ਿੰਗਾਰਾ ਸਿੰਘ ਦਾ ਪੁਤ ਹਾਂ। ਇਕ ਉਹਨਾਂ 'ਚੋਂ ਮਖੌਲ ਕਰਕੇ ਕਹਿਣ ਲਗਾ, "ਉਏ ਘੋਨ ਮੋਨ ਹੋਕੇ ਆਪਣੇ ਆਪ ਨੂੰ ਸਿੱਖ ਕਹਿੰਦਾ ਹੈਂ? ਉਹ ਕਦੇ ਸਿੱਖ ਦੇਖੇ ਭੀ ਹਨ, ਉਹ ਸਾਡੇ ਵਰਗੇ ਹੁੰਦੇ ਹਨ।" ਫੇਰ ਵੱਡੀ ਸਾਰੀ ਗਾਲ ਕੱਢਕੇ ਕਹਿਣ ਲਗਾ, "ਕਿਉਂ ਲਾਲਾ ਜੀ ਮੌਤ ਦੇ ਡਰ ਤੌਂ ਅਪਣਾ ਪਿਉ ਹੀ ਬਦਲ ਲਿਆ।"

ਜਸਵੀਰ ਨੇ ਉਹਨਾਂ ਨੂੰ ਯਕੀਨ ਦਵਾਉਣ ਲਈ ਆਪਣਾ ਸੋਨੇ ਦਾ ਕੜਾ ਦਿਖਾਇਆ ਤੇ ਨਾਲੇ ਪਾਸਪੋਰਟ ਕੱਢਕੇ ਉਹਨਾਂ ਦੇ ਅੱਗੇ ਧਰ ਦਿੱਤਾ। ਪਾਸਪੋਰਟ ਤੇ ਜੱਸੀ ਦੀ ਪੱਗ ਵਾਲੀ ਫੋਟੋ ਸੀ। ਉਹ ਦੇਖਕੇ ਉਹ ਕਹਿਣ ਲਗਾ, "ਉਹ ਤੂੰ ਸਿੱਖਾਂ ਦਾ ਮੁੰਡਾ ਹੋਕੇ ਬਾਲਾਂ ਦੀ ਬੇਅਦਬੀ ਕਰ ਰਿਹਾ ਹੈਂ, ਤੈਨੂੰ ਸ਼ਰਮ ਨਹੀਂ ਆਉਂਦੀ। ਖੁਸਰੇ ਦੀ ਅਡੀ ਵਰਗਾ ਮੂੰਹ ਕਢਿਆ ਹੈ। ਤੈਨੂੰ ਤਾਂ ਕਦੇ ਭੀ ਮਾਫ ਨਹੀਂ ਕੀਤਾ ਜਾ ਸਕਦਾ!" ਫੇਰ ਨਾਲ ਦਿਆਂ ਨੂੰ ਸੰਬੋਧਨ ਕਰਕੇ ਕਹਿਣ ਲਗਾ, "ਕਿਉਂ ਸਿੰਘੋ ਕੀ ਸਲਾਹ ਹੈ ਤੁਹਾਡੀ?"

ਐਨੇ ਨੂੰ ਜੋ ਚੋਹਾਂ 'ਚੋਂ ਇਕ ਪਿਛੇ ਖੜਾ ਸੀ ਉਹ ਅਗੇ ਆਇਆ ਤੇ ਕਹਿਣ ਲਗਾ, "ਸਾਹਿਬ ਜੀ ਮੈਂ ਦਸਦਾ ਹਾਂ ਇਸਦਾ ਕੀ ਇਲਾਜ ਹੈ?"

ਜਸਵੀਰ ਨੂੰ ਇਹ ਆਵਾਜ਼ ਜਾਣੀ ਪਛਾਣੀ ਲਗੀ ਤੇ ਜਦੋਂ ਉਹ ਥੋਹੜਾ ਅਗੇ ਆਇਆ ਤਾਂ ਜੱਸੀ ਨੇ ਉਹਨੂੰ ਪਛਾਣ ਲਿਆ ਕਿ ਉਹ ਉਹਨਾਂ ਦੇ ਲਾਗਲੇ ਪਿੰਡ 'ਚੋਂ ਚਮਾਰਾਂ ਦਾ ਮੁੰਡਾ ਸੀ ਜਿਹਨੂੰ ਸਾਰੇ 'ਕਰਮੂੰ' ਕਹਿੰਦੇ ਸਨ। ਉਹ ਉਹਨਾਂ ਦੇ ਨਾਲ ਹੀ ਕਾਲਜ ਪੜ੍ਹਦਾ ਸੀ। ਬੀ. ਏ. ਕਰਕੇ ਪੁਲਿਸ ਵਿਚ ਭਰਤੀ ਹੋ ਗਿਆ।

ਜਸਵੀਰ ਨੂੰ ਝਟ ਸਮਝ ਆ ਗਈ। ਇਹ ਜੁਝਾਰੂ ਸਿੰਘ ਨਹੀਂ, ਪੁਲਿਸ ਵਾਲੇ ਨੀਲੇ ਬਾਣੇ ਪਾ ਕੇ ਕੋਈ ਵੱਡਾ ਸ਼ਿਕਾਰ ਭਾਲ ਰਹੇ ਸਨ।

ਜਸਵੀਰ ਨੇ ਆਖਿਆ, "ਉਹ ਕਰਮੂੰ ਤੂੰ" ਯਾਰ ਤੈਨੂੰ ਤਾਂ ਪਤਾ ਹੀ ਹੈ ਮੈਂ ਕੌਣ ਹਾਂ। ਤੂੰ ਹੀ ਦਸ ਦੇ ਤੇਰੇ ਸਾਹਿਬ ਨੂੰ.........ਤੇ ਮੈਨੂੰ........"

ਜਸਵੀਰ ਦੀ ਗੱਲ ਹਾਲੇ ਪੂਰੀ ਹੀ ਨਹੀਂ ਹੋਈ ਸੀ। ਗਾਲ ਕੱਢਕੇ ਕਰਮੂੰ ਕਹਿਣ ਲਗਾ, "ਉਏ! ਸਰਦਾਰ ਕਰਮ ਸਿੰਘ ਕਹਿ 'ਕਰਮੂੰ' ਨਹੀਂ" ਤੇ ਨਾਲ ਹੀ ਆਪਣੀ ਮਸ਼ੀਨਗਨ ਦੀ ਨਾਲੀ ਉਹਦੀ ਛਾਤੀ ਤੇ ਧਰ ਦਿੱਤੀ ਤੇ ਕਹਿਣ ਲਗਾ, "ਸਾਰੀ ਦੀ ਸਾਰੀ ਮਸ਼ੀਨਗਨ ਤੇਰੇ ਸੀਨੇ ਵਿਚ ਖਾਲੀ ਕਰ ਦੇਊਂਗਾ। ਐਨਾ ਸਿੱਕਾ ਭਰ ਦੇਉਂ ਤੇਰੀ ਛਾਤੀ ਵਿਚ ਕਿ ਚੋਹਾਂ ਬੰਦਿਆਂ ਤੋਂ ਭੀ ਚੁਕਿਆ ਨਹੀਂ ਜਾਣਾ।"

ਜਸਵੀਰ ਨੂੰ ਉਹਦੇ ਇਸ ਵਤੀਰੇ ਤੇ ਬੜਾ ਗੁੱਸਾ ਆਇਆ। ਇਹ ਕਰਮੂੰ ਜੋ ਕੁਛ ਮਹੀਨੇ ਪਹਿਲਾਂ ਕਾਲਜ ਵਿਚ ਉਹਨਾਂ ਦੇ ਮੂਹਰੇ ਅੱਖ ਨਹੀਂ ਸੀ ਚੁੱਕ ਸਕਦਾ, ਅਜ ਉਹਦੀ ਐਨੀ ਲੰਮੀ ਜ਼ੁਬਾਨ ਹੋ ਗਈ ਕਿ ਉਹ ਗਾਲਾਂ ਕੱਢ ਰਿਹਾ ਹੈ। ਇਕ ਵਾਰ ਤਾਂ ਜਸਵੀਰ ਦਾ ਦਿਲ ਕੀਤਾ ਕਿ ਖਿਚਕੇ ਚਪੇੜ ਮਾਰੇ ਇਹਦੇ ਮੂੰਹ ਤੇ ਪਰ ਫੇਰ ਝਟ ਹੀ ਉਹਨੂੰ ਆਪਣੇ ਬਾਪ ਦੀ ਕਹੀ ਹੋਈ ਗੱਲ ਚੇਤੇ ਆ ਗਈ, "ਜੇ ਕਿਤੇ ਪੁਲਿਸ ਵਾਲਿਆਂ ਦੇ ਅੜਿਕੇ ਆ

ਜਾਏਂ ਤਾਂ ਸੋਚ ਸਮਝਕੇ ਆਪਣਾ ਮੂੰਹ ਖੋਲ੍ਹੀਂ ਤੇ ਆਪਣੇ ਆਪ ਤੇ ਕਾਬੂ ਰਖੀਂ।"

ਗੁੱਸੇ ਦਾ ਘੁੱਟ ਭਰਕੇ ਜਸਵੀਰ ਕਹਿਣ ਲਗਾ, "ਚਲੋ। ਸਰਦਾਰ ਕਰਮ ਸਿੰਘ ਜੀ ਗਲਤੀ ਹੋ ਗਈ ਮਾਫ ਕਰ ਦੇਓ" ਤੇ ਨਾਲੇ ਉਸਨੇ ਆਪਣੇ ਦੋਨੋਂ ਹਥ ਜੋੜ ਦਿੱਤੇ। ਜਸਵੀਰ ਦਾ ਦਿਲ ਜ਼ੋਰ ਨਾਲ ਧੜਕ ਰਿਹਾ ਸੀ। ਲਗਦਾ ਸੀ ਕਿ ਬਸ ਹੁਣੇ ਹੀ ਦਿਲ ਉਛਲਕੇ ਮੂੰਹ ਥਾਣੀ ਬਾਹਰ ਆ ਜਾਵੇਗਾ। ਮਸ਼ੀਨਗਨ ਦੀ ਨਾਲੀ ਹਾਲੇ ਭੀ ਛਾਤੀ ਨਾਲ ਲਗੀ ਹੋਈ ਸੀ।

ਆਪਣੇ ਸਾਹਮਣੇ ਜੱਸੀ ਨੂੰ ਬੇਬਸ ਖੜਾ ਦੇਖਕੇ 'ਕਰਮੂੰ' ਬਹੁਤ ਖੁਸ਼ ਹੋਇਆ। ਕਹਿਣ ਲਗਾ, "ਹੁਣ ਆਇਆ ਏਂ ਨਾ ਆਨੇ ਵਾਲੀ ਥਾਂ ਤੇ ਸਰਦਾਰਾ" ਇਹ ਕਹਿੰਦਿਆਂ ਹੋਇਆਂ ਉਸਨੇ ਆਪਣੀ ਮਸ਼ੀਨਗਨ ਦੀ ਨਾਲੀ ਉਹਦੀ ਛਾਤੀ ਨਾਲੋਂ ਹਟਾ ਲਈ।

ਜਸਵੀਰ ਨੇ ਸੁਖ ਦਾ ਸਾਹ ਲਿਆ। ਉਹ ਇਹਨਾਂ ਤੋਂ ਕਿਸੇ ਨਾ ਕਿਸੇ ਤਰ੍ਹਾਂ ਖਹਿੜਾ ਛੁਡਾਉਣਾ ਚਾਹੁੰਦਾ ਸੀ। ਉਸਨੇ ਝਟ ਅਪਣੇ ਜੇਬ 'ਚੋਂ ਸਾਰੇ ਪੈਸੇ ਬਟੂਏ ਸਮੇਤ ਉਹਨਾਂ ਨੂੰ ਫੜਾ ਦਿੱਤੇ ਤੇ ਨਾਲੇ ਆਪਣੀ ਘੜੀ ਤੇ ਸੋਨੇ ਦੀ ਜੰਜੀਰੀ ਭੀ ਉਹਨਾਂ ਦੇ ਹਵਾਲੇ ਕਰ ਦਿੱਤੀ ਤੇ ਕਹਿਣ ਲਗਾ, "ਬਸ ਇਹ ਹੀ ਮੇਰੇ ਕੋਲ ਸੀ ਭਾਵੇਂ ਤਲਾਸ਼ੀ ਲੈ ਲਵੋ" ਕਰਮੂੰ ਨੇ ਤਲਾਸ਼ੀ ਲਈ। ਜੇਬ 'ਚੋਂ ਇਕ ਟੈਲੀਫੋਨ ਨੰਬਰਾਂ ਵਾਲੀ ਡਾਇਰੀ ਮਿਲੀ। ਉਹ ਭੀ ਉਸਨੇ ਕੱਢ ਲਈ।

ਕਰਮਾ ਆਪਣੇ ਸਾਹਿਬ ਨੂੰ ਕਹਿਣ ਲਗਾ, "ਸਾਹਿਬ ਜੀ ਹੁਣ ਕੀ ਹੁਕਮ ਹੈ? ਕੀ ਕਰਨਾ ਹੈ ਇਹਦਾ? ਜਾ ਲੈਣ ਦੇਈਏ ਜਾਂ ਇਹਨੂੰ ਗੱਡੀ ਚਾੜ ਦੇਈਏ।"

ਉਹਦਾ ਸਾਹਿਬ ਕਹਿਣ ਲਗਾ, "ਹਾਂ ਜੇ ਤੇਰੀ ਜੇਹਲ ਜਾਣ ਦੀ ਸਲਾਹ ਹੈ ਤਾਂ ਜਾ ਲੈਣ ਦੇ ਇਹਨੂੰ। ਇਹ ਕਲ੍ਹ ਨੂੰ ਪਿੰਡ ਵਿਚ ਜਾਕੇ ਰੋਲਾ ਪਾ ਦੇਊਗਾ ਕਿ ਰਾਤੀਂ ਪੁਲਿਸ ਵਾਲਿਆਂ ਨੇ ਇਹਨੂੰ ਲੁੱਟਿਆ ਹੈ। ਤੈਨੂੰ ਤਾਂ ਇਸ ਪਛਾਣ ਵੀ ਲਿਆ ਹੈ। ਹੁਣ ਤੂੰ ਤੇ ਬਚ ਨਹੀਂ ਸਕਦਾ ਤੇ ਆਪਣੇ ਨਾਲ ਸਾਨੂੰ ਭੀ ਮਰਵਾਏਂਗਾ।"

ਸਾਹਿਬ ਦੀ ਗੱਲ ਵਿਚਾਲੇ ਟੋਕ ਕੇ ਜਸਵੀਰ ਕਹਿੰਦਾ, "ਸਾਹਿਬ ਜੀ ਮੈਨੂੰ ਜੇਹੜੀ ਭਾਵੇਂ ਸਹੁੰ ਖਲਾ ਲਵੋ ਮੈਂ ਕਿਸੇ ਦਾ ਭੀ ਨਾਂ ਨਹੀਂ ਲਵਾਂਗਾ। ਮੇਰਾ ਵਾਇਦਾ ਰਿਹਾ। ਜੇ ਤੁਹਾਨੂੰ ਹੋਰ ਪੈਸੇ ਚਾਹੀਦੇ ਹਨ ਉਹ ਭੀ ਮੈਂ ਬਾਪੂ ਕੋਲੋਂ ਲਿਆਕੇ ਤੁਹਾਨੂੰ ਪਹੁੰਚਾ ਦੇਵਾਂਗਾ ਮੈਨੂੰ ਜਾਣ ਦਿਉ।"

ਉਹਦੀ ਗੱਲ ਅਣਸੁਣੀ ਕਰਕੇ ਸਾਹਿਬ ਕਹਿਣ ਲਗਾ, "ਹੁਣ ਕਈ ਦਿਨਾਂ ਤੋਂ ਇਸ ਇਲਾਕੇ ਵਿਚ ਕੋਈ ਵਾਰਦਾਤ ਨਹੀਂ ਹੋਈ ਤੇ ਜੇ ਵਾਰਦਾਤਾਂ ਨਾ ਹੋਈਆਂ ਤਾਂ ਆਪਣੀ ਨੌਕਰੀ ਭੀ ਨਹੀਂ ਰਹਿਣੀ।"

ਕਰਮੂੰ ਸਮਝ ਗਿਆ ਕਿ ਸਾਹਿਬ ਕੀ ਚਾਹੁੰਦਾ ਹੈ। ਉਹ ਝਟ ਫੇਰ ਜੱਸੀ ਵਲ ਨੂੰ ਹੋਇਆ ਤੇ ਕਹਿਣ ਲਗਾ, "ਕਿਉਂ ਸਾਲਿਆ ਚੇਤਾ ਤੈਨੂੰ ਉਸ ਦਿਨ ਕਿੰਨਾ ਭੂਤਰ ਭੂਤਰ ਕੇ ਬੋਲਦਾ ਸੀ। ਤੁਸੀਂ ਮੈਥੋਂ ਸਾਰਿਆਂ ਨੇ ਇਕੱਠੇ ਹੋਕੇ ਚੰਨੀ ਕੋਲੋਂ ਮਾਫੀ ਮੰਗਵਾਈ ਸੀ।"



ਜਸਵੀਰ ਨੂੰ ਕੁਛ ਸਾਲ ਪਹਿਲਾਂ ਦੀ ਗੱਲ ਚੇਤੇ ਆਈ ਜਦੋਂ ਕਰਮੂੰ ਨੇ ਉਹਦੇ ਦੋਸਤ ਚਰਨਜੀਤ ਦੀ ਭੈਣ 'ਚੰਨੀ' ਨੂੰ ਮਖੌਲ ਕੀਤਾ ਸੀ। ਇਹਨਾਂ ਤਿੰਨ ਚਾਰ ਜਣਿਆਂ ਨੇ ਇਕਠੇ ਹੋਕੇ ਪਹਿਲਾਂ ਤਾਂ ਕਰਮੂੰ ਦੀ ਛੰਗਾਈ ਕੀਤੀ ਤੇ ਕਹਿ ਰਹੇ ਸੀ, 'ਸਾਲਿਆ ਚਮਾਰਾ ਤੇਰੀ ਐਨੀ ਜੁੱਰਤ ਤੂੰ ਜੱਟਾਂ ਦੀ ਕੁੜੀ ਨੂੰ ਛੇੜਦਾ ਹੈਂ। ਆਪਣੀ ਔਕਾਤ ਦੇਖੀ ਤੈ....' ਫੇਰ ਉਹਨਾਂ ਕਰਮੇ ਨੂੰ ਚੰਨੀ ਤੋਂ ਮਾਫੀ ਮੰਗਣ ਲਈ ਕਿਹਾ ਜੋ ਕਰਮੂੰ ਨੂੰ ਮੰਗਣੀ ਪਈ। ਉਸ ਤੋਂ ਬਾਦ ਕਦੇ ਅੱਖ ਵਿਚ ਪਾਇਆ ਭੀ ਨਹੀਂ ਰੜਕਿਆ। ਜਸਵੀਰ ਤਾਂ ਉਸ ਤੋਂ ਬਾਦ ਭੀ ਕਰਮੇ ਨਾਲ ਬੋਲਦਾ ਚਲਦਾ ਰਿਹਾ ਤੇ ਹੁਣ ਤਾਈਂ ਉਹ ਗੱਲ ਤਕਰੀਬਨ ਭੁਲ ਚੁੱਕਾ ਸੀ।

ਜਸਵੀਰ ਕਹਿਣ ਲੱਗਾ, "ਕਰਮ ਸਿੰਘ ਜੀ ਕਿਉਂ ਗੜੇ ਮੁਰਦੇ ਪੁੱਟਦੇ ਹੋ। ਉਹ ਬਚਪਨ ਦੀਆਂ ਗੱਲਾਂ ਸਨ, ਬਚਪਨ ਨਾਲ ਹੀ ਚਲੇ ਗਈਆਂ ਮੇਰੇ ਚਿਤ ਚੇਤੇ ਭੀ......" ਜੱਸੀ ਦੀ ਗੱਲ ਹਾਲੇ ਪੂਰੀ ਨਹੀਂ ਸੀ ਹੋਈ।

'ਸਾਲਾ ਬਚਪਨ ਦਾ' ਕਹਿੰਦੇ ਹੋਏ ਕਰਮੇ ਨੇ ਮਸ਼ੀਨਗਨ ਦੀ ਬੱਟ ਜਸੀ ਦੇ ਮੂੰਹ ਤੇ ਮਾਰੀ। ਜਸਵੀਰ 'ਹਾਏ' ਕਹਿਕੇ ਡਿਗ ਪਿਆ। ਡਿਗਦੇ ਸਾਰ ਹੀ ਚਾਰ ਪੰਜ ਬੱਟਾਂ ਉਹਦੇ ਮੂੰਹ ਤੇ ਹੋਰ ਮਾਰ ਦਿੱਤੀਆਂ। ਜਸਵੀਰ ਬਿਲਕੁਲ ਬੇਹੋਸ਼ ਹੋ ਗਿਆ। ਕਰਮੂੰ ਦੇ ਸਾਹਿਬ ਨੇ ਬੈਟਰੀ ਮਾਰਕੇ ਦੇਖਿਆ ਚੇਹਰਾ ਖੂਨ ਨਾਲ ਲਥ ਪਥ ਸੀ।

ਕਰਮਾ ਕਹਿੰਦਾ "ਚਲੋ ਸਾਹਿਬ ਜੀ ਹੁਣ ਚਲੀਏ"। ਸਾਹਿਬ ਕਹਿਣ ਲਗਾ "ਇਹ ਜੇਹੜਾ ਕੰਮ ਤੂੰ ਹੁਣ ਸ਼ੁਰੂ ਕੀਤਾ ਹੈ ਇਹਨੂੰ ਸਿਰੇ ਤਾਂ ਚਾੜ੍ਹ ਦੇ।"

ਕਰਮਾ ਥੋੜ੍ਹਾ ਜਿਹਾ ਝਿਜਕਿਆ। ਉਹਨੂੰ ਜਸਵੀਰ ਤੇ ਗੁੱਸਾ ਤਾਂ ਸੀ ਕਿ ਉਹਨੇ ਚਰਨਜੀਤ ਦੀ ਮਦਦ ਕੀਤੀ ਤੇ ਇਹਦੀ ਬੇਇੱਜ਼ਤੀ। ਪਰ ਉਹ ਇਹ ਜਾਣਦਾ ਸੀ ਕਿ ਜੱਸੀ ਦਿਲ ਦਾ ਮਾੜਾ ਨਹੀਂ ਸੀ। ਬੱਟਾਂ ਮਾਰਕੇ ਉਹਦਾ ਗੁੱਸਾ ਹੋਲਾ ਹੋ ਚੁੱਕਾ ਸੀ। ਉਹਦਾ ਜਾਨੋ ਮਾਰਨ ਦਾ ਕੋਈ ਇਰਾਦਾ ਨਹੀਂ ਸੀ। ਪਰ ਸਾਹਿਬ ਦਾ ਹੁਕਮ ਮੰਨਕੇ ਅਠ ਦਸ ਗੋਲੀਆਂ ਠਾ ਠਾ ਛਾਤੀ ਵਿਚ ਮਾਰ ਦਿੱਤੀਆਂ। ਉਸ ਤੋਂ ਬਾਦ ਸਨਾਟਾ ਛਾ ਗਿਆ। ਉਸ ਤੋਂ ਬਾਦ ਸਾਹਿਬ ਨੇ ਇਕ ਗੋਲੀ ਨੇੜੇ ਹੋਕੇ ਜਸੀ ਦੇ ਮੂੰਹ ਤੇ ਮਾਰੀ। ਉਹਦੇ ਨਾਲ ਉਹਦਾ ਸਿਰ ਖਰਬੂਜੇ ਵਾਂਗ ਫਟ ਗਿਆ। ਉਹ ਪੂਰੀ ਤਸੱਲੀ ਕਰਕੇ ਪਾਸ ਖੇਤ 'ਚ ਖੜੀ ਜੀਪ 'ਚ ਬੈਠਕੇ ਠਾਣੇ ਨੂੰ ਚਲ ਪਏ।

ਪਿੰਡ ਵਾਲਿਆਂ ਨੇ ਗੋਲੀ ਦੀ ਆਵਾਜ਼ ਸੁਣੀ ਪਰ ਕਿਸੇ ਦੀ ਹਿੰਮਤ ਨਹੀਂ ਸੀ ਕਿ ਕੋਈ ਬਾਹਰ ਦੇਖ ਸਕੇ। ਸ਼ਿੰਗਾਰਾ ਸਿੰਘ ਨੇ ਭੀ ਜਦੋਂ ਆਵਾਜ਼ ਸੁਣੀ ਤਾਂ ਕਿਸ਼ਨ ਕੌਰ ਨੂੰ ਕਹਿਣ ਲਗਾ, "ਲਗਦਾ ਹੈ ਅਜ ਫੇਰ ਕੋਈ ਬੇਚਾਰਾ ਗਰੀਬ ਮਾਰਿਆ ਗਿਆ। ਇਸ ਹੀ ਦੁਖ ਤੋਂ ਜੱਸੀ ਨੂੰ ਸੱਤ ਸਮੁੰਦਰਾਂ ਪਾਰ ਭੇਜਿਆ ਹੈ। ਰੱਬ ਦਾ ਸ਼ੁਕਰ ਹੈ ਉਹ ਇਸ ਨਰਕ 'ਚੋਂ ਨਿਕਲ ਗਿਆ ਹੈ। ਉਹ ਤਾਂ ਹੁਣ ਜਹਾਜ਼ ਤੇ ਚੜ੍ਹ ਗਿਆ ਹੋਣਾ ਹੈ।"

ਸਵੇਰੇ ਸਰਪੰਚ ਨੇ ਜਾਕੇ ਪੁਲਿਸ ਨੂੰ ਇਤਲਾਹ ਦਿੱਤੀ। ਠਾਣੇਦਾਰ ਕੇਹਰ ਸਿੰਘ

ਆਪਣੇ ਨਾਲ ਤਿੰਨ ਸਿਪਾਹੀ ਲੈਕੇ ਜੀਪ 'ਚ ਬੈਠ ਕੇ ਵਾਰਦਾਤ ਵਾਲੀ ਜਗਾਹ ਵੱਲ ਨੂੰ ਤੁਰ ਪਿਆ। ਕਰਮਾਂ ਭੀ ਉਹਦੇ ਨਾਲ ਸੀ। ਉਹ ਵਾਰਦਾਤ ਦੀ ਜਗਾਹ ਸਰਪੰਚ ਤੋਂ ਭੀ ਪਹਿਲਾਂ ਪਹੁੰਚ ਗਿਆ।

ਸਰਪੰਚ ਮੁਖਤਿਆਰ ਸਿੰਘ ਆਪਣੇ ਪਿੰਡੋਂ ਤਿੰਨ ਚਾਰ ਹੋਰ ਪੰਚਾਇਤ ਦੇ ਮੈਂਬਰ ਲੈ ਆਇਆ। ਆਲੇ ਦੁਆਲੇ ਦੇ ਪਿੰਡਾਂ ਤੋਂ ਭੀ ਹੋਰ ਕਈ ਲੋਕੀਂ ਉਥੇ ਪਹੁੰਚ ਗਏ। ਠਾਣੇਦਾਰ ਪਿੰਡ ਵਾਲਿਆਂ ਨੂੰ ਸੰਬੋਧਨ ਕਰਕੇ ਕਹਿਣ ਲਗਾ ਕੀ ਕੋਈ ਜਾਣਦਾ ਹੈ ਇਹ ਗਭਰੂ ਕੌਣ ਹੈ।

ਸਰਪੰਚ ਮੁਖਤਿਆਰ ਸਿੰਘ ਨੇ ਨੇੜੇ ਜਾਕੇ ਦੇਖਿਆ। ਚੇਹਰਾ ਤਾਂ ਸਾਰਾ ਹੀ ਗੋਲੀਆਂ ਨਾਲ ਉਡਿਆ ਹੋਇਆ ਸੀ। ਥੋਹੜੇ ਚਿਰ ਬਾਦ ਦੇਖਕੇ ਉਹ ਕਹਿਣ ਲਗਾ ਇਹ ਸਾਡਾ ਮੁੰਡਾ ਤਾਂ ਨਹੀਂ ਲਗਦਾ। ਇਹ ਮੋਨਾ ਹੈ, ਨਾ ਹੀ ਇਹਦੇ ਕੋਲ ਕੜਾ ਹੈ, ਸ਼ਾਇਦ ਕਿਸੇ ਹਿੰਦੂ ਘਰਾਨੇ ਦਾ ਹੋਵੇ।

ਐਨੇ ਨੂੰ ਇਲਾਕੇ ਦਾ ਐਮ. ਐਲ. ਏ. ਚੋਧਰੀ ਧਰਮ ਦਾਸ ਭੀ ਉਥੇ ਪਹੁੰਚ ਗਿਆ ਤੇ ਲਾਸ਼ ਨੂੰ ਦੇਖਕੇ ਕਹਿਣ ਲਗਾ ਕਿ ਡੀਲ ਡੌਲ ਤੋਂ ਤਾਂ ਇਹ ਹਿੰਦੂਆਂ ਦਾ ਮੁੰਡਾ ਨਹੀਂ ਲਗਦਾ। ਐਨੇ ਨੂੰ ਪੰਡਿਤ ਜੀ ਭੀ ਨੇੜੇ ਆ ਗਏ ਤੇ ਥੋਹੜਾ ਕਮੀਜ਼ ਨੂੰ ਚੁਕਕੇ ਦੇਖਿਆ ਤੇ ਕਹਿਣ ਲਗਾ ਜੀ ਇਹ ਹਿੰਦੂ ਤਾਂ ਹੋ ਨਹੀਂ ਸਕਦਾ। ਨਾ ਹੀ ਇਹਦੇ ਬੋਦੀ ਹੈ, ਨਾ ਹੀ ਜਨੇਊ। ਸ਼ਾਇਦ ਲਾਗਲੇ ਪਿੰਡ ਦੇ ਮੁਸਲਮਾਨਾਂ ਦਾ ਮੁੰਡਾ ਹੋਵੇ।

ਉਸ ਪਿੰਡ ਦਾ ਇਕ ਮੁਸਲਮਾਨ ਭੀ ਉਥੇ ਖੜਾ ਸੀ। ਉਨੇ ਭੀ ਨੇੜੇ ਜਾਕੇ ਦੇਖਿਆ ਤੇ ਥੋਹੜਾ ਓਹਲਾ ਕਰਕੇ ਪੈਂਟ ਦੀ ਜ਼ਿਪਰ ਖੋਹਲ ਕੇ ਦੇਖੀ ਤੇ ਕਹਿਣ ਲਗਾ, "ਇਹ ਮੁਸਲਮਾਨਾਂ ਦਾ ਮੁੰਡਾ ਨਹੀਂ, ਇਹਦੀ ਸੁੰਨਤ ਨਹੀਂ ਹੋਈ ਹੈ।"

ਠਾਣੇਦਾਰ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਇਹਦੀਆਂ ਜੇਬਾਂ ਦੀ ਤਲਾਸ਼ੀ ਲਵੋ ਸ਼ਾਇਦ ਕੋਈ ਖਤ ਪਤਾ ਲਭ ਜਾਏ। ਕਰਮੇ ਨੇ ਇਕ ਬਾਰ ਫੇਰ ਤਲਾਸ਼ੀ ਲਈ। ਉਹਦੇ ਹੱਥ ਨੂੰ ਇਕ ਜੇਬ 'ਚੋਂ ਛੋਟਾ ਜਿਹਾ ਕਾਗਜ਼ ਦਾ ਪੁਰਜਾ ਮਿਲਿਆ ਜੋ ਉਸਨੇ ਝਟ ਹੀ ਆਪਣੇ ਹੱਥ ਵਿਚ ਲੁਕੋ ਲਿਆ ਤੇ ਕਹਿਣ ਲਗਾ, "ਸਾਹਿਬ ਜੀ ਕੁਛ ਨਹੀਂ ਮਿਲਿਆ। ਲਗਦਾ ਹੈ ਲੁਟੇਰੇ ਸਭ ਕੁਛ ਖੋਹਕੇ ਲੈ ਗਏ।"

ਠਾਣੇਦਾਰ ਕਹਿਣ ਲਗਾ, "ਕੋਈ ਲੁਟੇਰੇ ਨਹੀਂ ਮੈਨੂੰ ਤਾਂ ਇਹ ਕੰਮ ਅੱਤਵਾਦੀਆਂ ਦਾ ਲਗਦਾ ਹੈ। ਨਾਲੇ ਤਾਂ ਬੇਚਾਰੇ ਨੂੰ ਲੁਟ ਲਿਆ ਤੇ ਨਾਲੇ ਜਾਨੋਂ ਭੀ ਮਾਰ ਦਿੱਤਾ। ਫੇਰ ਪਿੰਡ ਵਾਲਿਆਂ ਨੂੰ ਕਹਿਣ ਲਗਾ, "ਦੇਖ ਲਿਆ ਪਿੰਡ ਵਾਲਿਉ ਹੋਰ ਪਿਲਾਓ ਚਾਹਾਂ ਤੇ ਹੋਰ ਖਿਲਾਓ ਰੋਟੀਆਂ। ਦੇਖੋ ਕਿੰਨੀ ਬੇਦਰਦੀ ਨਾਲ ਉਹ ਤੁਹਾਡੇ ਬਚਿਆਂ ਨੂੰ ਮਾਰ ਜਾਂਦੇ ਨੇ।"

ਐਮ. ਐਲ. ਏ. ਠਾਣੇਦਾਰ ਨੂੰ ਕਹਿਣ ਲਗਾ, "ਤੁਹਾਡੇ ਪੁਲਿਸ ਵਾਲਿਆਂ ਤੋਂ ਅਤਵਾਦੀ ਹਾਲੇ ਤਕ ਕਾਬੂ ਨਹੀਂ ਆਏ। ਦਸੋ ਹੋਰ ਕੀ ਚਾਹੀਦਾ ਹੈ ਤੁਹਾਨੂੰ?"



ਠਾਣੇਦਾਰ ਕਹਿਣ ਲਗਾ, "ਲਾਲਾ ਜੀ, ਜਿਸ ਢੰਗ ਨਾਲ ਇਹ ਕਤਲ ਹੋਇਆ ਹੈ ਮੈਨੂੰ ਇਹ ਕੰਮ 'ਭਿੰਡਰਾਂਵਾਲੇ ਟਾਈਗਰਜ਼' ਦੇ ਕਰਨੈਲ ਦਾ ਲਗਦਾ ਹੈ ਅਸੀਂ ਦਿਨ ਰਾਤ ਉਹਦੀ ਭਾਲ 'ਚ ਹਾਂ।" ਫੇਰ ਪਿੰਡ ਵਾਲਿਆਂ ਨੂੰ ਸੰਬੋਧਨ ਕਰਕੇ ਕਹਿਣ ਲਗਾ, "ਖ਼ਬਰਦਾਰ ਜੇ ਕਿਸੇ ਨੇ ਉਹਨਾਂ ਨੂੰ ਪਨਾਹ ਦਿੱਤੀ ਤਾਂ। ਜੇ ਕਿਤੇ ਤੁਹਾਨੂੰ ਪਤਾ ਲਗੇ ਝੱਟ ਮੈਨੂੰ ਦਸੋ। ਉਹਦੇ ਸਿਰ ਦਾ ਮੁੱਲ ਪੰਜ ਲੱਖ ਰੁਪਏ ਹੈ।"

ਫੇਰ ਐਮ. ਐਲ. ਏ. ਨੂੰ ਕਹਿਣ ਲਗਾ, "ਲਾਲਾ ਜੀ ਤੁਸੀਂ ਫਿਕਰ ਨਾ ਕਰੋ ਮੈਂ ਸਭ ਸੰਭਾਲ ਲਵਾਂਗਾ। ਅਸੀਂ ਹੋਰ ਗਸ਼ਤ ਵਧਾ ਦੇਂਦੇ ਹਾਂ ਇਸ ਇਲਾਕੇ ਵਿਚ।" ਕੋਲੋਂ ਜਾਂਦੇ ਹੌਲੀ ਜਹੇ ਕਹਿਣ ਲਗਾ, "ਲਾਲਾ ਜੀ ਮੇਰਾ ਖਿਆਲ ਰਖਣਾ ਮੇਰੀ ਹੁਣ ਤਰੱਕੀ ਹੋਣ ਵਾਲੀ ਹੈ। ਤੁਸੀਂ ਮੇਰੀ ਸਿਫਾਰਿਸ਼ ਜ਼ਰੂਰ ਕਰ ਦੇਣੀ।"

ਹੌਲੀ ਹੌਲੀ ਲੋਕੀਂ ਖਿਸਕਣੇ ਸ਼ੁਰੂ ਹੋ ਗਏ। ਸਾਰੇ ਧਰਮਾਂ ਦੇ ਆਗੂ ਆਪੋ ਆਪਣੇ ਰਬ ਦਾ ਸ਼ੁਕਰ ਮਨਾਉਂਦੇ ਹੋਏ ਘਰਾਂ ਨੂੰ ਮੁੜ ਗਏ। ਕਿਸੇ ਨੂੰ ਇਹ ਫਿਕਰ ਨਹੀਂ ਸੀ ਕਿ ਕਿਸੇ ਮਾਂ ਦੀ ਕੁੱਖ ਅਜ ਉਜੜੀ ਹੈ। ਹਰ ਕੋਈ ਇਹ ਹੀ ਸੋਚ ਰਿਹਾ ਸੀ ਚਲੋ ਸਾਡੀ ਜਾਤ ਦਾ ਤਾਂ ਨਹੀਂ ਸੀ।

ਪੁਲਿਸ ਵਾਲਿਆਂ ਨੇ ਉਹਦੀ ਲਾਸ਼ ਇਕ ਬੋਰੀ ਵਿਚ ਪਾਕੇ ਜੀਪ ਤੇ ਪਿਛੇ ਰਖ ਲਈ ਤੇ ਹਸਪਤਾਲ ਪੋਸਟ ਮਾਰਟਮ ਵਾਸਤੇ ਲੈ ਗਏ। ਡਾਕਟਰ ਨੇ ਝਟਪਟ ਪੋਸਟ ਮਾਰਟਮ ਕਰ ਦਿੱਤਾ ਜੋ ਕੁਛ ਇਸ ਤਰ੍ਹਾਂ ਸੀ।

ਨੌਜਵਾਨ ਮੁੰਡਾ
ਉਮਰ ਕੋਈ 20-25 ਸਾਲ
ਕਦ 5' 11"
ਚੇਹਰਾ ਬੇਪਛਾਣ
ਸਜੀ ਬਾਂਹ ਤੇ ਲਸਣ
ਨੀਲਾ ਸੂਟ
ਮੌਤ ਦਾ ਕਾਰਣ ਬੰਦੂਕ ਦੀਆਂ ਗੋਲੀਆਂ

ਪੁਲਿਸ ਵਾਲਿਆਂ ਨੇ ਝਟ ਲਾਸ਼ ਚੁੱਕੀ ਤੇ ਅਣਪਛਾਤੀ ਲਾਸ਼ ਕਰਾਰ ਦੇਕੇ ਉਹਦਾ ਸਸਕਾਰ ਕਰ ਦਿੱਤਾ। ਉਥੇ ਕਰਮੂੰ ਨੇ ਆਪਣੀ ਜੇਬ 'ਚੋਂ ਉਹ ਕਾਗਜ਼ ਕੱਢਕੇ ਦੇਖਿਆ ਜੋ ਇਹਦੀ ਜੇਬ 'ਚੋਂ ਨਿਕਲਿਆ ਸੀ। ਉਸ ਉੱਤੇ ਵਿਲਾਇਤ ਦਾ ਕੋਈ ਫੋਨ ਨੰਬਰ ਸੀ। ਉਹ ਭੀ ਉਹਨੇ ਅੱਗ ਵਿਚ ਸੁੱਟ ਦਿੱਤਾ।

ਜਦੋਂ ਬੁਧਵਾਰ ਤਕ ਸ਼ਿੰਗਾਰਾ ਸਿੰਘ ਨੂੰ ਕੋਈ ਫੋਨ ਨਾ ਆਇਆ ਤਾਂ ਉਹਨੇ ਵਰਿਆਮ ਸਿੰਘ ਨੂੰ ਫੋਨ ਕੀਤਾ। ਵਰਿਆਮ ਸਿੰਘ ਨੂੰ ਹੈਰਾਨੀ ਹੋਈ ਤੇ ਕਹਿਣ ਲਗਾ ਉਹ ਹਾਲੇ ਪਿੰਡ ਨਹੀਂ ਪਹੁੰਚਿਆ? ਉਹਨੇ ਸਾਰੀ ਗੱਲ ਦਸ ਦਿੱਤੀ ਕਿ ਸੀਟ ਨਹੀਂ ਸੀ ਮਿਲੀ ਤੇ ਇਸ ਆਉਣ ਵਾਲੇ ਐਤਵਾਰ ਨੂੰ ਉਸਨੇ ਜਾਣਾ ਹੈ। ਉਹਨੂੰ ਤਾਂ ਐਤਵਾਰ ਸ਼ਾਮ ਤੱਕ

ਘਰ ਪਹੁੰਚ ਜਾਣਾ ਚਾਹੀਦਾ ਸੀ।

ਨਾਲੇ ਵਰਿਆਮ ਸਿੰਘ ਨੇ ਦਸ ਦਿੱਤਾ ਕਿ ਬਾਈ ਗੁੱਸਾ ਨਾ ਕਰੀਂ ਉਨੇ ਬਾਲ ਕਟਵਾ ਲਏ ਹਨ। ਸ਼ਾਇਦ ਇਸ ਕਰਕੇ ਸ਼ਰਮ ਦਾ ਮਾਰਿਆ ਘਰ ਨਾ ਆਇਆ ਹੋਵੇ।

ਸ਼ਿੰਗਾਰਾ ਸਿੰਘ ਦਾ ਦਿਲ ਬੈਠਣ ਲਗਾ। ਭੱਜ ਨਠ ਸ਼ੁਰੂ ਕੀਤੀ। ਉਹਦੇ ਸਾਰੇ ਦੋਸਤਾਂ ਕੋਲੋਂ ਪੁਛਿਆ। ਕਿਸੇ ਨੂੰ ਭੀ ਕੋਈ ਪਤਾ ਨਹੀਂ ਸੀ। ਫੇਰ ਉਸਨੇ ਵਰਿਆਮ ਸਿੰਘ ਨੂੰ ਫੋਨ ਕੀਤਾ ਕਿ ਜਦੋਂ ਭੀ ਉਹ ਦਿੱਲੀ ਪਹੁੰਚੇ ਉਹਨੂੰ ਕਹੀਂ ਝਟ ਮੈਨੂੰ ਫੋਨ ਕਰੇ। ਉਹਦੀ ਮਾਂ ਨੇ ਕਈ ਦਿਨਾਂ ਤੋਂ ਰੋਟੀ ਨਹੀਂ ਖਾਧੀ।

ਐਤਵਾਰ ਭੀ ਲੰਘ ਗਿਆ। ਹੁਣ ਸ਼ਿੰਗਾਰਾ ਸਿੰਘ ਨਾ ਉਮੀਦ ਹੁੰਦਾ ਜਾ ਰਿਹਾ ਸੀ। ਪਰ ਹਾਲੇ ਭੀ ਉਹਦਾ ਦਿਲ ਇਹ ਹੀ ਕਹਿੰਦਾ ਸੀ ਜਸਵੀਰ ਕਿਧਰੋਂ ਆ ਜਾਏਗਾ। ਠਾਣੇ ਜਾਕੇ ਉਸਨੇ ਉਹਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ। ਰਿਪੋਰਟ ਖੁਦ ਕਰਮੂੰ ਨੇ ਲਿਖੀ। ਕਰਮੂੰ ਸ਼ਿੰਗਾਰਾ ਸਿੰਘ ਨੂੰ ਕਹਿ ਰਿਹਾ ਸੀ, "ਤਾਇਆ ਜੀ ਤੁਸੀਂ ਫਿਕਰ ਨਾ ਕਰੋ ਮੈਂ ਖੁਦ ਉਹਨੂੰ ਭਾਲਾਂਗਾ। ਜਾਣਾ ਉਨੇ ਕਿਥੇ ਹੈ। ਮੈਨੂੰ ਤਾਂ ਉਹ ਭਰਾਵਾਂ ਨਾਲੋਂ ਵੀ ਵਧ ਸੀ।"

ਸ਼ਿੰਗਾਰਾ ਸਿੰਘ ਨੇ ਭਜ ਨਠ ਕਰਕੇ ਪਿਛਲੇ ਹਫਤੇ, ਪਿੰਡ ਦੇ ਕੋਲੋਂ ਹੋਏ ਕਤਲ ਦੇ ਪੋਸਟ ਮਾਰਟਮ ਦੀ ਰਿਪੋਰਟ ਕਢਵਾ ਲਈ। ਲਾਲਾ ਧਰਮ ਦਾਸ ਜੀ ਨੇ ਉਹਦੀ ਕਾਫੀ ਮਦਦ ਕੀਤੀ। ਰਿਪੋਰਟ ਦੇਖਕੇ ਉਹਨੂੰ ਇਹ ਯਕੀਨ ਹੋ ਗਿਆ ਕਿ ਉਹ ਅਣਪਛਾਤੀ ਲਾਸ਼ ਕਿਸੇ ਹੋਰ ਦੀ ਨਹੀਂ ਉਹਦੇ ਜੱਸੀ ਦੀ ਹੀ ਸੀ। 'ਸਜੀ ਬਾਂਹ ਤੇ ਲਸਣ' ਉਹਦੇ ਪਾਸਪੋਰਟ ਤੇ ਭੀ ਦਰਜ ਸੀ, ਤੇ ਬਾਕੀ ਕਪੜਿਆਂ ਦਾ ਵੇਰਵਾ ਤੇ ਕਦ ਕਾਠ। ਉਹ ਸਿਰ ਫੜਕੇ ਬੈਠ ਗਿਆ। ਹੋਲੀ ਹੋਲੀ ਘਰ ਪਹੁੰਚਿਆ। ਕਿਸ਼ਨ ਕੌਰ ਉਡੀਕ ਰਹੀ ਸੀ। ਸਾਹਮਣੇ ਜਸੀ ਦੀ ਫੋਟੋ ਰਖਕੇ ਬੈਠੀ ਸੀ। ਕਹਿੰਦੀ "ਕੁਛ ਪਤਾ ਲਗਾ ਮੇਰੇ ਪੁਤ ਦਾ।" ਸ਼ਿੰਗਾਰਾ ਸਿੰਘ ਨੇ "ਨਹੀਂ" ਕਰਕੇ ਮੂੰਹ ਪਾਸੇ ਕਰ ਲਿਆ। ਉਹਦੇ ਵਿਚ ਇਹ ਹਿੰਮਤ ਨਹੀਂ ਸੀ ਕਿ ਉਹ ਕਿਸ਼ਨ ਕੌਰ ਨੂੰ ਸੱਚ ਦਸ ਸਕੇ। ਕਿਸ਼ਨ ਕੌਰ ਆਪਣੇ ਪੁਤ ਦੀ ਉਡੀਕ ਵਿਚ ਉਸੇ ਤਰ੍ਹਾਂ ਹੀ ਬੈਠੀ ਸੀ। ਉਹਦੀ ਇਹ ਉਡੀਕ ਕਦੇ ਮੁੱਕਣ ਵਾਲੀ ਨਹੀਂ ਸੀ।

# ਗਦਰੀ ਬਾਬਾ

ਪੁਰਾਣੇ ਖੂਹ ਤੇ ਇਕ ਟੁਟਾ ਜਿਹਾ ਘਰ ਜਿਸਦੀਆਂ ਸ਼ਤੀਰੀਆਂ ਤੇ ਬਾਲੇ ਸਿਉਂਕ ਨੇ ਖਾਧੇ ਹੋਏ ਸੀ। ਤਿੰਨ ਚਾਰ ਥੰਮੀਆਂ ਲਾਕੇ ਛਤ ਨੂੰ ਸਹਾਰਾ ਦਿਤਾ ਹੋਇਆ ਸੀ। ਇਕ ਦੋ ਮੋਰੀਆਂ ਭੀ ਸਨ ਛਤ ਦੇ ਵਿਚ, ਜਿਹਨਾਂ ਵਿਚ ਦੀ ਲੋ ਦਿਸਦੀ ਸੀ। ਕੁਛ ਚਿੜੀਆਂ ਦੇ ਆਲ੍ਹਣੇ ਤੇ ਕਈ ਕਿਰਲੀਆਂ ਤੁਰੀਆਂ ਫਿਰਦੀਆਂ ਸੀ। ਬਾਬਾ ਮੰਗਲ ਸਿੰਘ ਮੰਜੇ ਤੇ ਪਿਆ ਛਤ ਦੀਆਂ ਮੋਰੀਆਂ ਥਾਣੀਂ ਬਾਹਰ ਦੀ ਲੋ ਦੇਖ ਰਿਹਾ ਸੀ। ਪਰ ਉਸਨੂੰ ਆਪਣੀ ਜ਼ਿੰਦਗੀ ਵਿਚ ਹੁਣ ਹਨੇਰਾ ਹੀ ਹਨੇਰਾ ਦਿਸਦਾ ਸੀ। ਆਸ ਦੀ ਕੋਈ ਕਿਰਣ ਭੀ ਬਾਕੀ ਨਹੀਂ ਸੀ। ਪਿੰਡ ਦੇ ਸਾਰੇ ਲੋਕ ਹੋਲੀ ਹੋਲੀ ਚਲੇ ਗਏ ਸਨ ਉਹ ਅਜ ਅਪਣੇ ਮੁੱਛ ਫੁਟ ਪੋਤੇ ਦਾ ਸਸਕਾਰ ਕਰਕੇ ਆਇਆ ਸੀ। ਇੰਜ ਲਗਦਾ ਸੀ ਜਿਵੇਂ ਕਿਸੇ ਨੇ ਉਹਦੀ ਡਗੋਰੀ ਖੋਹ ਲਈ ਹੋਵੇ ਤੇ ਜ਼ੋਰ ਨਾਲ ਡਾਂਗ ਮਾਰਕੇ ਤਿਗ ਭੀ ਤੋੜ ਦਿਤਾ ਹੋਵੇ।

ਜ਼ਿੰਦਗੀ ਵਿਚ ਬਹੁਤ ਉਤਾਰ ਚੜ੍ਹਾਹ ਆਏ ਪਰ ਮੰਗਲ ਸਿੰਘ ਨੇ ਕਦੇ ਹੌਸਲਾ ਨਹੀਂ ਸੀ ਹਾਰਿਆ। ਪਰ ਸ਼ਾਇਦ ਹੁਣ ਬੁੱਢੇ ਹੱਡ ਹੋਰ ਸਦਮਾ ਨਹੀਂ ਸਨ ਝੱਲ ਸਕਦੇ। ਐਨੇ ਨੂੰ ਉਹਦੀ ਪੋਤੀ ਹੋਲੀ ਜਹੀ ਅੰਦਰ ਆਈ। "ਬਾਬਾ ਜੀ ਚਾਹ ਪੀ ਲਵੋ।" ਮੰਗਲ ਸਿੰਘ ਨੇ ਇਕ ਵਾਰ ਆਪਣੀ ਜਵਾਨ ਪੋਤੀ ਵਲ਼ ਦੇਖਿਆ ਪਰ ਬੋਲਿਆ ਕੁਛ ਨਹੀਂ। ਉਸਨੇ ਭੀ ਰੋ ਰੋ ਕੇ ਅੱਖਾਂ ਸੁਜਾਈਆਂ ਹੋਈਆਂ ਸਨ। "ਧੀਏ ਰਖ ਦੇ ਏਥੇ ਮੈਂ ਪੀ ਲਵਾਂਗਾ" ਛਿੰਦੋ ਨੇ ਚਾਹ ਇਕ ਛੋਟੇ ਜਹੇ ਮੇਜ਼ ਤੇ ਢੱਕ ਕੇ ਰਖ ਦਿਤੀ ਤੇ ਆਖਣ ਲਗੀ, 'ਬਾਬਾ ਜੀ ਰੋਟੀ ਘਰ ਆਕੇ ਖਾਉਗੇ ਜਾਂ ਮੈਂ ਏਥੇ ਲੈ ਆਵਾਂ।' ਮੰਗਲ ਸਿੰਘ ਕਹਿਣ ਲਗਾ "ਅਜੇ ਭੁਖ ਨਹੀਂ। ਜੇ ਚਿਤ ਕੀਤਾ ਤਾਂ ਘਰ ਆਕੇ ਖਾ ਲਵਾਗਾਂ। ਤੂੰ ਜਾ ਆਪਣੀ ਮਾਂ ਦਾ ਖਿਆਲ ਰਖ ਤੇ ਬੇਟਾ ਤਕੜਾ ਹੋ।" ਉਤੋਂ ਉਤੋਂ ਭਾਵੇਂ ਮੰਗਲ ਸਿੰਘ ਛਿੰਦੋ ਨੂੰ ਦਿਲਾਸਾ ਦੇ ਰਿਹਾ ਸੀ ਪਰ ਅੰਦਰ ਉਹਦਾ ਭੁਬਾਂ ਮਾਰਦਾ ਸੀ। ਜੋ ਖੁਦ ਟੁਟਕੇ ਡਿਗ ਚੁੱਕਾ ਹੋਵੇ ਉਹ ਭਲਾ ਕਿਸੇ ਨੂੰ ਕੀ ਆਸਰਾ ਦੇਊਗਾ।

ਛਿੰਦੋ ਦੇ ਜਾਣ ਤੋਂ ਬਾਦ ਮੰਗਲ ਸਿੰਘ ਫੇਰ ਚੁਪ ਚਾਪ ਛਤ ਵਲ ਦੇਖਣ ਲਗ ਪਿਆ ਉਹਨਾਂ ਮੋਰੀਆਂ ਥਾਣੀ ਅਸਮਾਨ ਦੇ ਨੀਲੇ ਪਰਦੇ ਤੇ ਉਹਨੂੰ ਸਭ ਕੁਛ ਸਾਫ ਸਾਫ ਦਿਸਣ ਲਗ ਪਿਆ। ਸਾਰੀ ਜ਼ਿੰਦਗੀ, ਇਕ ਫਿਲਮ ਵਾਂਗ ਅਖਾਂ ਸਾਹਮਣੇ ਆ ਗਈ।

ਉਹਦੇ ਕੰਨੀਂ ਉਹਦੇ ਬਾਪੂ ਦੀ ਆਵਾਜ਼ ਪਈ, "ਮੰਗਿਆ ਪੁੱਤਰ ਉਠ ਸਕੂਲ ਚਲੀਏ।" ਉਹਦਾ ਚਿੱਤ ਜਾਣ ਨੂੰ ਨਹੀਂ ਸੀ ਕਰਦਾ। ਪਰ ਪਿਤਾ ਦੇ ਡਰ ਤੇ ਸਤਿਕਾਰ ਕਰਕੇ ਉਹ ਉਹਦੀ ਉਂਗਲ ਫੜਕੇ ਸਕੂਲ ਵਲ ਨੂੰ ਤੁਰ ਪਿਆ। ਬਸਤੇ ਵਿਚ ਇਕ ਸਲੇਟ ਤੇ ਕਾਇਦਾ।

ਹੋਲੀ ਹੋਲੀ ਚੋਥੀ ਪਾਸ ਕਰਕੇ ਲਾਗਲੇ ਸ਼ਹਿਰ ਵਿਚ ਉਹ ਵੱਡੇ ਸਕੂਲ ਦਾਖਿਲ ਹੋ ਗਿਆ। ਫੇਰ ਦਸਵੀਂ ਕਰ ਲਈ। ਉਹਦੇ ਪਿਓ ਦੀ ਖਹਿਸ਼ ਸੀ ਕਿ ਮੁੰਡਾ ਕਿਤੇ ਸਰਕਾਰੀ ਅਫਸਰ ਲਗ ਜਾਵੇ। ਉਹਨਾਂ ਦਿਨਾਂ ਵਿਚ ਦਸਵੀਂ ਕੋਈ ਕੋਈ ਹੀ ਪਾਸ ਕਰਦਾ ਸੀ। ਖਾਸ ਤੋਰ ਤੇ ਇਸ ਇਲਾਕੇ ਦੇ ਪਿੰਡਾਂ ਚੋਂ।

ਮੰਗਲ ਸਿੰਘ ਨੇ ਹੋਲੀ ਹੋਲੀ ਅਪਣੇ ਬਾਪੂ ਨੂੰ ਕਿਹਾ, "ਬਾਪੂ ਜੀ ਮੈਂ ਤਾਂ ਅਮਰੀਕਾ ਜਾਣਾ ਹੈ ਤੇ ਹਾਲੇ ਹੋਰ ਪੜ੍ਹਨਾ ਹੈ।"

ਪਹਿਲਾ ਤਾਂ ਉਹਦਾ ਬਾਪ ਸੋਚਾਂ ਵਿਚ ਪੈ ਗਿਆ ਇਕੋ ਇਕ ਮੁੰਡਾ ਉਹਨੂੰ ਕਿਸ ਤਰ੍ਹਾਂ ਸੱਤਾਂ ਸਮੁੰਦਰਾਂ ਤੋਂ ਪਾਰ ਭੇਜ ਦੇਵੇ। ਪਰ ਜਦੋਂ ਮੰਗਲ ਸਿੰਘ ਜ਼ਿੱਦ ਕਰਦਾ ਰਿਹਾ ਤਾਂ ਉਹਦੇ ਪਿਓ ਨੇ ਭੀ ਹਾਂ ਕਰ ਦਿੱਤੀ। ਘਰ ਦੀ ਹਾਲਤ ਭੀ ਕੋਈ ਖਾਸ ਠੀਕ ਨਹੀਂ ਸੀ। ਜ਼ਮੀਨ ਜਾਇਦਾਦ ਭੀ ਥੋਹੜੀ ਸੀ। ਮੰਗਲ ਸਿੰਘ ਨੇ ਪਾਸਪੋਰਟ ਬਣਵਾ ਲਿਆ। ਤਾਂ ਉਹਦੇ ਪਿਓ ਨੇ ਕੁਛ ਕਰਜ਼ਾ ਲੈ ਕੁਛ ਉਹਦੀ ਮਾਂ ਦੇ ਗਹਿਣੇ ਵੇਚ ਟਿਕਟ ਜੋਗੇ ਪੈਸੇ ਕਰ ਦਿਤੇ। ਆਖਿਰ ਉਹਨੂੰ ਕਲਕੱਤੇ ਜਾਣ ਵਾਲੀ ਗੱਡੀ ਤੇ ਚਾੜ੍ਹ ਦਿਤਾ। ਸਟੇਸ਼ਨ ਤੇ ਉਹਦੇ ਬਾਪੂ ਦੇ ਆਖਿਰ ਲਫਜ਼ ਸਨ, "ਦੇਖੀਂ ਮੰਗਿਆ ਇਕ ਤਾਂ ਕੇਸ ਨਾ ਕਤਲ ਕਰੀਂ ਤੇ ਦੂਸਰੇ ਕਾਕਾ ਚਿੱਠੀ ਪਾਉਂਦਾ ਰਿਹਾ ਕਰੀਂ। ਤੇਰੀ ਬੇਬੇ ਬਹੁਤ ਓਦਰੀ ਹੋਈ ਹੈ।" ਗੱਡੀ ਨੇ ਚੀਕ ਮਾਰੀ ਤਾਂ ਉਹਦੀ ਮਾਂ ਭੀ ਚੀਕਾਂ ਮਾਰਨ ਲਗ ਪਈ। ਉਹਦੇ ਬਾਪ ਨੇ ਮਸੀਂ ਫੜਕੇ ਉਹਨੂੰ ਸੰਭਾਲਿਆ। ਸਾਰਾ ਰਾਹ ਮੰਗਲ ਸਿੰਘ ਦੁਚਿੱਤੀ ਜਹੀ ਵਿਚ ਪਿਆ ਰਿਹਾ। ਇਕ ਬੰਨੇ ਤਾਂ ਘਰ ਦਿਆਂ ਤੋਂ ਵਿਛੜਨ ਦਾ ਗਮ ਤੇ ਦੂਸਰੇ ਪਾਸੇ ਅਮਰੀਕਾ ਦੀ ਧਰਤੀ ਦੇ ਸੁਪਨੇ। ਆਖਿਰ ਕਲਕੱਤੇ ਤੇ ਜਹਾਜ਼ ਫੜਕੇ, ਕੁਛ ਦਿਨ ਸਿੰਘਾਪੁਰ ਰਹਿਕੇ ਉਹ ਆਖਿਰ ਸੈਨ ਫਰਾਂਸਿਸਕੋ ਪਹੁੰਚ ਗਿਆ। ਉਥੇ ਪਹੁੰਚ ਕੇ ਉਹ ਸਿਧਾ ਬਰਕਲੇ ਚਲਾ ਗਿਆ ਜਿਥੇ ਉਹਨੂੰ ਦਾਖਲਾ ਮਿਲਿਆ ਸੀ। ਇਕ ਦੋ ਹੋਰ ਵਤਨੀਂ ਮੁੰਡੇ ਮਿਲ ਗਏ ਜੋ ਕਿ ਉਥੇ ਪੜ੍ਹਨ ਆਏ ਹੋਏ ਸੀ, ਉਹ ਭੀ ਉਹਨਾਂ ਨਾਲ ਹੀ ਇਕ ਛੋਟੇ ਜਹੇ ਕਮਰੇ ਵਿਚ ਰਹਿਣ ਲਗ ਪਿਆ। ਪਹਿਲੀ ਵਾਰ ਕਾਫੀ ਚਿਰ ਤੋਂ ਬਾਦ ਉਹਨੂੰ ਵਿੰਗੀਆਂ ਟੇਢੀਆਂ ਰੋਟੀਆਂ ਖਾਣ ਨੂੰ ਮਿਲੀਆਂ। ਬੜੀਆਂ ਸੁਆਦ ਲਗੀਆਂ ਤੇ ਫੇਰ ਬੇਬੇ ਦੇ ਪਰੌਠੇ ਯਾਦ ਆਏ। ਹੋਲੀ ਹੋਲੀ ਉਹ ਖੁਦ ਵੀ ਰੋਟੀਆਂ ਬਣਾਉਣੀਆਂ ਸਿਖ ਗਿਆ।

ਕਾਲਜ ਖੁਲ੍ਹ ਗਿਆ। ਪਰ ਉਹ ਹੈਰਾਨ ਸੀ ਉਹਦੇ ਸਾਥੀ ਕਾਲੇਜ ਘਟ ਹੀ ਵੜਦੇ ਸਨ। ਸਾਰਾ ਸਾਰਾ ਦਿਨ ਬਾਹਰ ਫਿਰਦੇ ਰਹਿੰਦੇ ਤੇ ਕਦੇ ਕਈ ਕਈ ਦਿਨ ਗਾਇਬ ਹੋ ਜਾਂਦੇ। ਇਕ ਦਿਨ ਉਹਦੇ ਤੋਂ ਰਿਹਾ ਨਾ ਗਿਆ। ਆਖਿਰ ਕਹਿ ਹੀ ਦਿਤਾ, "ਵੀਰੋ, ਤੁਸੀ



ਘਰੋ ਤਾਂ ਐਨੇ ਔਖੇ ਹੋਕੇ ਏਥੇ ਪੜ੍ਹਨ ਆਏ ਹੋ ਤੇ ਫੇਰ ਪੜ੍ਹਦੇ ਕਿਉਂ ਨਹੀਂ ?" ਰਫੀਕ ਕਹਿਣ ਲਗਾ, "ਮੰਗਲਾ ਪੜ੍ਹਾਈ ਨਾਲੋਂ ਭੀ ਜਿਆਦਾ ਜਰੂਰੀ ਹੋਰ ਕਈ ਕੰਮ ਨੇ—ਅਸੀਂ ਤਾਂ ਉਹਨਾ ਵਿਚ ਲਗੇ ਹੋਏ ਹਾਂ। ਤੂੰ ਅਪਣਾ ਕੰਮ ਕਰ।" ਮੰਗਲ ਸਿੰਘ ਨੂੰ ਇਹ ਅਜੀਬ ਜਿਹਾ ਜਵਾਬ ਲਗਾ। ਪਰ ਚੁਪ ਹੋ ਗਿਆ। ਹੋਲੀ ਹੋਲੀ ਉਹਨੂੰ ਇਹ ਪਤਾ ਲਗਾ ਕਿ ਇਹਨਾ ਗਦਰ ਪਾਰਟੀ ਬਣਾਈ ਹੋਈ ਹੈ। ਇਕ ਬਾਰ ਉਹ ਭੀ ਉਹਨਾਂ ਨਾਲ ਇਕ ਮੀਟਿੰਗ ਤੇ ਚਲਾ ਗਿਆ। ਬੁਲਾਰੇ ਤੇ ਬੁਲਾਰਾ ਬੜੇ ਜੋਸ਼ ਨਾਲ ਇਹ ਕਹਿ ਰਿਹਾ ਸੀ ਕਿ ਸਾਨੂੰ ਆਜ਼ਾਦੀ ਚਾਹੀਦੀ ਹੈ। ਗੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਚੰਗੀ ਹੈ। ਇੰਜ ਲਗਾ ਜਿਵੇਂ ਮੰਗਲ ਸਿੰਘ ਦੀ ਕਿਸੇ ਸੁੱਤੀ ਹੋਈ ਰੂਹ ਨੂੰ ਕਿਸੇ ਝਿੰਝੋੜਕੇ ਜਗਾ ਦਿਤਾ ਹੋਵੇ। ਉਹ ਭੀ ਗਦਰ ਪਾਰਟੀ ਵਿਚ ਭਰਤੀ ਹੋ ਗਿਆ।

ਪਹਿਲਾ ਉਹ ਤਕਰੀਬਨ ਹਰ ਹਫਤੇ ਘਰਦਿਆਂ ਨੂੰ ਖਤ ਪਾਉਂਦਾ ਸੀ। ਹੋਲੀ ਹੋਲੀ ਦੋ ਹਫਤੇ, ਫੇਰ ਮਹੀਨੇ ਤੇ ਕੁਛ ਮਹੀਨਿਆਂ ਬਾਦ ਖਤ ਬਿਲਕੁਲ ਹੀ ਬੰਦ ਹੋ ਗਏ। ਘਰਦਿਆਂ ਸੋਚਿਆ ਪੜ੍ਹਾਈ ਬਹੁਤ ਸਖਤ ਹੋਣੀ ਹੈ। ਕਈ ਵਾਰ ਫਿਕਰਮੰਦ ਭੀ ਹੁੰਦੇ ਪਰ ਕੀ ਕਰ ਸਕਦੇ ਸੀ।

ਹੋਲੀ ਹੋਲੀ ਸਾਲ ਟੱਪ ਗਿਆ ਜਦ ਕੋਈ ਖਤ ਨਾ ਗਿਆ ਤਾਂ ਆਂਢਣਾਂ ਗੁਆਂਢਣਾਂ ਆਕੇ ਉਹਦੀ ਮਾਂ ਕੋਲ ਆਕੇ ਕਹਿੰਦੀਆਂ, "ਨੀ ਉਹਨੂੰ ਤਾਂ ਪੱਟ ਲਿਆ ਹੋਣਾ ਭੂਰੇ ਝਾਟੇ ਵਾਲੀਆਂ ਨੇ, ਉਹ ਨਹੀਂ ਹੁਣ ਔਂਦਾ। ਗੁਆਕੇ ਬਹਿ ਗਏ ਨਾ ਮੁੰਡਾ ਮਰੀਕਾ ਦੀ ਪੜ੍ਹਾਈ ਦੇ ਚਾ ਵਿਚ।" ਜਸਵੰਤ ਕੋਰ ਦਾ ਦਿਲ ਬਹਿ ਜਾਂਦਾ। ਫੇਰ ਖੁਦ ਨੂੰ ਹੀ ਕਹਿੰਦੀ, "ਨਹੀਂ ਮੇਰਾ ਮੰਗਲ ਜਰੂਰ ਆਊਗਾ ਉਹ ਐਦਾਂ ਨਹੀਂ ਕਰ ਸਕਦਾ। ਮੇਰੇ ਨਾਲ ਔਣ ਦਾ ਵਾਇਦਾ ਕਰਕੇ ਗਿਆ ਹੈ ਤੇ ਨਾਲ ਉਨੇ ਵਾਇਦਾ ਕੀਤਾ ਸੀ ਕਿ ਕਿਸੇ ਮੇਮ ਦੇ ਨੇੜੇ ਨਹੀਂ ਜਾਏਗਾ।"

ਜਿਵੇਂ ਜਿਵੇਂ ਵਕਤ ਲੰਘਦਾ ਗਿਆ ਜਸਵੰਤ ਕੋਰ ਬੇਉਮੀਦ ਹੁੰਦੀ ਹੀ ਗਈ। ਆਖਿਰ ਬੀਮਾਰ ਹੋਕੇ ਮੰਜੇ ਤੇ ਪੈ ਗਈ ਤੇ ਆਪਣੇ ਪੁਤਰ ਨੂੰ ਉਡੀਕਦੀ ਰਬ ਨੂੰ ਪਿਆਰੀ ਹੋ ਗਈ। ਜਸਵੰਤ ਕੋਰ ਦੀ ਮੌਤ ਦੇ ਮਗਰੋਂ ਕੇਹਰ ਸਿੰਘ ਭੀ ਕਾਫੀ ਕਮਜ਼ੋਰ ਹੋ ਗਿਆ। ਪੁਤ ਦਾ ਗਮ ਤਾ ਬਹੁਤ ਸੀ। ਪਰ ਉਸਨੇ ਹਾਲੇ ਉਮੀਦ ਨਹੀਂ ਸੀ ਛਡੀ ਤੇ ਕੋਸ ਰਿਹਾ ਸੀ ਉਸ ਘੜੀ ਨੂੰ ਜਦੋਂ ਉਹਨੇ ਮੰਗਲ ਨੂੰ ਅਮਰੀਕਾ ਜਾਣ ਦੀ ਇਜਾਜ਼ਤ ਦਿਤੀ ਸੀ।

ਪਹਿਲੀ ਜੰਗ ਸ਼ੁਰੂ ਹੋ ਗਈ। ਅਮਰੀਕਾ ਤੇ ਕਨੇਡਾ ਤੋਂ ਗਦਰੀ ਅਪਣਾ ਸਭ ਕੁਝ ਛਡ ਵਤਨ ਵਲ ਨੂੰ ਮੁੜ ਪਏ। ਮੰਗਲ ਸਿੰਘ ਭੀ ਇਕ ਜਥੇ ਨਾਲ ਮੁੜ ਭਾਰਤ ਆ ਗਿਆ ਤੇ ਕਲਕੱਤੇ ਜਹਾਜ਼ ਤੋਂ ਉਤਰਦਾ ਹੀ ਫੜਿਆ ਗਿਆ।

ਆਖਿਰ ਉਹਨੂੰ ਲਾਹੋਰ ਲੈ ਆਏ। ਕੇਹਰ ਸਿੰਘ ਨੂੰ ਕਿਸੇ ਨੇ ਦਸਿਆ ਕਿ ਤੇਰਾ ਲੜਕਾ ਲਾਹੋਰ ਦੀ ਜੇਲ੍ਹ ਵਿਚ ਹੈ ਕੁਝ ਸਿਰ ਫਿਰੇ ਲੋਕਾਂ ਨਾਲ। ਜੋ ਅਮਰੀਕਾ ਵਰਗੀ ਧਰਤੀ ਨੂੰ ਛਡ ਕੇ ਏਥੇ ਆ ਗਏ ਹਨ ਤੇ ਕਹਿੰਦੇ ਹਨ ਅਸੀਂ ਗੋਰਿਆਂ ਨੂੰ ਏਥੋਂ ਕਢ ਦੇਣਾ

ਹੈ, ਜਿਹਨਾਂ ਦੇ ਪੈਰ ਏਥੇ ਡੇਢ ਸੌ ਸਾਲ ਤੋਂ ਜੰਮੇ ਹੋਏ ਹਨ। ਘਰੋਂ ਤਾਂ ਗਏ ਸੀ ਪੜ੍ਹਾਈ ਕਰਨ ਤੇ ਸਭ ਕੁਛ ਗੁਆਕੇ ਹੁਣ ਜੇਹਲ ਵਿਚ ਬੈਠੇ ਹਨ।"

ਕੇਹਰ ਸਿੰਘ ਨੇ ਹੱਥ ਪੈਰ ਮਾਰੇ। ਆਖਿਰ ਮੁੰਡੇ ਨੂੰ ਕਈ ਸਾਲਾਂ ਬਾਦ ਮਿਲਿਆ। ਇਕ ਬਾਰ ਤਾਂ ਕੇਹਰ ਸਿੰਘ ਨੂੰ ਧੱਕਾ ਜਿਹਾ ਲੱਗਾ, ਜਦੋਂ ਉਸ ਨੇ ਆਪਣੇ ਮੰਗਲ ਸਿੰਘ ਨੂੰ ਬਿਨਾਂ ਪਗ ਦੇ ਕੇਸਾਂ ਤੋਂ ਦੇਖਿਆ। ਮੰਗਲ ਸਿੰਘ ਨੂੰ ਭੀ ਮਾਂ ਦੀ ਮੌਤ ਬਾਰੇ ਜਾਣਕੇ ਦੁਖ ਹੋਇਆ। ਮੰਗਲ ਨੇ ਸਾਰੀ ਗਲ ਸਮਝਾ ਦਿਤੀ ਕਿ ਬਾਪੂ ਅਸੀਂ ਲੁਕ ਛਿਪ ਕੇ ਐਥੇ ਆਜ਼ਾਦੀ ਲਈ ਕੰਮ ਕਰਨਾ ਸੀ। ਕੇਹਰ ਸਿੰਘ ਨੂੰ ਸਮਝ ਨਹੀਂ ਸੀ ਆ ਰਹੀ। ਇਹ ਨੂੰ ਆਪਣੇ ਘਰ ਦਿਆਂ ਦਾ ਕੋਈ ਫਿਕਰ ਨਹੀਂ? ਇਹਦੀ ਮਾਂ ਤਾਂ ਇਹਨੂੰ ਉਡੀਕਦੀ ਮਰ ਗਈ, ਫਿਕਰ ਲਗਾ ਹੈ ਭਾਰਤ ਮਾਂ ਦਾ।

ਇਕ ਗਲੋਂ ਕੇਹਰ ਸਿੰਘ ਨੇ ਰਬ ਦਾ ਸ਼ੁਕਰ ਕੀਤਾ ਕਿ ਚਲੋ ਅਖਾਂ ਸਾਹਮਣੇ ਤਾਂ ਆ ਗਿਆ। ਮੰਗਲ ਸਿੰਘ ਤੇ ਉਹਦੇ ਸਾਥੀਆਂ ਤੇ ਕੇਸ ਚਲਿਆ ਤੇ ਸਭ ਨੂੰ ਕਾਲੇ ਪਾਣੀਆਂ ਦੀ ਸਜ਼ਾ ਹੋ ਗਈ। ਕੇਹਰ ਸਿੰਘ ਜਦ ਅਖੀਰੀ ਬਾਰ ਮੰਗਲ ਸਿੰਘ ਨੂੰ ਮਿਲਨ ਗਿਆ ਤਾਂ ਮੰਗਲ ਸਿੰਘ ਨੇ ਵਾਇਦਾ ਕੀਤਾ ਸੀ ਕਿ ਉਹ ਹੁਣ ਵਾਲ ਨਹੀਂ ਕੱਟੇਗਾ। ਮੰਗਲ ਸਿੰਘ ਦੇ ਕਾਲੇਪਾਣੀ ਜਾਣ ਮਗਰੋਂ ਕੇਹਰ ਸਿੰਘ ਮੰਜੇ ਤੇ ਐਸਾ ਪਿਆ ਕਿ ਫੇਰ ਨਹੀਂ ਉੱਠਿਆ।

ਉਧਰ ਮੰਗਲ ਸਿੰਘ ਜੇਹਲ ਦੀ ਬੰਦ ਕੋਠੜੀ ਵਿਚ ਨਿਤ ਭਾਰਤ ਦੀ ਆਜ਼ਾਦੀ ਦੇ ਸੁਪਨੇ ਵੇਖਦਾ। ਦਿਨ ਮਹੀਨਿਆਂ ਵਿਚ, ਮਹੀਨੇ ਸਾਲਾਂ ਵਿਚ ਬਦਲਦੇ ਰਹੇ। ਦੂਸਰੀ ਜੰਗ ਸ਼ੁਰੂ ਹੋ ਗਈ। ਇਧਰ ਹੁਣ ਭਾਰਤਵਾਸੀ ਭੀ ਜਾਗ ਪਏ ਸਨ। ਆਜ਼ਾਦੀ ਦੀ ਲਹਿਰ ਹੋਰ ਤੇਜ਼ ਹੋਈ। ਊਧਮ ਸਿੰਘ ਤੇ ਭਗਤ ਸਿੰਘ ਵਰਗਿਆਂ ਨੂੰ ਮੰਗਲ ਸਿੰਘ ਦਿਲੋਂ ਅਸੀਸਾਂ ਦਿੰਦਾ ਸੀ। ਉਹਨਾਂ ਨੇ ਉਹ ਕੀਤਾ ਜੋ ਮੰਗਲ ਸਿੰਘ ਕਰਨ ਲਈ ਆਇਆ ਸੀ।

ਆਖਿਰ ਪੰਦਰਾਂ ਅਗਸਤ 1947 ਨੂੰ ਭਾਰਤ ਨੂੰ ਆਜ਼ਾਦੀ ਮਿਲੀ। ਸਾਰੇ ਲੋਕੀ ਰਿਹਾ ਕਰ ਦਿਤੇ ਗਏ। ਮੰਗਲ ਸਿੰਘ ਜਦੋਂ ਪੰਜਾਬ ਆਇਆ ਤਾਂ ਉਹਨੂੰ ਯਕੀਨ ਨਹੀਂ ਸੀ ਆ ਰਿਹਾ। ਪਿਛਲੇ ਕੁਛ ਸਾਲਾਂ 'ਚ ਸਭ ਕੁਛ ਬਦਲ ਗਿਆ। ਗਦਰੀ ਜਿਥੇ ਹਿੰਦੂ ਮੁਸਲਮਾਨ ਤੇ ਸਿਖ ਮੋਢੇ ਨਾਲ ਮੋਢਾ ਜੋੜਕੇ ਲੜਦੇ ਸਨ, ਅਜ ਇਟ ਕੁੱਤੇ ਦਾ ਵੈਰ ਸੀ। ਉਹਦਾ ਸੋਹਣਾ ਪੰਜਾਬ ਵੰਡਿਆ ਗਿਆ। ਰਾਵੀ ਤੇ ਝਨਾਂ ਵੰਡਿਆ ਗਿਆ। ਉਹਦਾ ਘਰ ਉਜੜ ਗਿਆ। ਉਹਦਾ ਮੁਲਖ ਉੱਜੜ ਗਿਆ। ਬੜੀ ਵਡੀ ਕੀਮਤ ਸੀ ਜੋ ਉਹਨੇ ਤੇ ਉਹਦੇ ਸਾਥੀਆਂ ਨੇ ਭਾਰਤ ਮਾਂ ਦੀ ਆਜ਼ਾਦੀ ਲਈ ਤਾਰੀ। ਉਹਨਾਂ ਦੀ ਜਮੀਨ ਤੇ ਘਰ ਗੌਰਮਿੰਟ ਨੇ ਜ਼ਬਤ ਕਰ ਲਏ ਸੀ। ਘਰ ਵਿਚ ਕੋਈ ਪਾਕਿਸਤਾਨ ਤੋਂ ਆਕੇ ਰਹਿਣ ਲਗ ਪਏ। ਪਰ ਹੌਲੀ ਹੌਲੀ ਉਹਨੂੰ ਆਪਣਾ ਖੂਹ ਤੇ ਇਕ ਛੋਟਾ ਜਿਹਾ ਕਮਰਾ ਸਿਰ ਛੁਪਾਉਣ ਨੂੰ ਮਿਲ ਗਿਆ।

ਜਦ ਤਬਾਹੀ ਨੂੰ ਮੰਗਲ ਸਿੰਘ ਨੇ ਤਕਿਆ ਤਾਂ ਉਹਨੂੰ ਇੰਜ ਲਗਾ ਕਿ ਕੀ ਖੜਾ ਸੀ ਇਹੋ ਜੀ ਅਜ਼ਾਦੀ ਖੁਣੋਂ। ਫੇਰ ਭੀ ਉਸ ਹੌਸਲਾ ਨਾ ਛਡਿਆ। ਉਹ ਕੈਂਪਾਂ ਵਿਚ ਜਾਕੇ



ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਮਦਦ ਕਰਨ ਲੱਗਾ। ਉਥੇ ਹੀ ਕੈਂਪ ਵਿਚ ਉਹਨੂੰ 'ਕਿਸ਼ਨੀ' ਮਿਲੀ ਜੋ ਕਿ ਵਿਧਵਾ ਸੀ। ਉਹਦਾ ਬਾਕੀ ਦਾ ਸਾਰਾ ਪਰਿਵਾਰ ਮਾਰਿਆ ਗਿਆ। ਉਹ ਸਿਰਫ ਇਕੱਲੀ ਸੀ ਇਸ ਜਗ ਤੇ। ਉਹਦੀ ਕਹਾਨੀ ਸੁਣਕੇ ਮੰਗਲ ਸਿੰਘ ਦੇ ਦਿਲ ਵਿਚ ਉਹਦੇ ਲਈ ਹਮਦਰਦੀ ਤੇ ਪਿਆਰ ਜਾਗ ਪਿਆ। ਉਮਰ ਵਿਚ ਉਹ ਭਾਵੇਂ ਇਸ ਤੋਂ ਪੰਦਰਾਂ ਵੀਹ ਸਾਲ ਛੋਟੀ ਹੀ ਸੀ।

ਆਖਿਰ ਜਦੋਂ ਉਹਨੂੰ ਕਿਤੇ ਜਾਣ ਨੂੰ ਥਾਂ ਨਾ ਮਿਲੀ ਤਾਂ ਮੰਗਲ ਸਿੰਘ ਉਹਨੂੰ ਆਪਣੇ ਘਰ ਲੈ ਆਇਆ। ਲੋਕੀ ਖੁਸਰ ਫੁਸਰ ਕਰਨ ਲਗੇ। ਮੰਗਲ ਸਿੰਘ ਨੇ ਕਿਸ਼ਨੀ ਤੋਂ ਪੁਛਿਆ ਤੇ ਉਹ ਭੀ ਮੰਨ ਗਈ। ਆਖਿਰ ਦੋਹਨਾਂ ਨੇ ਪਿੰਡ ਦੇ ਗੁਰਦਵਾਰੇ ਜਾਕੇ ਵਿਆਹ ਕਰਵਾ ਲਿਆ।

ਮੰਗਲ ਸਿੰਘ ਜਾਨ ਤੋੜਕੇ ਖੇਤਾਂ ਵਿਚ ਕੰਮ ਕਰਦਾ। ਕਿਸ਼ਨੀ ਨੇ ਸਾਰਾ ਘਰ ਦਾ ਕੰਮ ਸੰਭਾਲ ਲਿਆ। ਸਾਲ ਦੇ ਅੰਦਰ ਅੰਦਰ ਹੀ ਰੱਬ ਨੇ ਕਿਸ਼ਨੀ ਦੀ ਕੁਖ ਨੂੰ ਭਾਗ ਲਾਏ। ਮੰਗਲ ਸਿੰਘ ਦੇ ਘਰ ਮੁੰਡਾ ਜੰਮਿਆ। ਮੰਗਲ ਸਿੰਘ ਦੀ ਖੁਸ਼ੀ ਦਾ ਕੋਈ ਹੱਦ ਬੰਨਾ ਨਹੀਂ ਸੀ। ਰਬ ਦਾ ਸ਼ੁਕਰ ਕੀਤਾ ਉਜੜਿਆ ਘਰ ਫੇਰ ਬਸ ਗਿਆ। ਸੰਧੂ ਖਾਨਦਾਨ ਨੂੰ ਅਗਾਹ ਤੋਰਨ ਵਾਲਾ ਫੇਰ ਰਬ ਨੇ ਕੋਈ ਭੇਜ ਦਿਤਾ। ਮੰਗਲ ਸਿੰਘ ਨੇ ਉਹਦਾ ਨਾਂ ਅਜਾਦ ਸਿੰਘ ਰਖ ਦਿਤਾ। ਪਿੰਡ ਦੇ ਮਕਾਨ ਵਿਚ ਜੋ ਸ਼ਰਨਾਰਥੀ ਆਏ ਬੈਠੇ ਹੋਏ ਸਨ ਉਹਨਾਂ ਨੂੰ ਜ਼ਮੀਨ ਹੋਰ ਅਲਾਟ ਹੋ ਗਈ ਤੇ ਉਹ ਉਥੇ ਚਲੇ ਗਏ। ਮੰਗਲ ਸਿੰਘ ਨੂੰ ਉਹਦਾ ਜੱਦੀ ਘਰ ਫੇਰ ਵਾਪਿਸ ਮਿਲ ਗਿਆ।

ਸਾਰੇ ਇਹ ਹੀ ਕਹਿੰਦੇ ਸਨ ਕਿਵੇਂ ਕਿਸਮਤ ਬਦਲੀ ਹੈ ਜੱਟ ਦੀ। ਸਾਰੇ ਪਾਸੇ ਹੀ ਸਿਧੇ ਪਈ ਤੁਰੇ ਜਾਂਦੇ ਨੇ। ਦੋ ਕੁ ਸਾਲਾਂ ਬਾਦ ਮੰਗਲ ਸਿੰਘ ਦੇ ਬੇਟੀ ਹੋ ਗਈ। ਬੜੀ ਖੁਸ਼ੀ ਮਨਾਈ। ਲੋਕ ਕਹਿਣ ਮੰਗਲ ਸਿੰਘ ਝੱਲਾ ਹੋ ਗਿਆ ਹੈ ਭਲਾ ਕੁੜੀਆਂ ਦੇ ਜਨਮ ਤੇ ਖੁਸ਼ੀ ਕੌਣ ਮਨਾਉਂਦਾ ਹੈ। ਮੰਗਲ ਸਿੰਘ ਕਹਿੰਦਾ, ਭਾਈ ਸਾਡੇ ਤਾਂ ਚਹੁੰ ਪੁਸ਼ਤਾਂ ਬਾਦ ਮਸੀਂ ਮਸੀਂ ਕੁੜੀ ਹੋਈ ਹੈ। ਸੋ ਸ਼ਹਿਜਾਦੀਆਂ ਵਾਂਗੂ ਪਾਲੂੰਗਾ ਇਸਨੂੰ। ਖੁਸ਼ੀ ਵਿਚ ਦਿਨ ਲੰਘਦੇ ਗਏ। ਮੰਗਲ ਸਿੰਘ ਉਹਨੂੰ 'ਗੁਡੋ' ਹੀ ਕਹਿੰਦਾ ਸੀ। ਇੰਜ ਹੀ ਕਈ ਸਾਲ ਬੀਤ ਗਏ। ਲੋਕਾਂ ਨੇ ਮੰਗਲ ਸਿੰਘ ਨੂੰ ਇਲੈਕਸ਼ਨਾਂ ਵਿਚ ਖੜਾ ਹੋਣ ਲਈ ਕਿਹਾ। ਪਰ ਮੰਗਲ ਸਿੰਘ ਨੇ ਇਹ ਕਹਿਕੇ ਨਾਂਹ ਕਰ ਦਿਤੀ, "ਭਾਈ ਅਸੀਂ ਜੋ ਕੰਮ ਅਰੰਭਿਆ ਸੀ ਉਹ ਪੂਰਾ ਹੋ ਗਿਆ ਹੈ। ਹੁਣ ਤੁਸੀਂ ਜਾਣੋ ਤੇ ਤੁਹਾਡਾ ਕੰਮ।" ਐਮ. ਐਲ. ਏ., ਐਮ. ਪੀ. ਸਾਰੇ ਮੰਗਲ ਸਿੰਘ ਦੀ ਮਦਦ ਲਈ ਜਰੂਰ ਆਉਂਦੇ। ਆਮ ਕਹਾਵਤ ਕਿ ਜਿਸ ਨਾਲ ਮੰਗਲ ਸਿੰਘ ਤੁਰ ਪਿਆ ਸਮਝ ਲੋ ਉਹ ਇਲੈਕਸ਼ਨ ਜਿਤ ਗਿਆ।

ਗੁਡੋ ਨੂੰ ਦਸਵੀਂ ਕਰਨ ਤੋਂ ਬਾਦ ਹੀ ਵਿਆਹ ਦਿਤਾ। ਵਿਆਹ ਬੜੀ ਧੂਮਧਾਮ ਨਾਲ ਹੋਇਆ। ਇਲਾਕੇ ਦੇ ਸਭ ਮੰਨੇ ਪਰਮੰਨੇ ਲੋਕ ਵਿਆਹ ਤੇ ਪਹੁੰਚੇ। ਵਾਕਿਆ ਹੀ ਮੰਗਲ ਸਿੰਘ ਨੇ ਆਪਣੀ ਗੁੱਡੋ ਦਾ ਵਿਆਹ ਸ਼ਹਿਜ਼ਾਦੀਆਂ ਵਾਂਗ ਕੀਤਾ। ਆਜਾਦ ਦੀ ਪੜ੍ਹਾਈ

ਪੂਰੀ ਹੋ ਗਈ। ਬੀ. ਏ. ਕਰਨ ਤੋਂ ਬਾਦ ਉਹ ਫੌਜ ਵਿਚ ਲਫਟੈਂਟ ਭਰਤੀ ਹੋ ਗਿਆ। ਜਿਸ ਦਿਨ ਉਸਨੂੰ ਫੌਜ 'ਚ ਨੌਕਰੀ ਮਿਲੀ ਤਾਂ ਮੰਗਲ ਸਿੰਘ ਨੇ ਕਿਹਾ ਸੀ, "ਕਾਕਾ ਅਸੀਂ ਤਾਂ ਤੁਹਾਨੂੰ ਆਜ਼ਾਦੀ ਲੈ ਦਿਤੀ ਇਹਦੀ ਰਾਖੀ ਹੁਣ ਤੁਸੀਂ ਕਰਨੀ ਹੈ। ਇਕ ਗਲ ਚੇਤੇ ਰਖੀਂ ਕਾਕਾ! ਜੇ ਕਿਤੇ ਸਿਰ ਤੇ ਬਿਪਤਾ ਪੈ ਜਾਵੇ ਤਾਂ ਪਿਛੇ ਨਹੀਂ ਹਟੀਦਾ। ਗੋਲੀ ਸਿਖ ਹਮੇਸ਼ਾ ਸੀਨੇ ਤੇ ਹੀ ਖਾਂਦਾ ਹੈ ਪਿਠ ਤੇ ਨਹੀਂ।"

ਆਜ਼ਾਦ ਦਾ ਵਿਆਹ ਹੋ ਗਿਆ। ਦੋ ਕੁ ਸਾਲਾਂ ਵਿਚ ਇਕ ਲੜਕਾ ਜਿਸਦਾ ਨਾਂ ਇਹਨਾਂ ਬਲਜੀਤ ਰਖਿਆ ਤੇ ਇਕ ਲੜਕੀ ਸੁਰਿੰਦਰ ਹੋਈ। ਮੰਗਲ ਸਿੰਘ ਉਹਨਾਂ ਨੂੰ ਚਾਅ ਨਾਲ ਬਲੂ ਤੇ ਛਿੰਦੋ ਹੀ ਸਦਦਾ ਸੀ। ਪਾਕਿਸਤਾਨ ਨਾਲ 1971 ਵਿਚ ਲੜਾਈ ਸ਼ੁਰੂ ਹੋ ਗਈ। ਆਜ਼ਾਦ ਨੂੰ ਹਦ ਤੇ ਜਾਣਾ ਪੈ ਗਿਆ। ਅਚਾਨਕ ਇਕ ਦਿਨ ਰੇਡਿਉ ਤੇ ਇਹ ਖਬਰ ਆਈ ਕਿ ਪਾਕਿਸਤਾਨ ਨੇ ਉਸ ਚੌਂਕੀ ਨੂੰ ਜਿਥੇ ਆਜ਼ਾਦ ਸੀ ਬੁਰੀ ਤਰਾਂ ਘੇਰ ਲਿਆ ਹੈ। ਆਜ਼ਾਦ ਸਿੰਘ ਤੇ ਉਹਦੇ ਸਿਪਾਹੀ ਬੜੀ ਬਹਾਦਰੀ ਨਾਲ ਲੜੇ ਤੇ ਸਾਰੇ ਸ਼ਹੀਦ ਹੋ ਗਏ। ਤਕਰੀਬਨ ਤਿੰਨ ਦਿਨਾਂ ਬਾਦ ਦੁਬਾਰਾ ਭਾਰਤੀ ਫੌਜ ਨੇ ਉਸ ਚੌਂਕੀ ਤੇ ਕਬਜ਼ਾ ਕਰਕੇ ਉਹਨਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ।

ਖਬਰ ਸੁਣਦਿਆਂ ਸਾਰ ਹੀ ਆਜ਼ਾਦ ਦੀ ਪਤਨੀ ਨਸੀਬ ਕੌਰ ਨੂੰ ਗਸ਼ਾਂ ਪੈਣ ਲਗ ਪਈਆਂ। ਤੇ ਕਿਸ਼ਨੀ ਭੀ ਮੰਜੇ ਤੇ ਪੈ ਗਈ। ਮੰਗਲ ਸਿੰਘ ਨੂੰ ਭੀ ਇੰਜ ਲਗਾ ਜਿਵੇਂ ਕਿਸੇ ਨੇ ਉਸਦੇ ਆਸਮਾਨ ਵਿਚ ਉਡਦੇ ਦੇ ਪਰ ਕੱਟ ਦਿਤੇ ਹੋਣ ਤੇ ਇਕ ਦਮ ਜ਼ਮੀਨ ਤੇ ਡਿਗ ਗਿਆ ਹੋਵੇ। ਪਰ ਦੁਨੀਆਂ ਦੇ ਦਿਖਾਵੇ ਲਈ ਉਸਨੇ ਉਤੋਂ ਉਤੋਂ ਬਹੁਤ ਹੌਸਲਾ ਜ਼ਾਹਿਰ ਕੀਤਾ। ਆਖੇ "ਮੇਰਾ ਪੁਤ ਮਰਿਆ ਨਹੀਂ ਉਹ ਤਾਂ ਸ਼ਹੀਦ ਹੋਇਆ ਹੈ। ਸ਼ਹੀਦਾਂ ਨੂੰ ਮੌਤ ਕਦੇ ਭੀ ਨਹੀਂ ਔਂਦੀ। ਉਹਦੀ ਨਿਸ਼ਾਨੀ ਬਲੂ ਜੋ ਹੈ ਮੇਰੇ ਪਾਸ।" ਆਜ਼ਾਦ ਨੂੰ ਬਹਾਦਰੀ ਦਾ ਪਰਮਵੀਰ ਚੱਕਰ ਮਿਲਿਆ ਜੋ ਉਹਨੇ ਲਿਆਕੇ ਨਸੀਬ ਕੌਰ ਨੂੰ ਦੇ ਦਿਤਾ। ਇਲਾਕੇ ਵਿਚ ਸਾਰੇ ਲੋਕੀ ਅਫਸੋਸ ਕਰਨ ਆਏ ਤੇ ਸਾਰੇ ਇਹ ਹੀ ਕਹਿ ਰਹੇ ਸਨ ਧਨ ਜਿਗਰਾ ਹੈ ਜੱਟ ਦਾ, ਜਵਾਨ ਪੁਤ ਦੀ ਮੌਤ ਤੇ ਇਕ ਭੀ ਹੰਝੂ ਅਖੋਂ ਨਹੀਂ ਡਿੱਗਣ ਦਿਤਾ।

ਪੁਤ ਦੀ ਮੌਤ ਤੋਂ ਬਾਦ ਕਿਸ਼ਨੀ ਮੰਜੇ ਤੋਂ ਨਹੀਂ ਉਠੀ। ਬਸ ਗੁਮ ਸੁਮ ਜਹੀ ਹੋ ਗਈ। ਤਿੰਨ ਸਾਲ ਹਡ ਗੋਡੇ ਰਗੜ ਰਗੜਕੇ ਉਹ ਭੀ ਰਬ ਨੂੰ ਪਿਆਰੀ ਹੋ ਗਈ। ਮੰਗਲ ਸਿੰਘ ਨੂੰ ਬਹੁਤ ਦੁਖ ਹੋਇਆ ਪਰ ਰਬ ਦੇ ਭਾਣੇ ਨੂੰ ਸਿਰ ਨੀਵਾਂ ਕਰਕੇ ਮੰਨ ਲਿਆ। ਨਸੀਬ ਕੌਰ ਥੋਹੜੀ ਟਰੇਨਿੰਗ ਕਰਕੇ ਅਧਿਆਪਿਕਾ ਲਗ ਗਈ। ਪਿੰਡ ਦੇ ਸਕੂਲ ਵਿਚ ਤੇ ਬਚੇ ਪੜ੍ਹਾਉਣ ਲਗ ਪਈ।

ਉੱਨੀ ਸੌ ਚੌਰਾਸੀ ਦਾ ਮਨਹੂਸ ਜੂਨ ਮਹੀਨਾ ਆ ਗਿਆ। ਹਰਿਮੰਦਰ ਸਾਹਿਬ ਦੇ ਹਮਲੇ ਨੇ ਹਰ ਇਕ ਸਿਖ ਨੂੰ ਹਲੂਣਕੇ ਰਖ ਦਿਤਾ। ਹਰ ਕੋਈ ਆਪਣੇ ਅੰਦਰ ਝਾਤੀ ਮਾਰਦਾ ਤੇ ਖੁਦ ਨੂੰ ਇਹ ਹੀ ਸਵਾਲ ਕਰਦਾ ਕਿ "ਇਹ ਸਾਡੇ ਨਾਲ ਕਿਉਂ ਹੋਇਆ।" ਬਲਜੀਤ ਕਈ ਬਾਰ ਆਪਣੇ ਬਾਬਾ ਜੀ ਨਾਲ ਬਹਿਸਣ ਲਗ ਪੈਂਦਾ ਕਿ "ਬਾਬਾ ਜੀ ਤੁਸੀਂ



ਇਸੇ ਹੀ ਆਜ਼ਾਦੀ ਦੀ ਖਾਤਿਰ ਅਪਣੀ ਉਮਰ ਗੁਆ ਦਿਤੀ। ਇਸ ਮੁਲਖ ਵਿਚ ਸਾਡੀ ਤੇਰਾ ਭੀ ਕਦਰ ਨਹੀਂ।" ਮੰਗਲ ਸਿੰਘ ਬੜੇ ਪਿਆਰ ਨਾਲ ਸਮਝਾਉਂਦਾ, "ਬਲੂ ਕੁਛ ਭੀ ਹੈ ਇਹ ਅਪਣਾ ਮੁਲਖ ਹੈ। ਆਜ਼ਾਦੀ ਮਾੜੀ ਨਹੀਂ ਸੀ। ਪਰ ਇਹਦੀ ਬਾਗਡੋਰ ਗਲਤ ਹਥਾਂ ਵਿਚ ਚਲੀ ਗਈ। ਇਹ ਤਾਂ ਲੋਕਾਂ ਦੇ ਹਥ ਵਿਚ ਹੈ, ਅਗਲੀਆਂ ਇਲੈਕਸ਼ਨਾਂ ਵਿਚ ਸਰਕਾਰ ਬਦਲ ਸਕਦੇ ਹਨ।"

ਬਲੂ ਨੇ ਭੀ ਬਾਕੀ ਕਈ ਜਵਾਨ ਮੁੰਡਿਆਂ ਵਾਂਗ ਕੇਸਰੀ ਪੱਗ ਬੰਨਣੀ ਸ਼ੁਰੂ ਕਰ ਦਿਤੀ। ਮੰਗਲ ਸਿੰਘ ਕਦੇ ਤਾਂ ਥੋਹੜਾ ਘਬਰਾਉਂਦਾ ਕਿ ਕਿਤੇ ਮੁੰਡਾ ਜੁਝਾਰੂ ਸਿੰਘਾਂ ਨਾਲ ਨਾ ਜਾ ਰਲੇ। ਪਰ ਜਦੋਂ ਆਪਣੇ ਜਵਾਨੀ ਦੇ ਦਿਨ ਚੇਤੇ ਆਉਂਦੇ ਤਾਂ ਖੁਸ਼ ਹੁੰਦਾ ਕਿ ਇਹ ਮੇਰਾ ਹੀ ਖੂਨ ਹੈ। ਮੈਂ ਭੀ ਇਹਦੀ ਜਗਾਹ ਹੁੰਦਾ ਤਾਂ ਹੁਣ ਇਹ ਹੀ ਕਰਦਾ। ਮੰਗਲ ਸਿੰਘ ਨੇ ਸਾਰਾ ਰਬ ਦੇ ਆਸਰੇ ਛੱਡ ਦਿਤਾ।

ਪਰ ਜਿੰਨੀ ਦੇਰ ਬਲੂ ਸਕੂਲੋਂ ਘਰ ਨਾ ਆਉਂਦਾ ਮੰਗਲ ਸਿੰਘ ਵੇਹੜੇ ਵਿਚ ਫਿਰਦਾ ਰਹਿੰਦਾ। ਅਚਾਨਕ ਇਕ ਦਿਨ ਸ਼ਾਮ ਨੂੰ ਉਹ ਹੀ ਹੋਇਆ ਜਿਸਦਾ ਉਸਨੂੰ ਡਰ ਸੀ। ਬਲੂ ਸ਼ਾਮ ਨੂੰ ਘਰ ਨਾ ਆਇਆ। ਮੰਗਲ ਸਿੰਘ ਨੇ ਉਹਦੇ ਯਾਰਾਂ ਦੋਸਤਾਂ ਤੋਂ ਪੁਛਿਆ ਤਾਂ ਉਹਦੇ ਇਕ ਦੋਸਤ ਨੇ ਦਸਿਆ ਕਿ ਅਸੀਂ ਦੁਪਹਿਰੇ ਅਧੀ ਛੁਟੀ ਵੇਲੇ ਬਜ਼ਾਰ ਵਿਚ ਘੁੰਮ ਰਹੇ ਸੀ। ਚੌਕ ਵਿਚ ਖੜੇ ਇਕ ਸਿਪਾਹੀ ਨੇ ਬਲੂ ਨੂੰ ਪੁਛਿਆ ਕਿ ਮੁੰਡਿਆ ਤੂੰ ਕੇਸਰੀ ਪੱਗ ਕਿਉਂ ਬੰਨ੍ਹੀ ਹੈ। ਬਲੂ ਕਹਿਣ ਲਗਾ, "ਮੇਰੀ ਮਰਜੀ ਤੈਨੂੰ ਕੀ। ਕੀ ਅਸੀਂ ਕਪੜੇ ਭੀ ਆਪਣੀ ਮਰਜੀ ਨਾਲ ਨਹੀਂ ਪਾ ਸਕਦੇ।" ਸਿਪਾਹੀ ਗੁਸੇ ਨਾਲ ਕਹਿਣ ਲਗਾ, "ਮਰਜੀ ਦਾ ਬਚਾ ਬਹੁਤ ਚਪੜ ਚਪੜ ਕਰਦਾ ਐ।"

ਅਸੀਂ ਵਾਪਿਸ ਸਕੂਲ ਚਲੇ ਗਏ, ਤੇ ਸ਼ਾਮ ਨੂੰ ਸਕੂਲੋਂ ਜਦੋਂ ਛੁਟੀ ਹੋਈ, ਤਾਂ ਉਹੀ ਸਿਪਾਹੀ ਤੇ ਤਿੰਨ ਨਾਲ ਹੋਰ ਸਿਪਾਹੀ ਤੇ ਇਕ ਠਾਣੇਦਾਰ ਜੀਪ 'ਚ ਸਕੂਲ ਮੂਹਰੇ ਖੜ੍ਹੇ ਸੀ। ਉਸ ਸਿਪਾਹੀ ਨੇ ਬਲੂ ਵਲ ਇਸ਼ਾਰਾ ਕੀਤਾ ਤੇ ਦੋ ਤਗੜੇ ਜਵਾਨ ਸਿਪਾਹੀਆਂ ਨੇ ਝਟ ਉਹਨੂੰ ਚੁਕ ਕੇ ਜੀਪ ਵਿਚ ਸੁਟ ਲਿਆ ਤੇ ਜਾਣ ਲਗੇ ਸਾਨੂੰ ਕਹਿ ਗਏ, "ਖਬਰਦਾਰ ਜੇ ਕਿਸੇ ਨੇ ਦਸਿਆ ਤਾਂ।" ਮੰਗਲ ਸਿੰਘ ਝਟ ਠਾਣੇ ਪੁਜਾ। ਪਰ ਠਾਣੇਦਾਰ ਨੇ ਸਾਫ ਜਵਾਬ ਦੇ ਦਿਤਾ ਕਿ "ਬਾਬਾ ਜੀ ਇਸ ਠਾਣੇ ਵਿਚ ਤਾਂ ਉਹ ਹੈ ਨਹੀਂ, ਮੇਰਾ ਤਾਂ ਕੋਈ ਸਿਪਾਹੀ ਉਹਨੂੰ ਫੜਕੇ ਨਹੀਂ ਲਿਆਇਆ। ਰਜਿਸਟਰ ਦੇਖ ਲਵੋ।"

ਸਾਰੀ ਰਾਤ ਕਰਫਊ ਲਗਾ ਹੋਣ ਕਰਕੇ ਉਹ ਘਰ ਹੀ ਬੈਠਾ ਉਡੀਕਦਾ ਰਿਹਾ। ਦਿਨ ਚੜ੍ਹਦੇ ਸਾਰ ਫੇਰ ਉਹ ਜਾਕੇ ਐਸ. ਪੀ. ਨੂੰ ਮਿਲਿਆ ਤੇ ਇਲਾਕੇ ਦੇ ਐਮ. ਐਲ. ਏ ਤੇ ਐਮ. ਪੀ. ਭੀ ਭਾਲਣ ਵਿਚ ਮਦਦ ਕਰਨ ਲਗੇ ਪਰ ਪੁਲਿਸ ਦਾ ਜਵਾਬ ਸਾਫ ਸੀ ਕਿ ਉਹਨਾ ਦੇ ਰਿਕਾਰਡ ਵਿਚ ਕੋਈ ਬਲਜੀਤ ਸਿੰਘ ਨਾਂ ਦਾ ਲੜਕਾ ਨਹੀਂ।

ਤੀਸਰੇ ਦਿਨ ਉਹਦੀ ਲਾਸ਼ ਲਾਗਲੇ ਪਿੰਡ ਦੇ ਇਕ ਖੂਹ ਤੋਂ ਮਿਲੀ। ਪੁਲਿਸ ਦੀ ਕਹਾਣੀ ਮੁਤਾਬਿਕ ਉਹ ਇਕ ਖਤਰਨਾਕ ਅੱਤਵਾਦੀ ਸੀ ਜੋ ਪੁਲਿਸ ਮੁਕਾਬਲੇ ਵਿਚ

ਮਾਰਿਆ ਗਿਆ। ਤਿੰਨ ਦਿਨਾਂ ਦੀ ਭਜ ਦੌੜ ਮਗਰੋਂ ਉਹਦੀ ਲਾਸ਼ ਮੰਗਲ ਸਿੰਘ ਨੂੰ ਦੇ ਦਿੱਤੀ। ਸਾਰੇ ਪਿੰਡੇ ਤੇ ਲਾਸਾਂ ਪਈਆਂ ਹੋਈਆਂ ਸਨ ਤੇ ਇਕ ਗੋਲੀ ਗਿਚੀ ਵਿਚ ਵੱਜੀ ਸੀ।

ਅਜ ਮੰਗਲ ਸਿੰਘ ਸਬੇਰੇ ਉਹਦਾ ਸਸਕਾਰ ਕਰਕੇ ਆਇਆ ਸੀ। ਐਨੀ ਵਾਕਫ਼ੀਅਤ ਦੇ ਹੁੰਦਿਆਂ ਹੋਇਆਂ ਭੀ ਬਾਹਲੇ ਲੋਕ ਸਸਕਾਰ ਤੇ ਨਹੀਂ ਆਏ। ਉਹ ਐਮ. ਐਲ. ਏ. ਤੇ ਐਸ. ਪੀ. ਜੋ ਉਹਦੇ ਬੂਹੇ ਮੂਹਰੇ ਹੱਥ ਜੋੜਕੇ ਖੜੇ ਰਹਿੰਦੇ ਸਨ ਇਸ ਡਰ ਤੋਂ ਮਾਰੇ ਨਹੀਂ ਆਏ ਕਿ ਸੈਂਟਰ ਤੋਂ ਮਾਰ ਪਵੇਗੀ ਜੇ ਉਹਨਾਂ ਨੂੰ ਪਤਾ ਲਗਾ ਕਿ ਉਹ ਕਿਸੇ ਅਤਵਾਦੀ ਦੇ ਸਸਕਾਰ ਤੇ ਜਾਕੇ ਆਏ ਹਨ। ਮੰਗਲ ਸਿੰਘ ਖੁਦ ਇਕਲਾ ਮਹਿਸੂਸ ਕਰ ਰਿਹਾ ਸੀ। ਛੱਤ ਵਿਚ ਦੋ ਮੋਰੀਆਂ ਉਹਨੂੰ ਬਲੂ ਦੀਆਂ ਅਖਾਂ ਲਗੀਆਂ ਤੇ ਜਿਵੇਂ ਉਹ ਕਹਿ ਰਹੀਆਂ ਹੋਣ "ਬਾਬਾ ਜੀ ਤੁਸੀਂ ਇਸੇ ਹੀ ਆਜ਼ਾਦੀ ਦੀ ਖਾਤਿਰ ਸਾਰੀ ਉਮਰ ਗਾਲ ਦਿੱਤੀ।"

ਅਭੜਵਾਹੇ ਮੰਗਲ ਸਿੰਘ ਕਹਿ ਉਠਿਆ, "ਬਲੂ ਤੂੰ ਠੀਕ ਕਹਿ ਰਿਹਾ ਏਂ। ਅਸੀਂ ਆਜ਼ਾਦ ਨਹੀਂ। ਪੁਤ ਮੇਰੀ ਡਗੋਰੀ ਸੀ ਤੂੰ ਮੈਥੋਂ ਮੋਢਾ ਛੁਡਾਕੇ ਮੇਰੇ ਮੋਢੇ ਤੇ ਅਜ ਚੜ੍ਹ ਬੈਠੈਂ। ਪੁਤਰਾ ਠਹਿਰ ਜਾ ਬਾਹਲੀ ਕਾਹਲੀ ਨਾ ਕਰ ਮੈਂ ਭੀ ਆ ਰਿਹਾ ਹਾਂ। ਤੂੰ ਤੇ ਆਜ਼ਾਦ ਹੋ ਗਿਆ ਏਂ ਮੈਨੂੰ ਭੀ ਆਜ਼ਾਦੀ ਮਾਨਣ ਦੇ।" ਇਹ ਕਹਿਕੇ ਉਹ ਚੁਪ ਹੋ ਗਿਆ। ਐਨੇ ਨੂੰ ਮੂੰਹ ਹਨੇਰਾ ਹੋ ਗਿਆ। ਛਿੰਦੋ ਰੋਟੀ ਲੈਕੇ ਖੂਹ ਤੇ ਪੁਜੀ। ਲਾਈਟ ਜਗਾਈ ਤਾਂ ਦੇਖਿਆ ਚਾਹ ਦੀ ਗੜਬੀ ਉਂਜ ਹੀ ਢੱਕੀ ਪਈ ਸੀ। ਉਨੇ ਹੋਲੀ ਹੋਲੀ 'ਬਾਬਾ ਜੀ ਬਾਬਾ ਜੀ' ਕਹਿਕੇ ਆਵਾਜ਼ ਮਾਰੀ ਪਰ ਕੋਈ ਜਵਾਬ ਨਾ ਆਇਆ। ਫੇਰ ਉਨੇ ਜ਼ੋਰ ਦੀ ਹਲੂਣਿਆ। ਮੰਗਲ ਸਿੰਘ ਦੀਆਂ ਅਖਾਂ ਖੁਲੀਆਂ ਸਨ ਤੇ ਕੋਈ ਸਾਹ ਨਹੀਂ ਸੀ। ਛਿੰਦੋ ਦੇ ਹੱਥੋਂ ਥਾਲੀ ਡਿਗ ਪਈ ਤੇ ਮੂਹੋਂ ਉੱਚੀ ਸਾਰੀ ਚੀਕ ਨਿਕਲੀ ਉਹ ਚੀਕਾਂ ਮਾਰਦੀ ਪਿੰਡ ਵਲ ਨੂੰ ਭੱਜੀ। 'ਬੀਬੀ ਅਸੀਂ ਉਜੜ ਗਏ, ਬੀਬੀ ਅਸੀਂ ਉਜੜ ਗਏ, ਬੀਬੀ ਅਸੀਂ.........।'

# ਅੱਤਵਾਦੀ

ਜੇਠ ਦਾ ਮਹੀਨਾ ਸੀ, ਸਵੇਰੇ ਹੀ ਮੀਂਹ ਪੈ ਕੇ ਹਟਿਆ ਸੀ ਤੇ ਹੁਣ ਤਕਰੀਬਨ ਲੌਢਾ ਵੇਲਾ ਹੋ ਗਿਆ ਸੀ। ਪਰਛਾਵੇਂ ਕਾਫੀ ਢਲ ਗਏ ਸਨ। ਸ਼ਾਮ ਕੋਰ ਇਕੱਲੀ ਹੀ ਆਪਣੇ ਵਿਹੜੇ ਵਿਚ ਬੈਠੀ ਚਰਖਾ ਕੱਤ ਰਹੀ ਸੀ। ਉਹਦੇ ਹੱਥ ਭਾਵੇਂ ਆਪਣੇ ਆਪ ਹੀ ਤੰਦ ਤੇ ਤੰਦ ਪਾਈ ਜਾ ਰਹੇ ਸਨ। ਪਰ ਸ਼ਾਮ ਕੋਰ ਕਿਸੇ ਡੂੰਘੇ ਖਿਆਲਾਂ ਦੀਆਂ ਘੁੰਮਣਘੇਰੀਆਂ ਵਿਚ ਡੁੱਬੀ ਹੋਈ ਸੀ। ਇਕ ਫਿਲਮ ਦੇ ਵਾਂਗ ਬੀਤਿਆ ਵਕਤ ਉਹਦੀਆਂ ਅੱਖਾਂ ਦੇ ਅਗੋਂ ਲੰਘ ਰਿਹਾ ਸੀ।

ਉਹਨੂੰ ਯਾਦ ਹੈ ਅੱਜ ਤੋਂ 40 ਵਰ੍ਹੇ ਪਹਿਲਾਂ ਜਦੋਂ ਉਹ ਨਵਵਿਆਹੀ ਇਸ ਘਰ ਵਿਚ ਆਈ ਸੀ। ਉਹਦਾ ਪਤੀ ਹਰਨਾਮ ਸਿੰਘ ਉਸਨੂੰ ਕਾਫੀ ਪਿਆਰ ਕਰਦਾ ਸੀ। ਕੋਈ ਸੱਸ ਜਾਂ ਨਨਾਣ ਨਹੀਂ ਸੀ। ਸੋ ਬੀਬੀ ਆਪੇ ਹੀ ਪ੍ਰਧਾਨ ਸੀ। ਜੋ ਉਹ ਕਹਿੰਦੀ ਹਰਨਾਮ ਸਿੰਘ ਉਹੀ ਕਰਦਾ ਸੀ। ਸਾਰੇ ਹੀ ਕਹਿੰਦੇ ਸਨ ਕਿ ਸ਼ਾਮ ਕੋਰ ਨੇ ਹਰਨਾਮ ਸਿੰਘ ਨੂੰ ਤਾਂ ਕੀਲ ਲਿਆ ਹੈ। ਉਹ ਸੁਹਣੀ ਵੀ ਰੱਜ ਕੇ ਸੀ ਤੇ ਸੁਚੱਜੀ ਵੀ। ਵਿਆਹ ਤੋਂ ਇਕ ਸਾਲ ਬਾਅਦ ਹੀ ਉਨ੍ਹਾਂ ਦੇ ਘਰ ਲੜਕਾ ਹੋਇਆ। ਹਰਨਾਮ ਸਿੰਘ ਬਹੁਤ ਖੁਸ਼ ਸੀ ਅਤੇ ਉਸ ਨੇ ਇਕ ਵੱਡੀ ਸਾਰੀ ਪਾਰਟੀ ਕੀਤੀ। ਉਨ੍ਹਾਂ ਨੇ ਲੜਕੇ ਦਾ ਨਾਮ ਸੁੰਦਰ ਸਿੰਘ ਰੱਖਿਆ। ਸਾਰੇ ਕਹਿਣ ਕਿ ਇਹ ਆਪਣੀ ਮਾਂ ਤੇ ਗਿਆਂ ਹੈ। ਅਜੇ ਸੁੰਦਰ ਇਕ ਸਾਲ ਦਾ ਵੀ ਨਹੀਂ ਸੀ ਹੋਇਆ ਕਿ ਹਰਨਾਮ ਸਿੰਘ ਅਚਾਨਕ ਇਕ ਹਾਦਸੇ ਵਿਚ ਚਲਾਣਾ ਕਰ ਗਿਆ। ਸ਼ਾਮ ਕੋਰ ਦੀਆਂ ਅੱਖਾਂ ਅੱਗੇ ਹਨੇਰੀ ਜਿਹੀ ਆ ਗਈ। ਉਹ ਕਿੰਜ ਸੰਭਾਲੇਗੀ ਇਹ ਸਭ ਕੁਝ, ਆਪਣੇ ਮਨ ਨੂੰ ਟਿਕਾਉਣ ਲਈ ਸ਼ਾਮ ਕੋਰ ਨੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਸਵੇਰੇ ਸ਼ਾਮ ਨਿੱਤਨੇਮ ਨਾਲ ਗੁਰਦੁਆਰੇ ਜਾਣ ਲੱਗ ਪਈ। ਸ਼ਰੀਕੇ ਚੋਂ ਕੁਝ ਦਿਉਰਾਂ ਜੇਠਾਂ ਨੇ ਉਸ ਨੂੰ ਤਬਾਹ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਹਰਨਾਮ ਸਿੰਘ ਦੇ ਤਾਏ ਦਾ ਪੁੱਤ ਜੀਤਾ ਜੋ ਅਮਲੀ ਸੀ, ਉਸਨੇ ਬਹੁਤ ਤਰਲੇ ਮਾਰੇ ਕਿ ਕਿਸੇ ਤਰ੍ਹਾਂ ਇਸ 'ਤੇ ਚਾਦਰ ਪਾ ਸਕੇ। ਉਹ ਸੋਚ ਰਿਹਾ ਸੀ ਨਾਲੇ ਤਾਂ ਪਟੋਲੇ ਵਰਗੀ ਰੰਨ ਮਿਲ ਜਾਏਗੀ ਤੇ ਨਾਲ ਹੀ ਕਾਫੀ ਸਾਰੀ ਜ਼ਮੀਨ ਵੀ। ਉਹ ਆਪਣੇ ਸਾਰੀ ਜ਼ਮੀਨ ਤਾਂ ਗੁਆ ਚੁੱਕਾ ਸੀ। ਪਰ ਸ਼ਾਮ ਕੋਰ ਨੇ ਕਿਸੇ ਦੀ ਪਰਵਾਹ ਨਾ ਕੀਤੀ। ਇਥੋਂ ਤਕ ਕਿ ਉਹਦੇ ਖੇਤਾਂ ਵਿਚ ਕਿਸੇ ਨੋਕਰ ਨੂੰ ਵੀ ਕੰਮ ਨਾ ਕਰਨ

ਦਿੰਦੇ। ਜਾਂ ਤਾਂ ਡਰਾ ਕੇ ਭਜਾ ਦਿੰਦੇ ਜਾਂ ਫਿਰ ਲਾਲਚ ਦੇ ਕੇ ਆਪਣੇ ਵੱਲ ਕਰ ਲੈਂਦੇ। ਇਕ ਵਾਰ ਵਾਢੀ ਦੇ ਵੇਲੇ ਉਹਦੇ ਕੋਈ ਨੌਕਰ ਨਹੀਂ ਸੀ। ਨਵਾਂ ਕੋਈ ਲੱਭ ਨਹੀਂ ਰਿਹਾ ਸੀ। ਉਸਦੇ ਭਰਾਵਾਂ ਨੇ ਆ ਕੇ ਉਸਦੀ ਫਸਲ ਸੰਭਾਲੀ। ਰੱਬ ਦੀ ਮੇਹਰ, ਸ਼ਾਮ ਕੌਰ ਦਾ ਹੌਂਸਲਾ ਅਤੇ ਉਸਦੇ ਭਰਾਵਾਂ ਦੀ ਮਦਦ ਕਰਕੇ ਉਹ ਇਸ ਪਿੰਡ ਵਿਚ ਟਿਕੀ ਰਹੀ। ਨਹੀਂ ਤਾਂ ਉਸਦੇ ਸ਼ਰੀਕੇ ਵਾਲੇ ਇਹ ਚਾਹੁੰਦੇ ਸੀ ਕਿ ਇਹ ਪਿੰਡ ਛੱਡ ਕੇ ਚਲੀ ਜਾਵੇ ਤੇ ਉਹ ਸਾਰੀ ਜ਼ਮੀਨ ਸਾਂਭ ਲੈਣਗੇ। ਸ਼ਾਮ ਕੌਰ ਨੇ ਆਦਮੀ ਦੀ ਤਰ੍ਹਾਂ ਮੜ੍ਹਾਸਾ ਬੰਨ੍ਹ ਕੇ ਖੇਤੀ ਦਾ ਕੰਮ ਕੀਤਾ। ਇਕ ਵੇਰ ਜੀਤੇ ਨੇ, ਉਹਦੇ ਨੌਕਰ ਨੂੰ, ਪਾਣੀ ਲਾਉਂਦੇ ਨੂੰ ਭਜਾ ਦਿੱਤਾ। ਸ਼ਾਮ ਕੌਰ ਆਪ ਬੰਦੂਕ ਲੈ ਕੇ ਪਹੁੰਚ ਗਈ। ਇਕ ਫਾਇਰ ਕੀਤਾ ਤੇ ਜੀਤਾ ਭੱਜ ਗਿਆ। ਉਸ ਦਿਨ ਤੋਂ ਬਾਅਦ ਕਿਸੇ ਨੇ ਭੀ ਸ਼ਾਮ ਕੌਰ ਨਾਲ ਛੇਤੀ ਕੀਤੇ ਲੜਨ ਦਾ ਹੌਂਸਲਾ ਨਹੀਂ ਕੀਤਾ। ਹੌਲੀ ਹੌਲੀ ਉਸਦੀ ਬਹਾਦਰੀ ਦੀਆਂ ਗੱਲਾਂ ਆਲੇ ਦੁਆਲੇ ਦੇ ਪਿੰਡਾ ਵਿਚ ਫੈਲ ਗਈਆਂ ਤੇ ਲੋਕ ਇਸ ਢਾਣੀ ਨੂੰ "ਸ਼ਾਮੋ ਦੀ ਢਾਣੀ" ਕਹਿੰਦੇ ਸਨ। ਸੁੰਦਰ ਸਿੰਘ ਪੜ੍ਹਾਈ ਦੇ ਨਾਲ ਨਾਲ ਮਾਂ ਨਾਲ ਘਰ ਦਾ ਕੰਮ ਵੀ ਕਰਾਉਂਦਾ, ਜ਼ਮੀਨ ਚੰਗੀ ਸੀ। ਦਸਵੀਂ ਤੋਂ ਬਾਅਦ ਘਰ ਦਾ ਕੰਮ ਕਰਨ ਲਗ ਪਿਆ। 18 ਸਾਲਾਂ ਦੀ ਉਮਰ ਵਿਚ ਵਿਆਹ ਹੋ ਗਿਆ ਉਸ ਦਿਨ ਸ਼ਾਮ ਕੌਰ ਕਿੰਨੀ ਖੁਸ਼ ਸੀ। ਉਸਨੇ ਰੱਬ ਦਾ ਸ਼ੁਕਰ ਮਨਾਇਆ ਕਿ ਉਹ ਪੁੱਤ ਨੂੰ ਪਾਲ ਕੇ, ਜ਼ਿੰਦਗੀ ਵਿਚ ਕਾਮਯਾਬ ਹੋ ਗਈ ਹੈ। ਵਿਆਹ ਤੋਂ ਬਾਅਦ ਸੁੰਦਰ ਸਿੰਘ ਨੇ ਸਾਰਾ ਕਾਰੋਬਾਰ ਸੰਭਾਲ ਲਿਆ ਤੇ ਸ਼ਾਮ ਕੌਰ ਜ਼ਿਆਦਾ ਵਕਤ ਪਾਠ ਵਿਚ ਬਤੀਤ ਕਰਦੀ। ਪਰ ਘਰ ਦਾ ਕੋਈ ਫੈਸਲਾ ਉਸ ਤੋਂ ਪੁੱਛੇ ਬਿਨਾਂ ਨਹੀਂ ਸੀ ਹੁੰਦਾ। ਤੇ ਉਹ ਜੋ ਵੀ ਕਹਿੰਦੀ ਉਸਦੇ ਹੁਕਮ ਨੂੰ ਕੋਈ ਵੀ ਟਾਲ ਨਹੀਂ ਸੀ ਸਕਦਾ। ਸੁੰਦਰ ਸਿੰਘ ਦੇ ਘਰ ਵੀ ਇਕ ਲੜਕਾ ਤੇ ਇਕ ਲੜਕੀ ਸੀ। ਲੜਕਾ ਤੇ ਲੜਕੀ ਚੰਡੀਗੜ੍ਹ ਦੇ ਕਾਲਜ ਵਿਚ ਪੜ੍ਹਦੇ ਸਨ।

ਅਚਾਨਕ ਬੂਟਾਂ ਦੀ ਆਵਾਜ਼ ਸੁਣ ਕੇ ਸ਼ਾਮ ਕੌਰ ਦੀ ਲਿਵ ਟੁੱਟੀ ਉਹ ਥੋੜ੍ਹੀ ਜਿਹੀ ਘਬਰਾਈ। ਇੰਨੇ ਨੂੰ ਚਾਰ ਫੌਜੀ ਉਹਦੇ ਵਿਹੜੇ ਆ ਵੜੇ। ਇਕ ਉਨ੍ਹਾਂ ਵਿਚੋਂ ਸੂਬੇਦਾਰ ਲਛਮਣ ਸਿੰਘ ਸੀ ਅਤੇ ਤਿੰਨ ਹੋਰ ਜਵਾਨ ਸੀ।

ਸੂਬੇਦਾਰ ਨੇ ਕਿਹਾ, "ਮਾਤਾ ਜੀ ਸਤਿ ਸ੍ਰੀ ਅਕਾਲ।"

ਸ਼ਾਮ ਕੌਰ ਨੇ ਸਤਿ ਸ੍ਰੀ ਅਕਾਲ ਦਾ ਜੁਆਬ ਦਿੱਤੇ ਬਿਨਾਂ ਹੀ ਕਿਹਾ ਕਿ 'ਅਗੇ ਲੰਘ ਜਾਉ ਤੁਹਾਡਾ ਸਮਾਨ ਉਸ ਬੈਠਕ ਵਿਚ ਪਿਆ ਹੈ।'

ਸੂਬੇਦਾਰ ਨੇ ਹੈਰਾਨ ਹੋ ਕੇ ਪੁਛਿਆ, 'ਮਾਤਾ ਜੀ ਕਿਹੜਾ ਸਮਾਨ।'

ਸ਼ਾਮ ਕੌਰ ਕਹਿਣ ਲੱਗੀ 'ਤੁਹਾਡੇ ਪੈਸੇ।'

ਸੂਬੇਦਾਰ ਨੇ ਕਿਹਾ, 'ਕਿਹੜੇ ਪੈਸੇ।' ਸ਼ਾਮ ਕੌਰ ਕਹਿਣ ਲੱਗੀ, "ਤੁਸੀਂ ਉਹੀ ਨਹੀਂ ਜੋ ਪਿਛਲੇ ਹਫਤੇ ਆਏ ਸੀ।" ਹੌਲੀ ਹੌਲੀ ਸੂਬੇਦਾਰ ਨੂੰ ਕੁਝ ਸਮਝ ਆਈ ਕਿ ਜ਼ਰੂਰ ਕੋਈ ਗੜਬੜ ਹੈ ਅਤੇ ਕਹਿਣ ਲੱਗਾ, "ਮਾਤਾ ਜੀ ਅਸੀਂ ਤਾਂ ਫੌਜੀ ਹਾਂ ਸਾਡਾ ਟਰੱਕ ਖਰਾਬ ਹੋ



ਗਿਆ ਹੈ। ਤੁਹਾਡੀ ਢਾਣੀ ਦੇਖੀ ਤਾਂ ਅਸੀਂ ਚਾਹ ਪੀਣ ਲਈ ਆ ਗਏ।' ਸ਼ਾਮ ਕੌਰ ਹੋਰ ਘਬਰਾ ਗਈ ਤੇ ਕਹਿਣ ਲਗੀ, 'ਇਹ ਤਾਂ ਅਨਰਥ ਹੋ ਗਿਆ, ਉਨ੍ਹਾਂ ਸਾਡਾ ਸਾਰਾ ਪਰੀਵਾਰ ਮਾਰ ਦੇਣਾ ਹੈ।' ਅਤੇ ਫਿਰ ਸ਼ਾਮ ਕੌਰ ਨੇ ਸਾਰਾ ਵਿਸਥਾਰ ਨਾਲ ਦੱਸ ਦਿੱਤਾ ਕਿ ਪਿਛਲੇ ਹਫਤੇ ਦੋ ਸਿੰਘ ਨੀਲੇ ਬਾਣੇ ਵਾਲੇ ਸ਼ਾਮ ਨੂੰ ਆਏ ਸੀ ਅਤੇ ਰੁੱਕਾ ਦੇ ਕੇ ਚਲੇ ਗਏ। ਇਹ ਖਤ ਖਾਲਿਸਤਾਨ ਟਾਈਗਰਜ਼ ਵਲੋਂ ਸੀ। ਜਿਸ ਵਿਚ ਉਨ੍ਹਾਂ ਪੰਜ ਲੱਖ ਰੁਪਏ ਦੀ ਮੰਗ ਕੀਤੀ ਸੀ। ਸੁੰਦਰ ਸਿੰਘ ਨੇ ਬਹੁਤ ਮਿੰਨਤਾਂ ਕੀਤੀਆਂ ਕਿ ਉਨ੍ਹਾਂ ਕੋਲੋਂ ਇੰਨੇ ਪੈਸੇ ਨਹੀਂ ਤੇ ਉਹ ਅੱਜ ਆਉਣ ਦਾ ਵਾਇਦਾ ਕਰਕੇ ਚਲੇ ਗਏ ਅਤੇ ਜਾਣ ਲੱਗੇ ਸਾਡੀ ਮੱਝ ਨੂੰ ਗੋਲੀ ਮਾਰ ਗਏ ਤੇ ਨਾਲੇ ਕਹਿ ਗਏ 'ਜੇ ਪੈਸਿਆਂ ਦਾ ਬੰਦੋਬਸਤ ਨਾ ਹੋਇਆ ਤਾਂ ਸਭ ਦਾ ਇਹੀ ਹਾਲ ਹੋਵੇਗਾ ਤੇ ਜੇ ਪੁਲੀਸ ਜਾਂ ਫੌਜ ਨੂੰ ਖਬਰ ਕੀਤੀ ਤਾਂ ਇਸ ਦਾ ਨਤੀਜਾ ਵੀ ਤੁਸੀਂ ਜਾਣਦੇ ਹੋ।' "ਉਸ ਦਿਨ ਤੋਂ ਸੁੰਦਰ ਸਿੰਘ ਨੇ ਮਸਾਂ ਭੱਜਨੱਠ ਕੇ ਦੋ ਲੱਖ ਰੁਪਏ ਇਕਠੇ ਕੀਤੇ। ਹੋਰ ਪੈਸਿਆਂ ਦਾ ਬੰਦੋਬਸਤ ਨਾ ਹੋ ਸਕਿਆ। ਮੈਂ ਆਪਣੇ ਪੁੱਤ ਤੇ ਨੂੰਹ ਅਤੇ ਪੋਤੇ ਤੇ ਪੋਤੀ ਨੂੰ ਕਿਸੇ ਰਿਸ਼ਤੇਦਾਰ ਪਾਸ ਲੁਧਿਆਣੇ ਭੇਜ ਦਿੱਤਾ ਹੈ। ਸੁੰਦਰ ਸਿੰਘ ਮੰਨਦਾ ਨਹੀਂ ਸੀ ਪਰ ਮੈਂ ਉਸ ਨੂੰ ਸਹੁੰ ਦੇ ਕੇ ਮਜਬੂਰ ਕਰ ਕੇ ਭੇਜ ਦਿੱਤਾ ਹੈ। ਕਿ ਜਦੋਂ ਉਹ ਆਉਣਗੇ ਮੈਂ ਮਿੰਨਤ ਤਰਲਾ ਕਰ ਲਵਾਂਗੀ ਜੇ ਉਹ ਆਪਣੀ ਜ਼ਿੱਦ ਤੇ ਅੜ੍ਹੇ ਹੀ ਰਹੇ ਤਾਂ ਉਹ ਜ਼ਿਆਦਾ ਤੋਂ ਜ਼ਿਆਦਾ ਮੈਨੂੰ ਮਾਰ ਜਾਣਗੇ। ਮੈਂ ਤਾਂ ਹੁਣ ਖਾਧੀ ਪੀਤੀ ਬੈਠੀ ਹਾਂ। ਕਾਕਾ ਬੜੇ ਦੁੱਖਾਂ ਨਾਲ ਪਾਲਿਆ ਹੈ ਮੈਂ ਆਪਣੇ ਪੁੱਤ ਨੂੰ, ਮੈਂ ਸੁੰਦਰ ਨੂੰ ਅਨਿਆਈਂ ਮੌਤ ਨਹੀਂ ਮਰਨ ਦੇਵਾਂਗੀ।" ਇਹ ਕਹਿੰਦੇ ਹੋਏ ਸ਼ਾਮ ਕੌਰ ਦੀਆਂ ਅੱਖਾਂ ਵਿਚ ਹੰਝੂ ਬਹਿ ਤੁਰੇ। ਕਹਿਣ ਲੱਗੀ, 'ਮੈਨੂੰ ਤਾਂ ਉਹ ਸਿੱਖ ਵੀ ਨਹੀਂ ਸੀ ਲੱਗਦੇ। ਜਿਸ ਦੇ ਦਿਲ ਵਿਚ ਦਯਾ ਹੀ ਨਹੀਂ ਉਹ ਸਿੱਖ ਕਾਹਦਾ, ਹਾਂ ਉਨ੍ਹਾਂ ਬਾਣੇ ਜ਼ਰੂਰ ਸਿੱਖਾਂ ਵਾਲੇ ਪਾਏ ਹੋਏ ਸੀ। ਬੋਲਣਾ ਤਾਂ ਉਨ੍ਹਾਂ ਨੂੰ ਬਿਲਕੁਲ ਨਹੀਂ ਸੀ ਆਉਂਦਾ, ਨਿਮਰਤਾ ਤਾਂ ਉਨ੍ਹਾਂ ਦੇ ਨੇੜੇ ਤੇੜੇ ਨਹੀਂ ਸੀ। ਬੱਸ ਕਾਕਾ ਹੁਣ ਤਾਂ ਉਸ ਕਲਗੀਆਂ ਵਾਲੇ ਦੇ ਹੱਥ ਵੱਸ ਹੀ ਹੈ। ਸਭ ਕੁਝ।"

ਸੂਬੇਦਾਰ ਲਮਛਣ ਸਿੰਘ ਦਾ ਸਿੱਖੀ ਖ਼ੂਨ ਉਬਾਲੇ ਖਾਣ ਲੱਗਾ ਤੇ ਕਹਿਣ ਲੱਗਾ ਕਿ "ਮਾਤਾ ਜੀ ਸਾਡੇ ਤੇ ਯਕੀਨ ਕਰੋ। ਸਾਨੂੰ ਉਸ ਕਲਗੀਆਂ ਵਾਲੇ ਨੇ ਹੀ ਆਪਣੇ ਸਿੱਖੀ ਬਾਣੇ ਦੀ ਰਾਖੀ ਲਈ ਭੇਜਿਆ ਹੈ। ਹੁਣ ਚਾਹ ਤਾਂ ਬਾਅਦ ਵਿਚ ਹੀ ਪੀਵਾਂਗੇ। ਅਸੀਂ ਅੰਦਰ ਜਾ ਕੇ ਲੁਕਦੇ ਹਾਂ ਤੁਸੀਂ ਬੱਸ ਉਨ੍ਹਾਂ ਨੂੰ ਅੰਦਰ ਭੇਜ ਦੇਣਾ। ਤੇ ਘਬਰਾਉਣਾ ਨਹੀਂ। ਬਾਕੀ ਅਸੀਂ ਦੇਖ ਲਵਾਂਗੇ।' ਤੇ ਇਹ ਕਹਿ ਕੇ ਫੌਜੀ ਅੰਦਰ ਬੈਠਕ ਵਿਚ ਜਾ ਕੇ ਬੈਠ ਗਏ।

ਸ਼ਾਮ ਕੌਰ ਫਿਰ ਕੱਤਣ ਲੱਗ ਪਈ। ਪਰ ਥੋੜ੍ਹੀ ਘਬਰਾਹਟ ਜਿਹੀ ਸੀ। ਉਸ ਨੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਮਨ ਹੀ ਮਨ ਰੱਬ ਨੂੰ ਅਰਦਾਸਾਂ ਕਰਨ ਲੱਗੀ ਕਿ ਸੱਚੇ ਪਾਤਸ਼ਾਹ ਅੱਜ ਆਪਣੇ ਸੇਵਕਾਂ ਦੀ ਲਾਜ ਰੱਖਣੀ।

ਤਕਰੀਬਨ ਅੱਧੇ ਘੰਟੇ ਬਾਅਦ ਚਾਰ ਨੀਲੇ ਬਾਣਿਆਂ ਵਾਲੇ ਸਿੱਖ ਆ ਧਮਕੇ ਤੇ ਇਕ

ਜੋ ਉਨ੍ਹਾਂ ਦਾ ਆਗੂ ਲਗਦਾ ਸੀ ਕਹਿਣ ਲੱਗਾ, "ਇਹ ਬੁੱਢੀਏ ਪੈਸਿਆਂ ਦਾ ਕੀ ਬਣਿਆਂ। ਬਾਕੀ ਸਾਰੇ ਡਰ ਕੇ ਕਿਧਰ ਭੱਜ ਗਏ, ਗੁਰੂ ਦੀਆਂ ਫੌਜਾਂ ਤੋਂ। ਡਰਪੋਕ ਨਾ ਹੋਣ ਤਾਂ।" ਸ਼ਾਮ ਕੌਰ ਨੇ ਬੜੀ ਨਰਮੀ ਨਾਲ ਕਿਹਾ ਕਿ ਕਾਕਾ ਸਾਰਾ ਬੰਦੋਬਸਤ ਹੋ ਗਿਆ ਹੈ ਤੇ ਪੈਸੇ ਉਸ ਬੈਠਕ ਵਿਚ ਪਏ ਹਨ, ਜਾ ਕੇ ਗਿਣ ਲਵੋ ਪੂਰੇ ਪੰਜ ਲੱਖ ਹਨ।" ਅਤੇ ਉਨ੍ਹਾਂ ਜਦੋਂ ਬੈਠਕ ਵੱਲ ਨੂੰ ਮੂੰਹ ਕੀਤਾ ਹੈਰਾਨ ਰਹਿ ਗਏ, ਫਾਇਰਿੰਗ ਸ਼ੁਰੂ ਹੋ ਗਈ। ਦੋ ਤਾਂ ਉਨ੍ਹਾਂ ਵਿਚੋਂ ਪਹਿਲੀ ਸੱਟੇ ਹੀ ਮਾਰ ਗਏ। ਦੋ ਜਣਿਆਂ ਨੇ ਹਥਿਆਰ ਸੁੱਟ ਦਿੱਤੇ। ਸੂਬੇਦਾਰ ਲਮਛਣ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਆ ਕੇ ਉਨ੍ਹਾਂ ਨੂੰ ਫੜ ਲਿਆ।

ਮਾਤਾ ਸ਼ਾਮ ਕੌਰ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਨਾਲੇ ਰੱਬ ਦਾ ਸ਼ੁਕਰ ਕੀਤਾ ਅਤੇ ਉਨ੍ਹਾਂ ਨੂੰ ਚਾਹ ਵਗੈਰਾ ਪਿਲਾਈ। ਅਤੇ ਮਾਤਾ ਜੀ ਨੇ ਉਹ ਪੈਸੇ ਲਮਛਣ ਸਿੰਘ ਨੂੰ ਦੇਣੇ ਚਾਹੇ ਪਰ ਲਛਮਣ ਸਿੰਘ ਨੇ ਇਹ ਕਹਿਕੇ ਨਾਂਹ ਕਰ ਦਿਤੀ, 'ਮਾਤਾ ਜੀ ਮੇਰੇ ਧੰਨ ਭਾਗ ਨੇ ਜੋ ਅੱਜ ਆਪਣੇ ਕਿਸੇ ਦੇ ਕੰਮ ਆਇਆ ਹਾਂ। ਤੁਸੀਂ ਸਾਨੂੰ ਸ਼ਰਮਿੰਦਾ ਨਾ ਕਰੋ। ਇਹ ਤਾਂ ਸਾਡਾ ਫਰਜ਼ ਬਣਦਾ ਸੀ।' ਸ਼ਾਮ ਕੌਰ ਕਹਿਣ ਲੱਗੀ ਕਿ, "ਕਾਕਾ ਤੂੰ ਕੋਈ ਚੰਗੇ ਘਰ ਦਾ ਜਾਪਦਾ ਹੈ। ਤੇ ਜੇ ਸਾਰੇ ਫੌਜੀ ਤੇ ਪੁਲੀਸ ਵਾਲੇ ਤੇਰੇ ਵਰਗੇ ਇਮਾਨਦਾਰ ਹੋ ਜਾਣ ਤਾਂ ਪੰਜਾਬ ਅਜੇ ਵੀ ਬਚ ਸਕਦਾ ਹੈ।"

ਇੰਨੇ ਨੂੰ ਫੌਜ ਦੀ ਇਕ ਹੋਰ ਜੀਪ ਆ ਗਈ ਜੋ ਇੰਨਾਂ ਇਸ ਢਾਣੀ ਵੱਲ ਆਉਣ ਤੋਂ ਪਹਿਲਾਂ ਸੱਦੀ ਸੀ। ਲਛਮਣ ਸਿੰਘ ਤੇ ਉਸਦੇ ਸਾਥੀ ਅੱਜ ਬੜੇ ਖ਼ੁਸ਼ ਸਨ ਕਿ ਉਨ੍ਹਾਂ ਚਾਰ ਅੱਤਵਾਦੀ ਕਾਬੂ ਕਰ ਲਏ। ਅਤੇ ਉਨ੍ਹਾਂ ਦੋਹਾਂ ਨੂੰ ਫਿਰੋਜ਼ਪੁਰ ਦੇ ਠਾਣੇ ਲੈ ਆਏ।

ਉਨ੍ਹਾਂ ਦੇਖ ਕੇ ਠਾਣੇਦਾਰ ਕੁਝ ਘਬਰਾ ਗਿਆ ਅਤੇ ਜਦੋਂ ਲਮਛਣ ਸਿੰਘ ਨੇ ਰਿਪੋਰਟ ਲਿਖਾਉਣੀ ਚਾਹੀ ਤਾਂ ਠਾਣੇਦਾਰ ਕਹਿਣ ਲੱਗਾ, "ਸੂਬੇਦਾਰ ਸਾਹਿਬ ਤੁਸੀਂ ਜਾਉ ਤੁਹਾਡਾ ਬਹੁਤ ਬਹੁਤ ਸ਼ੁਕਰੀਆਂ ਇੰਨਾ ਨੂੰ ਫੜਨ ਦਾ, ਬਾਕੀ ਹੁਣ ਮੈਂ ਸੰਭਾਲ ਲਵਾਂਗਾ।" ਠਾਣੇਦਾਰ ਦੀ ਹਰਕਤ ਦੇਖ ਕੇ ਸੂਬੇਦਾਰ ਨੂੰ ਗੁੱਸਾ ਆ ਗਿਆ ਤੇ ਉਸ ਨੂੰ ਗਾਲ੍ਹ ਕੱਢ ਕੇ ਕਹਿਣ ਲੱਗਾ, 'ਅਸੀਂ ਆਪਣੀ ਜਾਨ 'ਤੇ ਖੇਲ ਕੇ ਇਹਨਾਂ ਨੂੰ ਫੜਕੇ ਲਿਆਏ ਹਾਂ ਤੇ ਤੇਰੇ ਕੋਲ ਰਿਪੋਰਟ ਵੀ ਨਹੀਂ ਲਿਖ ਹੁੰਦੀ। ਮੈਂ ਹੁਣੇ ਹੀ ਤੇਰੇ ਐਸ. ਪੀ. ਨਾਲ ਗੱਲ ਕਰਦਾ ਹਾਂ। ਛੇਤੀ ਸੱਦ ਉਸਨੂੰ।' ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਠਾਣੇਦਾਰ ਕਹਿਣ ਲੱਗਾ, 'ਸੂਬੇਦਾਰ ਸਾਹਿਬ ਗੁੱਸਾ ਨਾ ਕਰੋ। ਤੁਸੀਂ ਅਗਰ ਐਸ. ਪੀ. ਸਾਹਿਬ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਕਰ ਲਵੋ ਅਤੇ ਕਹਿੰਦੇ ਹੋਏ ਦੋਹਾਂ ਅੱਤਵਾਦੀਆਂ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ ਕਿ ਇਹ ਹਨ ਮੇਰੇ ਐਸ. ਪੀ. ਸਾਹਿਬ ਕ੍ਰਿਪਾਲ ਸਿੰਘ ਅਤੇ ਨਾਲ ਹੀ ਡੀ ਐਸ. ਪੀ. ਰਛਪਾਲ ਸਿੰਘ।" ਇਹ ਸੁਣਕੇ ਸੂਬੇਦਾਰ ਲਮਛਣ ਸਿੰਘ ਦੇ ਪੈਰ ਹੇਠੋਂ ਜ਼ਮੀਨ ਖਿਸਕ ਗਈ। ਹੈਂ ਇਹ ਕੀ! ਜਿੰਨਾ ਲੋਕਾਂ ਦੀ ਰਾਖੀ ਕਰਨੀ ਹੈ। ਉਹੀ ਲੁੱਟੀ ਜਾਂਦੇ ਹਨ। ਸੂਬੇਦਾਰ ਨੇ ਉਨ੍ਹਾਂ ਨੂੰ ਠਾਣੇ ਵਿਚੋਂ ਲੈ ਆਂਦਾ। ਛਾਉਣੀ ਵਿਚ ਲਿਆ ਕੇ ਆਪਣੇ ਮੇਜਰ ਦੇ ਹਵਾਲੇ ਕਰ ਦਿੱਤਾ ਤੇ ਸਾਰੀ ਕਹਾਣੀ ਦੱਸ ਦਿੱਤੀ।



ਦੂਸਰੇ ਦਿਨ ਹੀ ਸੂਬੇਦਾਰ ਲਮਛਣ ਸਿੰਘ ਤੇ ਸਾਥੀਆਂ ਦੀ ਬਦਲੀ ਦੇ ਹੁਕਮ ਆ ਗਏ। ਉਸ ਦਿਨ ਹੀ ਦੁਪਹਿਰ ਦੀ ਗੱਡੀ ਤੇ ਆਸਾਮ ਜਾਣ ਦੇ ਹੁਕਮ ਸਨ। ਉਨ੍ਹਾਂ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਕੁਝ ਦਿਨ ਪਹਿਲਾਂ ਉਹ ਚਾਰੇ ਇਕੱਠੇ ਹਾਲੇ ਫਿਰੋਜ਼ਪੁਰ ਆਏ ਸਨ। ਆਖ਼ਰ ਜਦੋਂ ਸਟੇਸ਼ਨ ਉਤੇ ਪਹੁੰਚੇ ਤੇ ਲਮਛਣ ਸਿੰਘ ਦੀ ਨਜ਼ਰ ਇਕ ਅਖਬਾਰ 'ਤੇ ਪਈ। ਜਿਸਦੀ ਸੁਰਖੀ ਸੀ "ਦੋ ਅੱਤਵਾਦੀ ਮਾਰੇ ਗਏ ਤੇ ਦੋ ਫਰਾਰ" ਤੇ ਥੱਲੇ ਵੇਰਵਾ ਇਸ ਤਰ੍ਹਾਂ ਲਿਖਿਆ ਸੀ ਕਿ ਕਲ੍ਹ ਇਥੋਂ 20 ਮੀਲ ਦੂਰ ਸ਼ਾਮੋ ਦੀ ਢਾਣੀ 'ਤੇ ਫੌਜ ਦੀ ਇਕ ਟੁਕੜੀ ਅਤੇ ਅੱਤਵਾਦੀਆਂ ਵਿਚ ਡੱਟ ਕੇ ਮੁਕਾਬਲਾ ਹੋਇਆ। ਦੋ ਘੰਟੇ ਗੋਲੀ ਚਲਦੀ ਰਹੀ। ਦੋ ਅੱਤਵਾਦੀ ਮਾਰੇ ਗਏ ਅਤੇ ਦੋ ਭੱਜਣ ਵਿਚ ਕਾਮਯਾਬ ਹੋ ਗਏ। ਐਸ. ਪੀ. ਕ੍ਰਿਪਾਲ ਸਿੰਘ ਨੇ ਲੋਕਾਂ ਨੂੰ ਇਹ ਯਕੀਨ ਦਿਵਾਇਆ ਹੈ ਕਿ ਕਲ੍ਹ ਤਕ ਉਨ੍ਹਾਂ ਦੋਹਾਂ ਨੂੰ ਜਿੰਦਾ ਜਾਂ ਮੁਰਦਾ ਪਕੜ ਲੈਣਗੇ।' ਫਿਰ ਸਾਰੀ ਗੱਲ ਲਮਛਣ ਸਿੰਘ ਦੀ ਸਮਝ ਵਿਚ ਆ ਗਈ ਕਿ ਉਨ੍ਹਾਂ ਦੀ ਬਦਲੀ ਏਡੀ ਛੇਤੀ ਕਿਉਂ ਹੋਈ ਹੈ। ਲਮਛਣ ਸਿੰਘ ਨੂੰ ਅਫਸੋਸ ਹੋ ਰਿਹਾ ਸੀ ਕਿ ਉਨ੍ਹਾਂ ਦੋਹਾਂ ਨੂੰ ਵੀ ਥਾਂ 'ਤੇ ਗੋਲੀ ਕਿਉ ਨਾ ਮਾਰ ਦਿੱਤੀ। ਉਸ ਨੂੰ ਪਤਾ ਲੱਗਾ ਚੁੱਕਾ ਸੀ ਕਿ ਅਸਲ ਅੱਤਵਾਦੀ ਕੌਣ ਹਨ। ਪਰ ਉਹ ਬੇਵੱਸ ਸੀ। ਉਹਦੀ ਗੱਡੀ ਆਸਾਮ ਵੱਲ ਤੁਰ ਪਈ ਤੇ ਇਸਦਾ ਭੇਦ ਵੀ ਉਨ੍ਹਾਂ ਦੇ ਨਾਲ ਚਲ ਪਿਆ।

ਦੂਸਰੇ ਦਿਨ ਦੇ ਅਖਬਾਰਾਂ ਦੀ ਸੁਰਖੀ ਕੀ ਹੋਏਗੀ। ਉਹਨੂੰ ਸਾਫ ਦਿਸਦਾ ਸੀ। "ਲਛਮਣ ਸਿੰਘ ਸੋਚ ਰਿਹਾ ਸੀ ਅੱਜ ਦੀ ਰਾਤ ਪਤਾ ਨਹੀਂ ਵਿਚਾਰੇ ਕਿੰਨ੍ਹਾਂ ਬੇਦੋਸ਼ਾਂ 'ਤੇ ਭਾਰੂ ਹੋਏਗੀ। ਪਤਾ ਨਹੀਂ ਕਿਸਨੂੰ ਮਾਰਕੇ ਕਿਰਪਾਲ ਸਿੰਘ ਆਪਣਾ ਵਾਅਦਾ ਪੂਰਾ ਕਰੇਗਾ ਅਤੇ ਸਰਕਾਰ ਕੋਲੋਂ ਇਨਾਮ ਤੇ ਤਗਮੇ ਭੀ ਜਿੱਤੇਗਾ।"

# ਅਣਖ ਨੂੰ ਵੰਗਾਰ

ਸਰਦਾਰ ਅਮਰ ਸਿੰਘ ਆਪਣੇ ਆੜ੍ਹਤੀਏ ਦੀ ਦੁਕਾਨ ਤੇ ਬੈਠਾ ਦੁਪਹਿਰ ਢਾਲ ਰਿਹਾ ਸੀ। ਕਾਫ਼ੀ ਗਰਮੀ ਸੀ, ਸਾਰੇ ਬਾਣੀਏ ਆਪੋ ਆਪਣੀਆਂ ਹੱਟੀਆਂ ਵਿਚ ਪੱਖਿਆਂ ਥੱਲੇ ਬੈਠੇ ਸ਼ਕੰਜਵੀਆਂ ਤੇ ਸੋਢੇ ਪੀ ਰਹੇ ਸਨ। ਪਸ਼ੂ ਵੀ ਦਰਖਤਾਂ ਦੀ ਛਾਂਵੇਂ ਬੈਠੇ ਸਨ। ਕੋਈ ਟਾਵਾਂ ਟਾਵਾਂ ਬੰਦਾ ਬਜ਼ਾਰ ਵਿਚ ਘੁੰਮ ਰਿਹਾ ਸੀ। ਗੱਲਾਂ ਕਰਦਿਆਂ ਕਰਦਿਆਂ ਆੜ੍ਹਤੀਆ ਕਹਿਣ ਲੱਗਾ, “ਅਮਰ ਸਿਆਂ ! ਹੁਣ ਤਾਂ ਸੁੱਖ ਨਾਲ ਗੁੱਡੀ ਜਵਾਨ ਹੋ ਗਈ ਹੋਣੀ ਏ।” ਅਮਰ ਸਿੰਘ ਕਹਿਣ ਲੱਗਾ, “ਹਾਂ, ਲਾਲਾ ਜੀ ! ਇਸ ਸਾਲ ਉਸਨੇ ਬੀ. ਏ. ਪਾਸ ਕਰ ਲਈ ਹੈ ਤੇ ਕਹਿੰਦੀ ਹਾਲੇ ਹੋਰ ਪੜ੍ਹਨਾ ਹੈ।”

ਰਾਮ ਲਾਲ ਕਹਿਣ ਲੱਗਾ, “ਅਗਾਂਹ ਹੋਰ ਪੜ੍ਹਾ ਕੇ ਤੁਸੀਂ ਕਿਹੜਾ ਉਸ ਤੋਂ ਨੌਕਰੀ ਕਰਾਉਣੀ ਹੈ, ਫਿਰ ਵੀ ਤਾਂ ਵਿਚਾਰੀ ਨੇ ਕਿਸੇ ਜੱਟ ਦੀਆਂ ਰੋਟੀਆਂ ਹੀ ਪਕਾਉਣੀਆਂ ਹਨ।”

ਅਮਰ ਸਿੰਘ ਕਹਿਣ ਲੱਗਾ, “ਨਾ ਬਈ, ਮੈਂ ਆਪਣੀ ਧੀ ਕਿਸੇ ਐਸੇ ਵੈਸੇ ਦੇ ਨਹੀਂ ਵਿਆਹੁਣੀ। ਅਸੀਂ ਉਸ ਨੂੰ ਸ਼ਹਿਜ਼ਾਦੀਆਂ ਵਾਂਗ ਪਾਲਿਆ ਹੈ। ਕਿਸੇ ਖਾਂਦੀ ਪੀਂਦੇ ਘਰ ਵਿਆਹੂੰਗਾ, ਜਿਥੇ ਮੇਰੀ ਧੀ ਨੂੰ ਹੱਥ ਨਾ ਲੂਹਣੇ ਪੈਣ।” ਰਾਮ ਲਾਲ ਕਹਿਣ ਲੱਗਾ, “ਸਰਦਾਰਾ ਹਰ ਬਾਪ ਇਹੀ ਚਾਹੁੰਦਾ ਹੈ ਕਿ ਉਹਦੀ ਧੀ ਰਾਣੀ ਬਣ ਕੇ ਰਹੇ। ਪਰ ਇਹ ਤਾਂ ਕਿਸੇ ਦੇ ਵੱਸ ਦੀ ਗੱਲ ਨਹੀਂ, ਹੁੰਦਾ ਉਹੀ ਹੈ ਜੋ ਰੱਬ ਨੂੰ ਮਨਜ਼ੂਰ ਹੁੰਦਾ ਹੈ।” ਅਮਰ ਸਿੰਘ ਕਹਿਣ ਲੱਗਾ, “ਹਾਂ ਰਾਮ ਲਾਲ, ਤੂੰ ਠੀਕ ਕਹਿ ਰਿਹਾ ਹੈਂ। ਮਾਂ-ਪਿਓ ਤਾਂ ਸਿਰਫ਼ ਜਨਮ ਹੀ ਦਿੰਦੇ ਹਨ, ਲੇਖ ਤਾਂ ਨਹੀਂ ਬਦਲ ਸਕਦੇ। ਦੇਖੋ, ਕੀ ਹੈ ਉਹਦੇ ਕਰਮਾਂ ਵਿਚ।”

ਰਾਮ ਲਾਲ ਕਹਿਣ ਲੱਗਾ, “ਤੂੰ ਕਦੇ ਮੁਖਤਿਆਰ ਸਿੰਘ ਦੇ ਛੋਟੇ ਮੁੰਡੇ ਬਾਰੇ ਸੋਚਿਆ ਹੈ। ਮੁੰਡਾ ਬੜਾ ਸੋਹਣਾ ਹੈ, ਹੋਣਹਾਰ ਹੈ, ਸੁਣਿਐ ਉਹ ਇੰਜਨੀਅਰਿੰਗ ਕਰ ਚੁੱਕਾ ਹੈ ਤੇ ਨੌਕਰੀ ਦੀ ਭਾਲ ਵਿਚ ਹੈ। ਮੇਰੇ ਖਿਆਲ ਵਿਚ ਤਾਂ ਇਹ ਜੋੜੀ ਚੰਗੀ ਰਹੇਗੀ।”

ਅਮਰ ਸਿੰਘ ਕੁਝ ਚਿਰ ਚੁੱਪ ਰਿਹਾ। ਇੰਞ ਲੱਗਾ ਜਿਵੇਂ ਸੋਚਾਂ ਵਿਚ ਪੈ ਗਿਆ ਹੋਵੇ ਤੇ ਫੇਰ ਬੋਲਿਆ “ਹਾਂ, ਸੋਚਿਆ ਤਾਂ ਮੈਂ ਵੀ ਸੀ, ਘਰ ਤਾਂ ਚੰਗਾ ਹੈ। ਮੁਖਤਿਆਰ ਸਿੰਘ ਮੂੰਹ ਮੱਥੇ ਲੱਗਣ ਵਾਲਾ ਬੰਦਾ ਹੈ। ਘਰ ਗਿਆਂ ਦੀ ਇੱਜ਼ਤ ਵੀ ਚੰਗੇਰੀ ਕਰਦਾ ਹੈ, ਪਰ



ਇਹ ਟੱਬਰ ਸ਼ਰਾਬ ਬਹੁਤ ਪੀਂਦਾ ਹੈ।” ਰਾਮ ਲਾਲ ਹੱਸ ਕੇ ਕਹਿਣ ਲੱਗਾ, “ਬੱਸ ਇਹੀ ਗੱਲ ਹੈ, ਹੋਰ ਤਾਂ ਕੋਈ ਨਹੀਂ? ਪਰ ਸਰਦਾਰਾ ! ਜੇ ਖਾਂਦੇ ਪੀਂਦੇ ਜੱਟ ਨਾ ਦਾਰੂ ਪੀਣਗੇ ਤਾਂ ਫਿਰ ਕੀ ਸਾਡੇ ਵਰਗੇ ਬਾਣੀਏ ਪੀਣਗੇ। ਸਭ ਨੂੰ ਆਪਣੇ ਵਰਗੇ ਸੰਤ ਨਾ ਸਮਝ। ਜੇ ਤੂੰ ਕਹੇਂ ਤਾਂ ਮੈਂ ਪੁੱਛ ਕੇ ਦੇਖਾਂ।”

ਅਮਰ ਸਿੰਘ ਕਹਿਣ ਲੱਗਾ, “ਤੂੰ ਹਾਲੇ ਕਾਹਲੀ ਨਾ ਕਰ। ਮੇਰਾ ਨਾਂ ਨਾ ਦੱਸੀਂ, ਟੋਹ ਕੇ ਦੇਖ ਲੈ। ਮੈਂ ਵੀ ਘਰ ਦਿਆਂ ਨਾਲ ਗੱਲ ਕਰ ਲਵਾਂਗਾ, ਦੇਖੋ ਕੀ ਬਣਦਾ ਹੈ ਜਿਵੇਂ ਸੰਜੋਗ ਹੋਇਆ।” ਘਰ ਜਾ ਕੇ ਸਭ ਤੋਂ ਪਹਿਲਾਂ ਅਮਰ ਸਿੰਘ ਨੇ ਗੁੱਡੀ ਤੋਂ ਪੁੱਛਿਆ ਕਿ ਉਹਦਾ ਇਸ ਬਾਰੇ ਕੀ ਖਿਆਲ ਹੈ ਤੇ ਜੇ ਹੋਰ ਕੋਈ ਮੁੰਡਾ ਨਿਗਾਹ ਵਿਚ ਹੈ ਤਾਂ ਬੇਝਿਜਕ ਦੱਸ ਦੇਵੇ। ਨੀਵੀਂ ਪਾ ਕੇ ਗੁੱਡੀ ਕਹਿਣ ਲੱਗੀ, “ਜਿਵੇਂ ਬਾਪੂ ਜੀ ਤੁਸੀਂ ਠੀਕ ਸਮਝੋ। ਤੁਹਾਡੀ ਖ਼ੁਸ਼ੀ ਵਿਚ ਹੀ ਮੇਰੀ ਖ਼ੁਸ਼ੀ ਹੈ, ਮੇਰੀ ਨਿਗਾਹ ਵਿਚ ਕੋਈ ਨਹੀਂ। ਕਾਲਜ ਵਿਚ ਪੜ੍ਹਦੀ ਨੇ ਮੈਂ ਹਮੇਸ਼ਾ ਤੁਹਾਡੀ ਪੱਗ ਦਾ ਖਿਆਲ ਰੱਖਿਆ ਹੈ, ਸਾਰੇ ਇਲਾਕੇ ਵਿਚ ਤਾਂ ਲੋਕ ਤੁਹਾਨੂੰ ਜਾਣਦੇ ਹਨ।” ਉਸ ਤੋਂ ਮਗਰੋਂ ਉਸਨੇ ਆਪਣੀ ਪਤਨੀ ਤੇ ਲੜਕੇ ਕਾਕੇ ਨਾਲ ਸਲਾਹ ਮਸ਼ਵਰਾ ਕੀਤਾ। ਸਭ ਦੀ ਰਜ਼ਾਮੰਦੀ ਲੈ ਕੇ ਰਾਮ ਲਾਲ ਨੂੰ ਹਰੀ ਝੰਡੀ ਦੇ ਦਿੱਤੀ।

ਫੇਰ ਜਦ ਮੁਖਤਿਆਰ ਸਿੰਘ ਮੰਡੀ ਆਇਆ ਤਾਂ ਰਾਮ ਲਾਲ ਨੇ ਸਰਸਰੀ ਗੱਲ ਚਲਾਈ “ਕਿਵੇਂ ਹੁਣ ਕਾਕੇ ਦਾ ਵਿਆਹ ਕਰਨਾ ਹੈ ਕਿ ਨਹੀਂ ਹਾਲੇ?।” ਮੁਖਤਿਆਰ ਸਿੰਘ ਕਹਿਣ ਲੱਗਾ “ਬਈ ਵਿਆਹ ਤਾਂ ਕਰਨਾ ਹੈ ਪਰ ਰਿਸ਼ਤੇਦਾਰ ਕੋਈ ਬਰਾਬਰ ਦਾ ਹੋਵੇ ਜਿਹੜਾ ਨਾਲ ਖੜ੍ਹਾ ਚੰਗਾ ਲੱਗੇ। ਤੈਨੂੰ ਤਾਂ ਸਾਡੇ ਖਾਨਦਾਨ ਬਾਰੇ ਪਤਾ ਹੀ ਹੈ, ਪਿਛਲੇ ਵੀਹਾਂ ਸਾਲਾਂ ਤੋਂ ਤੇਰੇ ਹੀ ਆੜ੍ਹਤ ਹੈ। ਕਿਸੇ ਭੁੱਖੇ ਨੰਗੇ ਘਰ ਨਾਲ ਰਿਸ਼ਤਾ ਪਾਉਣ ਨੂੰ ਦਿਲ ਨਹੀਂ ਕਰਦਾ।” ਜਦੋਂ ਰਾਮ ਲਾਲ ਨੇ ਕਿਹਾ, “ਤੇਰਾ ਅਮਰ ਸਿੰਘ ਦੀ ਇਕਲੌਤੀ ਧੀ ਬਾਰੇ ਕੀ ਖਿਆਲ ਹੈ? ਕਾਫ਼ੀ ਸੁਹਣੀ ਹੈ ਤੇ ਬੀ. ਏ. ਪਾਸ ਹੈ। ਕੱਦ ਕਾਠ ਵੀ ਚੰਗਾ ਹੈ।” ਤਾਂ ਅਮਰ ਸਿੰਘ ਦਾ ਨਾਂ ਸੁਣਦੇ ਸਾਰ ਹੀ ਮੁਖਤਿਆਰ ਸਿੰਘ ਨੇ ਝਟਾ-ਫਟ ਹਾਂ ਕਰ ਦਿੱਤੀ ਤੇ ਨਾਲੇ ਕਹਿਣ ਲੱਗਾ, “ਬਈ ਉਹਨੂੰ ਵੀ ਪੁੱਛਿਆ ਹੈ ਕਿ ਆਪਣੇ ਕੋਲੋਂ ਹੀ ਇਹ ਰਿਸ਼ਤਾ ਕਰੀ ਜਾ ਰਿਹਾ ਹੈਂ।” ਰਾਮ ਲਾਲ ਕਹਿਣ ਲੱਗਾ “ਸਰਦਾਰ ਜੀ, ਤੁਹਾਡੇ ਵਾਂਗ ਅਮਰ ਸਿੰਘ ਵੀ ਮੇਰਾ ਬਹੁਤ ਪੁਰਾਣਾ ਗਾਹਕ ਹੈ। ਉਹ ਵੀ ਇਕੱਲਾ ਤੇ ਮੈਂ ਵੀ ਇਕੱਲਾ ਹੀ ਹਾਂ। ਅਸਲ ਵਿਚ ਮੇਰੀ ਉਹਦੇ ਨਾਲ ਕਾਫੀ ਆਉਣੀ ਜਾਣੀ ਹੈ, ਮੈਂ ਉਸ ਨੂੰ ਆਪਣਾ ਧਰਮ ਦਾ ਭਰਾ ਹੀ ਸਮਝਦਾ ਹਾਂ। ਮੈਂ ਇਹ ਗੱਲ ਸ਼ੁਰੂ ਕੀਤੀ ਸੀ ਤੇ ਉਹ ਤਿਆਰ ਹੈ।” ਮੁਖਤਿਆਰ ਸਿੰਘ, ਕਹਿਣ ਲੱਗਾ, “ਫਿਰ ਦੇਰੀ ਕਿਸ ਗੱਲ ਦੀ। ਹਾਂ ਇਕ ਗੱਲ ਦਾ ਖਿਆਲ ਰੱਖੀਂ, ਬਰਾਤ ਦੀ ਪੂਰੀ ਸੇਵਾ ਹੋਣੀ ਚਾਹੀਦੀ ਹੈ। ਉਹ ਆਪ ਤਾਂ ਪੀਂਦਾ ਨਹੀਂ, ਕਿਤੇ ਸਾਨੂੰ ਵੀ ਮੂੰਗੀ ਦੀ ਦਾਲ ਨਾਲ ਰੋਟੀ ਖਵਾ ਕੇ ਨਾ ਮੋੜ ਦੇਵੇ।” ਰਾਮ ਲਾਲ ਕਹਿਣ ਲੱਗਾ, “ਤੂੰ ਏਸ ਗੱਲ ਦਾ ਫਿਕਰ ਨਾ ਕਰ। ਇਹ ਸਾਰੀ

ਮੇਰੀ ਜ਼ਿੰਮੇਵਾਰੀ, ਤੂੰ ਜੋ ਮੂੰਹ ਵਿਚੋਂ ਕੱਢੇਂਗਾ ਪੂਰਾ ਹੋਵੇਗਾ। ਕਿਸੇ ਗੱਲ ਦੀ ਵੀ ਕੋਈ ਕਸਰ ਨਹੀਂ ਛੱਡਾਂਗੇ। ਉਸਨੇ ਵੀ ਇਕੋ ਧੀ ਦਾ ਵਿਆਹ ਕਰਨਾ ਹੈ, ਕਿਹੜਾ ਬਾਰ ਬਾਰ ਕਰਨਾ ਹੈ। ਮੈਂ ਛੇਤੀ ਹੀ ਅਮਰ ਸਿੰਘ ਨਾਲ ਗੱਲ ਕਰਕੇ ਤੈਨੂੰ ਦੱਸੂੰਗਾ। ਸਾਡੇ ਵੱਲੋਂ ਤਾਂ ਹਾਂ ਸਮਝ।" ਸਾਰੇ ਇਲਾਕੇ ਵਿਚ ਸਰਦਾਰ ਅਮਰ ਸਿੰਘ ਦਾ ਬਹੁਤ ਸਤਿਕਾਰ ਸੀ। ਇਕ ਮੋਟਾ ਖਾਨਦਾਨੀ ਜ਼ਿਮੀਂਦਾਰ ਹੁੰਦਿਆਂ ਹੋਇਆਂ ਵੀ ਉਸ ਵਿਚ ਕੋਈ ਆਕੜ ਨਹੀਂ ਸੀ। ਹਰ ਇਕ ਨੂੰ ਬੜੇ ਅਦਬ ਸਤਿਕਾਰ ਨਾਲ ਬੁਲਾਉਂਦਾ, ਹਰ ਇਕ ਨੂੰ 'ਜੀ' ਕਹਿੰਦਾ, ਉਹਦੇ ਬਾਰੇ ਗਲ ਮਸ਼ਹੂਰ ਸੀ ਕਿ ਉਸਨੇ ਕਦੀ ਪਸ਼ੂਆਂ ਨੂੰ ਵੀ ਗਾਲ੍ਹ ਨਹੀਂ ਸੀ ਕੱਢੀ।

ਉਧਰ ਮੁਖਤਿਆਰ ਸਿੰਘ ਕਾਫ਼ੀ ਮੋਟੇ ਖਾਨਦਾਨ ਵਿਚੋਂ ਸੀ ਪਰ ਉਸਨੂੰ ਆਪਣੇ ਵਡੱਪਣ 'ਤੇ ਮਾਣ ਸੀ। ਕਿਸੇ ਆਮ ਬੰਦੇ ਨਾਲ ਤਾਂ ਉਹ ਹੱਥ ਨਹੀਂ ਸੀ ਮਿਲਾਉਂਦਾ ਤੇ ਨਾ ਹੀ ਆਮ ਕਿਸੇ ਨਾਲ ਗੱਲ ਕਰਦਾ ਸੀ। ਪਿੰਡ ਵਿਚ ਤੇ ਆਲੇ ਦੁਆਲੇ ਦੇ ਲੋਕੀਂ ਉਸ ਕੋਲੋਂ ਡਰਦੇ ਸਨ। ਜਦ ਕਿਸੇ ਗੱਲ 'ਤੇ ਅੜ ਜਾਂਦਾ ਤਾਂ ਪਿੱਛੇ ਨਹੀਂ ਹੱਟਦਾ ਸੀ।

ਆਖਿਰ ਜਿਵੇਂ ਸੰਜੋਗ ਸੀ, ਝੱਟ ਮੰਗਣਾ ਤੇ ਫੱਟ ਵਿਆਹ ਹੋ ਗਿਆ। ਅਮਰ ਸਿੰਘ ਨੇ ਮੁਖਤਿਆਰ ਸਿੰਘ ਦੀ ਉਮੀਦ ਨਾਲੋਂ ਵੀ ਵੱਧ ਲੈਣ-ਦੇਣ ਕੀਤਾ। ਬਰਾਤ ਨੂੰ ਸ਼ਰਾਬ ਨਾਲ ਨੁਹਾ ਦਿੱਤਾ, ਸਾਰੇ ਇਲਾਕੇ ਵਿਚ ਵਿਆਹ ਦੀਆਂ ਧੁੰਮਾਂ ਪੈ ਗਈਆਂ।

ਗੁੱਡੀ ਤੇ ਦਵਿੰਦਰ ਦੀ ਜੋੜੀ ਖੂਬ ਸਜਦੀ ਸੀ। ਵਿਆਹ ਤੋਂ ਬਾਅਦ ਉਹ ਦੋਨੋਂ ਕੁਝ ਦਿਨਾਂ ਲਈ ਸ਼ਿਮਲੇ ਚਲੇ ਗਏ। ਜਦ ਵਾਪਿਸ ਸਹੁਰੀਂ ਆਈ ਤਾਂ ਰਿਵਾਜ ਮੁਤਾਬਕ ਉਹਦੀਆਂ ਜਠਾਣੀਆਂ ਨੇ ਉਹਨੂੰ ਰਸੋਈ ਸੰਭਾਲ ਦਿੱਤੀ। ਪਰ ਝੱਟ ਹੀ ਉਹਦੀ ਸੱਸ ਨੇ ਉਹਨੂੰ ਉਥੋਂ ਉਠਾ ਲਿਆ ਤੇ ਕਹਿਣ ਲੱਗੀ "ਨੀਂ ! ਰਹਿਣ ਦਿਓ, ਐਵੇਂ ਕੱਪੜਿਆਂ ਨੂੰ ਅੱਗ ਲੁਆ ਬੈਠੂ, ਫਿਰ ਲੋਕਾਂ ਨੇ ਕਹਿਣਾ ਹੈ ਕਿ ਇਹਨਾਂ ਨੇ ਜਾਣ ਕੇ ਨੂੰਹ ਸਾੜ ਦਿੱਤੀ।" ਗੁੱਡੀ ਨੂੰ ਬੜੇ ਪਿਆਰ ਨਾਲ ਕਹਿਣ ਲੱਗੀ "ਧੀਏ, ਮੈਨੂੰ ਪਤਾ ਹੈ ਤੂੰ ਕਦੇ ਆਪਣੇ ਪਿਓ ਦੇ ਘਰ ਕੰਮ ਨਹੀਂ ਕੀਤਾ। ਨੌਕਰ ਬਥੇਰੇ ਹਨ, ਤੂੰ ਉਹਨਾਂ ਦੀ ਨਿਗਰਾਨੀ ਕਰ ਛੱਡਿਆ ਕਰ। ਤੈਨੂੰ ਰਸੋਈ ਵਿਚ ਵਾੜਨ ਵਾਲੀਆਂ ਖੁਦ ਕਿਹੜਾ ਕੰਮ ਨੂੰ ਹੱਥ ਲਾਉਂਦੀਆਂ ਨੇ।"

ਕੁਝ ਮਹੀਨਿਆਂ ਬਾਅਦ ਜਦ ਗੁੱਡੀ ਪਹਿਲੀ ਵਾਰ ਪੇਕੇ ਮਿਲਣ ਆਈ ਤਾਂ ਧੀ ਤੋਂ ਉਸਦੇ ਸਹੁਰਿਆਂ ਬਾਰੇ ਸੁਣ ਕੇ ਤੇ ਧੀ ਨੂੰ ਖੁਸ਼ ਦੇਖ ਕੇ ਅਮਰ ਸਿੰਘ ਬਹੁਤ ਖੁਸ਼ ਹੋਇਆ। ਰੱਬ ਦਾ ਲੱਖ ਲੱਖ ਸ਼ੁਕਰ ਮਨਾਇਆ ਤੇ ਕਹਿਣ ਲੱਗਾ, "ਹੋਰ ਬੱਸ ਧੀਏ ! ਮੇਰੀ ਤਾਂ ਇਹੀ ਅਸੀਸ ਹੈ ਕਿ ਤੁਸੀਂ ਸਦਾ ਇੰਝ ਹੀ ਹੱਸਦੇ ਖੇਡਦੇ ਰਹੋ।" ਦਵਿੰਦਰ ਨੂੰ ਅਜੇ ਨੌਕਰੀ ਨਹੀਂ ਮਿਲੀ ਸੀ ਤੇ ਨਾ ਹੀ ਵਿਆਹ ਦੇ ਚਾਅ ਵਿਚ ਉਹਨੇ ਬਾਹਲੀ ਨੌਕਰੀ ਦੀ ਭਾਲ ਹੀ ਕੀਤੀ ਸੀ।

ਕੁਝ ਮਹੀਨਿਆਂ ਮਗਰੋਂ ਮੁਖਤਿਆਰ ਸਿੰਘ ਵੱਲੋਂ ਸੁਨੇਹਾ ਆ ਗਿਆ ਕਿ ਅਗਰ ਆਪਣੀ ਧੀ ਨੂੰ ਲੈ ਕੇ ਜਾਣਾ ਹੈ ਤਾਂ ਲੈ ਜਾਵੇ, ਇਹ ਮਾਂ ਬਣਨ ਵਾਲੀ ਹੈ।

ਅਮਰ ਸਿੰਘ ਤੇ ਉਹਦੇ ਘਰੋਂ ਆਪਣੀ ਧੀ ਨੂੰ ਲਿਆਉਣ ਵਾਸਤੇ ਖੁਸ਼ੀ ਖੁਸ਼ੀ ਉਹਦੇ



ਸਹੁਰੀਂ ਪਹੁੰਚ ਗਏ। ਉਹਨਾਂ ਬੜੀ ਆਓ-ਭਗਤ ਕੀਤੀ। ਸਵੇਰੇ ਜਦੋਂ ਉਹ ਤੁਰਨ ਲੱਗੇ ਤਾਂ ਮੁਖਤਿਆਰ ਸਿੰਘ ਕਹਿਣ ਲੱਗਾ "ਸਰਦਾਰਾ, ਇਕ ਗੱਲ ਮੇਰੀ ਯਾਦ ਰਖੀਂ। ਇਹ ਹੁਣ ਇਸ ਘਰ ਵਿਚ ਆਪਣੇ ਮੁੰਡੇ ਨੂੰ ਲੈ ਕੇ ਆਵੇ, ਜੇ ਕੁੜੀ ਹੋਈ ਤਾਂ ਜੰਮਦੀ ਦਾ ਗਲ ਘੁੱਟ ਦਿਓ।" ਇਹ ਗੱਲ ਸੁਣ ਕੇ ਅਮਰ ਸਿੰਘ ਹੱਕਾ-ਬੱਕਾ ਰਹਿ ਗਿਆ ਤੇ ਕਹਿਣ ਲੱਗਾ, "ਮੁਖਤਿਆਰ ਸਿਆਂ, ਮੈਨੂੰ ਤੇਰੇ ਤੋਂ ਇਹ ਉਮੀਦ ਨਹੀਂ ਸੀ। ਕਿਹੋ ਜਿਹੀ ਗੱਲ ਕਰਦਾ ਹੈ, ਮੁੰਡਾ ਜਾਂ ਕੁੜੀ ਤਾਂ ਮਾਲਕ ਦੇ ਹੱਥ ਹੈ।"

ਮੁਖਤਿਆਰ ਸਿੰਘ ਕਹਿਣ ਲੱਗਾ, "ਸਰਦਾਰਾ, ਮੈਨੂੰ ਪੋਤੀ ਨਹੀਂ ਪੋਤਾ ਚਾਹੀਦਾ ਹੈ। ਮੈਨੂੰ ਮਾਲਕ ਮੂਲਕ ਦਾ ਕੋਈ ਪਤਾ ਨਹੀਂ, ਅੱਗੇ ਮੇਰੇ ਦੋਨਾਂ ਮੁੰਡਿਆਂ ਦੇ ਦੋ-ਦੋ ਮੁੰਡੇ ਹਨ। ਸਾਡੇ ਪਿੱਛੇ ਤਿੰਨ ਪੁਸ਼ਤਾਂ ਵਿਚ ਕੋਈ ਕੁੜੀ ਨਹੀਂ ਹੋਈ, ਸਾਡੇ ਘਰ ਤਾਂ ਮੱਝਾਂ ਵੀ ਕੱਟੇ ਦਿੰਦੀਆਂ ਹਨ ਕੱਟੀਆਂ ਨਹੀਂ।"

ਅਮਰ ਸਿੰਘ ਕਹਿਣ ਲੱਗਾ, "ਸਰਦਾਰਾ ਰੱਬ ਤੋਂ ਡਰ। ਮੇਰੀ ਤਾਂ ਇਹੀ ਅਰਦਾਸ ਹੈ ਕਿ ਬੱਚਾ ਜੋ ਵੀ ਹੋਵੇ, ਤੰਦਰੁਸਤ ਹੋਵੇ ਤੇ ਲੰਮੀ ਉਮਰ ਵਾਲਾ ਹੋਵੇ। ਮੇਰੇ ਕੋਲੋਂ ਇਹ ਪਾਪ ਨਹੀਂ ਹੋਣਾ ਅਤੇ ਨਾ ਹੀ ਮੈਂ ਕਿਸੇ ਨੂੰ ਕਰਨ ਦਿਆਂਗਾ।"

ਮੁਖਤਿਆਰ ਸਿੰਘ 'ਤੇ ਇਹਨਾਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤੇ ਉਹ ਬੜਾ ਰੁੱਖਾ ਜਿਹਾ ਹੋ ਕੇ ਕਹਿਣ ਲੱਗਾ, "ਮੈ ਜੋ ਕਹਿਣਾ ਸੀ ਕਹਿ ਦਿੱਤਾ। ਮੇਰਾ ਫੈਸਲਾ ਤਾਂ ਰੱਬ ਵੀ ਨਹੀਂ ਬਦਲ ਸਕਦਾ। ਅੱਗੇ ਤੁਸੀਂ ਜੋ ਕਰਨਾ ਹੈ, ਸੋਚ ਕੇ ਕਰਿਓ।" ਇਹ ਕਹਿੰਦਾ ਹੋਇਆ ਬਿਨਾਂ ਗੁਰ-ਫਤਿਹ ਬੁਲਾਏ ਬਾਹਰ ਚਲੇ ਗਿਆ ਤੇ ਬਾਕੀ ਦਾ ਸਾਰਾ ਪਰਿਵਾਰ ਚੁੱਪ-ਚਾਪ ਖੜ੍ਹਾ ਦੇਖਦਾ ਰਿਹਾ। ਕਿਸੇ ਦੀ ਹਿੰਮਤ ਨਹੀਂ ਸੀ ਮੁਖਤਿਆਰ ਸਿੰਘ ਦੇ ਮੂਹਰੇ ਮੂੰਹ ਖੋਲ੍ਹਣ ਦੀ। ਉਹਦੇ ਬਾਹਰ ਜਾਣ ਤੋਂ ਬਾਅਦ ਦਵਿੰਦਰ ਕਹਿਣ ਲੱਗਾ, "ਬਾਪੂ ਜੀ, ਤੁਸੀਂ ਮੇਰੇ ਬਾਪੂ ਦੀ ਗੱਲ ਦਾ ਬੁਰਾ ਨਾ ਮਨਾਇਓ, ਉਹਨਾਂ ਦਾ ਸੁਭਾਅ ਹੀ ਇਸ ਤਰ੍ਹਾਂ ਦਾ ਹੈ।" ਅਮਰ ਸਿੰਘ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਹ ਕੀ ਕਰੇ। ਉਤਾਂਹ ਆਸਮਾਨ ਵੱਲ ਨੂੰ ਹੱਥ ਕਰ ਕੇ ਕਹਿਣ ਲੱਗਾ, "ਦਾਤਾ ਮਿਹਰ ਕਰੀਂ, ਮੇਰੀ ਇੱਜ਼ਤ ਤੇਰੇ ਹੱਥ ਹੈ।" ਬਾਕੀ ਸਾਰੇ ਪਰਿਵਾਰ ਨੂੰ ਫਤਿਹ ਬੁਲਾ ਕੇ ਗੁੱਡੀ ਨੂੰ ਨਾਲ ਲੈ ਕੇ ਤੁਰ ਪਿਆ। ਦਵਿੰਦਰ ਕਾਰ ਤੱਕ ਇਹਨਾਂ ਨੂੰ ਚਾੜ੍ਹਨ ਆਇਆ ਪਰ ਕੋਈ ਵੀ ਕੁਝ ਨਾ ਬੋਲਿਆ। ਗੁੱਡੀ ਸਹਿਮੀ ਹੋਈ ਲੱਗਦੀ ਸੀ।

ਆਖਿਰ ਪਿੰਡ ਪਹੁੰਚ ਗਏ। ਰਸਤੇ ਵਿਚ ਕਿਸੇ ਨੇ ਵੀ ਕੋਈ ਗੱਲ ਨਾ ਕੀਤੀ। ਵਕਤ ਗੁਜ਼ਰਦਾ ਗਿਆ ਤੇ ਕੁਝ ਮਹੀਨਿਆਂ ਬਾਅਦ ਗੁੱਡੀ ਦੀ ਗੋਦ ਵਿਚ ਇਕ ਨੰਨ੍ਹੀ ਗੁੱਡੀ ਆ ਕੇ ਬੈਠ ਗਈ। ਸ਼ਕਲ ਬਿਲਕੁਲ ਮਾਂ 'ਤੇ ਸੀ। ਜਦੋਂ ਅਮਰ ਸਿੰਘ ਨੇ ਤੱਕਿਆ ਤੇ ਕਹਿਣ ਲੱਗਾ, "ਬਿਲਕੁਲ ਆਪਣੀ ਮਾਂ 'ਤੇ ਗਈ ਹੈ।" ਅਮਰ ਸਿੰਘ ਨੇ ਲਾਗੀਆਂ ਨੂੰ ਸੱਦ ਕੇ ਤੇ ਮਿਠਾਈ ਦੇ ਕੇ ਉਹਦੇ ਸਹੁਰੀਂ ਸੁਨੇਹਾ ਭੇਜ ਦਿੱਤਾ ਕਿ ਬੱਚੀ ਹੋਈ ਹੈ, ਸਭ ਠੀਕ ਠਾਕ ਹੈ, ਆ ਕੇ ਆਪਣੀਂ ਬੱਚੀ ਦੇਖ ਜਾਓ। ਦਵਿੰਦਰ ਦਾ ਦਿਲ ਬਹੁਤ ਕਰਦਾ ਸੀ

ਗੁੱਡੀ ਨੂੰ ਮਿਲਣ ਲਈ ਤੇ ਆਪਣੀ ਬੱਚੀ ਨੂੰ ਦੇਖਣ ਲਈ ਪਰ ਉਹ ਪਿਓ ਤੋਂ ਡਰਦਾ ਕੁਝ ਨਾ ਬੋਲਿਆ। ਮੁਖਤਿਆਰ ਸਿੰਘ ਨੇ ਮਠਿਆਈ ਫੜਨ ਤੋਂ ਨਾਂਹ ਕਰ ਦਿੱਤੀ ਤੇ ਲਾਗੀ ਨੂੰ ਕਹਿਣ ਲੱਗਾ, 'ਜਿਹਨੀਂ ਪੈਰੀਂ ਆਇਆ ਹੈਂ, ਉਹਨੀਂ ਪੈਰੀਂ ਮੁੜ ਜਾਹ ਤੇ ਨਾਲੇ ਇਹ ਮਠਿਆਈ ਵੀ ਮੋੜ ਕੇ ਲੈ ਜਾਹ, ਜੇ ਕੋਈ ਚੰਗੀ ਖਬਰ ਲੈ ਕੇ ਆਉਂਦਾ ਤਾਂ ਮੈਂ ਤੇਰੇ ਗਲ਼ ਨੋਟਾਂ ਦਾ ਹਾਰ ਪਾਉਂਦਾ ਤੇ ਸ਼ਰਾਬ ਨਾਲ ਤੈਨੂੰ ਨਹਾ ਦਿੰਦਾ। ਜਾ ਕੇ ਆਪਣੇ ਸਰਦਾਰ ਨੂੰ ਕਹਿ ਦੇਵੀਂ ਕਿ ਉਸਨੇ ਮੇਰੀ ਗੱਲ ਨਾ ਮੰਨ ਕੇ ਚੰਗਾ ਨਹੀਂ ਕੀਤਾ। ਹੁਣ ਆਪਣੀਆਂ ਕੀਤੀਆਂ ਆਪ ਹੀ ਭੁਗਤੇ। ਗੁੱਡੀ ਵਾਸਤੇ ਇਸ ਘਰ ਵਿਚ ਹੁਣ ਕੋਈ ਜਗ੍ਹਾ ਨਹੀਂ।" ਦਵਿੰਦਰ ਮੂੰਹੋਂ ਕੁਝ ਨਾ ਬੋਲਿਆ, ਨੀਵੀਂ ਪਾ ਕੇ ਸਭ ਸੁਣਦਾ ਰਿਹਾ ਤੇ ਲਾਗੀ ਨੇ ਆ ਕੇ ਸਾਰਾ ਹਾਲ ਅਮਰ ਸਿੰਘ ਨੂੰ ਸੁਣਾ ਦਿੱਤਾ।

ਸੁਣ ਕੇ ਅਮਰ ਸਿੰਘ ਸੋਚਾਂ ਵਿਚ ਪੈ ਗਿਆ ਤੇ ਕਹਿਣ ਲੱਗਾ, "ਸੀਬੂ, ਇਹ ਗੱਲ ਤੇਰੇ ਤੇ ਮੇਰੇ ਵਿਚ ਹੀ ਰਹੇ, ਹੋਰ ਕਿਸੇ ਕੋਲ ਨਾ ਪਹੁੰਚੇ। ਸਰਦਾਰਨੀ ਨੂੰ ਵੀ ਨਾ ਦੱਸੀਂ। ਮੈਂ ਆਪ ਹੀ ਦੱਸ ਦਿਆਂਗਾ।"

"ਅੱਛਾ ਜੀ, ਸਤਿ ਸ੍ਰੀ ਅਕਾਲ" ਕਹਿੰਦਾ ਹੋਇਆ ਸੀਬੂ ਚਲੇ ਗਿਆ ਤੇ ਮਠਿਆਈ, ਜੋ ਉਹ ਮੋੜ ਕੇ ਲਿਆਇਆ ਸੀ, ਅਮਰ ਸਿੰਘ ਨੇ ਸੀਬੂ ਨੂੰ ਹੀ ਦੇ ਦਿੱਤੀ।

ਅਮਰ ਸਿੰਘ ਦਿਲ ਹੀ ਦਿਲ ਵਿਚ ਸੋਚ ਰਿਹਾ ਸੀ ਕਿ ਸ਼ਾਇਦ ਹਾਲੇ ਉਸ ਨੂੰ ਥੋੜ੍ਹਾ ਗੁੱਸਾ ਹੈ, ਆਖਿਰ ਇਹ ਉਹਨਾਂ ਦਾ ਲਹੂ ਹੈ। ਆਪੇ ਕੁਝ ਮਹੀਨਿਆਂ ਵਿਚ ਉਸ ਦਾ ਗੁੱਸਾ ਠੰਢਾ ਹੋ ਜਾਏਗਾ। ਦਿਲ ਹੀ ਦਿਲ ਵਿਚ ਉਹ ਅਰਦਾਸ ਕਰ ਰਿਹਾ ਸੀ "ਰੱਬਾ ਮੁਖਤਿਆਰ ਸਿੰਘ ਨੂੰ ਸੁਮੱਤ ਬਖ਼ਸ਼।" ਇੰਝ ਹੀ ਛੇ ਮਹੀਨੇ ਹੋਰ ਲੰਘ ਗਏ। ਛੋਟੀ ਗੁੱਡੀ ਹੁਣ ਬੈਠਣ ਲੱਗ ਪਈ ਸੀ ਪਰ ਵੱਡੀ ਹੁਣ ਅੰਦਰ ਹੀ ਅੰਦਰ ਨਿਘਰਦੀ ਜਾ ਰਹੀ ਸੀ। ਕਿਸੇ ਨਾਲ ਆਪਣੇ ਦਿਲ ਦੀ ਗੱਲ ਵੀ ਨਹੀਂ ਕਰ ਸਕਦੀ ਸੀ। ਜਦੋਂ ਵੀ ਕਿਤੇ ਗੱਲ ਚੱਲਦੀ, ਅਮਰ ਸਿੰਘ ਨੇ ਇਹ ਕਹਿ ਕੇ ਟਾਲ ਦੇਣਾ, "ਹਾਲੇ ਕਿਹੜੀ ਕਾਹਲੀ ਹੈ, ਸਭ ਠੀਕ ਹੋ ਜਾਏਗਾ। ਰੱਬ 'ਤੇ ਭਰੋਸਾ ਰੱਖ।" ਗੁੱਡੀ ਨੇ ਇਹਨਾਂ ਦਿਨਾਂ ਵਿਚ ਦੋ ਖਤ ਵੀ ਲਿਖੇ ਪਰ ਉਹਨਾਂ ਦਾ ਵੀ ਕੋਈ ਜਵਾਬ ਨਾ ਆਇਆ।

ਇਕ ਦਿਨ ਅਚਾਨਕ ਮੰਡੀ ਮੁਖਤਿਆਰ ਸਿੰਘ ਆੜ੍ਹਤੀਏ ਦੀ ਦੁਕਾਨ ਤੇ ਅਮਰ ਸਿੰਘ ਨੂੰ ਮਿਲ ਪਿਆ। ਬੱਸ ਸਤਿ ਸ੍ਰੀ ਆਕਾਲ ਹੀ ਹੋਈ, ਹੋਰ ਕੋਈ ਖਾਸ ਗੱਲ ਨਾ ਹੋ ਸਕੀ। ਰਾਮ ਲਾਲ ਭਾਂਪ ਗਿਆ ਤੇ ਜਦੋਂ ਮੁਖਤਿਆਰ ਸਿੰਘ ਚਲੇ ਗਿਆ ਤਾਂ ਰਾਮ ਲਾਲ ਕਹਿਣ ਲੱਗਾ, "ਕਿਉਂ ਅਮਰ ਸਿਆਂ, ਕੋਈ ਗੜਬੜ ਤਾਂ ਨਹੀਂ? ਮੈਨੂੰ ਤਾਂ ਦਾਲ ਵਿਚ ਕੁਛ ਕਾਲਾ ਲੱਗਦਾ ਹੈ।"

ਅਮਰ ਸਿੰਘ ਨੇ ਸਾਰੀ ਗੱਲ ਰਾਮ ਲਾਲ ਨੂੰ ਦੱਸ ਦਿੱਤੀ। ਰਾਮ ਲਾਲ ਕਹਿਣ ਲੱਗਾ "ਘਬਰਾ ਨਾ ਅਮਰ ਸਿਆਂ, ਆਪਾਂ ਸਾਰੇ ਜਾ ਕੇ ਇਹਨੂੰ ਫੜ ਲੈਂਦੇ ਹਾਂ। ਇਹਦੀ ਕੀ ਮਜਾਲ ਹੈ ਕਿ ਇਹ ਗੱਲ ਨਾ ਮੰਨੇ।" ਅਮਰ ਸਿੰਘ ਨੂੰ ਕੁਛ ਹੌਸਲਾ ਹੋਇਆ ਪਰ ਦਿਲ



ਡਰ ਰਿਹਾ ਸੀ। ਕੁਝ ਦਿਨਾਂ ਬਾਅਦ ਅਮਰ ਸਿੰਘ ਇਲਾਕੇ ਦੇ ਐਮ. ਐਲ. ਏ ਤੇ ਮੰਨੇ ਪਰਮੰਨੇ ਸਰਦਾਰਾਂ ਨੂੰ ਲੈ ਕੇ ਰਾਮ ਲਾਲ ਦੇ ਨਾਲ ਮੁਖਤਿਆਰ ਸਿੰਘ ਦੇ ਘਰ ਪਹੁੰਚ ਗਿਆ। ਸਭ ਨੇ ਮੁਖਤਿਆਰ ਸਿੰਘ ਨੂੰ ਸਮਝਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਉਸ ਕਿਸੇ ਦੀ ਵੀ ਗੱਲ ਨਾ ਮੰਨੀ। ਰਾਮ ਲਾਲ ਕਹਿਣ ਲੱਗਾ, "ਮੁਖਤਿਆਰ ਸਿਆਂ, ਜ਼ਿੱਦ ਨਾ ਕਰ, ਕਹਿਣਾ ਮੰਨੀਦਾ ਹੈ। ਸਾਡੇ ਆਇਆਂ ਦਾ ਹੀ ਤੂੰ ਮਾਣ ਰੱਖ ਲੈ। ਹਾਲੇ ਇਹਨਾਂ ਦੀ ਉਮਰ ਹੀ ਕੀ ਹੈ, ਇਸ ਵਾਰ ਨਹੀਂ ਤੇ ਜੇ ਰੱਬ ਨੇ ਚਾਹਿਆ ਤਾਂ ਅਗਲੀ ਵਾਰ ਲੜਕਾ ਹੋ ਜਾਏਗਾ।" ਪਰ ਮੁਖਤਿਆਰ ਸਿੰਘ ਟੱਸ ਤੋਂ ਮੱਸ ਨਾ ਹੋਇਆ। ਸਰਦਾਰ ਅਮਰ ਸਿੰਘ ਨੇ ਸਾਰਿਆਂ ਦੇ ਸਾਹਮਣੇ ਆਪਣੀ ਪੱਗ ਲਾਹ ਕੇ ਮੁਖਤਿਆਰ ਸਿੰਘ ਦੇ ਪੈਰਾਂ 'ਤੇ ਰੱਖ ਦਿੱਤੀ ਤੇ ਕਹਿਣ ਲੱਗਾ, "ਮੁਖਤਿਆਰ ਸਿਆਂ, ਤੈਨੂੰ ਰੱਬ ਦਾ ਵਾਸਤਾ ਈ। ਮੇਰੇ ਕੀਤੇ ਦੀ ਸਜ਼ਾ ਤੂੰ ਮੇਰੀ ਧੀ ਤੇ ਉਸਦੀ ਬੱਚੀ ਨੂੰ ਨਾ ਦੇਹ। ਉਹਨਾਂ ਨੂੰ ਆਪਣੇ ਘਰ ਲੈ ਆ, ਮੇਰੇ ਨਾਲ ਭਾਵੇਂ ਤੂੰ ਸਾਰੀ ਉਮਰ ਨਾ ਬੋਲੀਂ।" ਮੁਖਤਿਆਰ ਸਿੰਘ ਨੇ ਇਸ ਗੱਲ ਦੀ ਕੋਈ ਪਰਵਾਹ ਨਾ ਕੀਤੀ, ਉਲਟਾ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਤੇ ਜੇ ਮੈਂ ਉਹਨੂੰ ਨਾ ਲੈ ਕੇ ਆਇਆ, ਫੇਰ ਕੀ ਤੂੰ ਮੇਰੀ ਲੱਤ ਭੰਨ ਲਏਂਗਾ।" ਸਾਰੇ ਸੱਜਣ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਇਹ ਬੰਦਾ ਹੈ ਕਿ ਹੈਵਾਨ, ਕੋਈ ਸ਼ਰਮ ਨਹੀਂ। ਰਾਮ ਲਾਲ ਨੇ ਪੱਗ ਚੁੱਕ ਕੇ ਅਮਰ ਸਿੰਘ ਦੇ ਸਿਰ 'ਤੇ ਧਰ ਦਿੱਤੀ ਤੇ ਕਹਿਣ ਲੱਗਾ, "ਅਮਰ ਸਿਆਂ, ਇਹ ਗੁੱਸੇ ਨਾਲ ਭਰਿਆ ਪਿਆ ਹੈ। ਐਨੇ ਜਣਿਆਂ ਦੀ ਬੇਜ਼ਤੀ ਕਰ ਦਿੱਤੀ ਹੈ, ਕਿਸੇ ਦਾ ਵੀ ਮਾਣ ਨਹੀਂ ਰੱਖਿਆ। ਇਹਨੂੰ ਤਾਂ ਰੱਬ ਦਾ ਵੀ ਡਰ ਨਹੀਂ, ਇਹਦੇ ਪੈਰਾਂ ਵਿਚ ਆਪਣੀ ਇੱਜ਼ਤ ਨਾ ਰੋਲ। ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਇਹ ਰਿਸ਼ਤਾ ਮੈਂ ਵਿਚ ਪੈ ਕੇ ਕਰਵਾਇਆ ਸੀ।" ਉਹ ਸਾਰੇ ਬਿਨਾਂ ਕੁਛ ਖਾਧੇ-ਪੀਤੇ ਮੁਖਤਿਆਰ ਸਿੰਘ ਨੂੰ ਲਾਹਨਤਾਂ ਪਾਉਂਦੇ ਉਥੋਂ ਤੁਰ ਪਏ। **ਅਮਰ ਸਿੰਘ ਦੀਆਂ ਅੱਖਾਂ ਵਿਚ ਬੇਬਸੀ ਤੇ ਗੁੱਸੇ ਦੇ ਹੰਝੂ ਸਨ।** ਉਸਨੇ ਇਕ ਵਾਰ ਰੋਂਦੀਆਂ ਅੱਖਾਂ ਨਾਲ ਮੁਖਤਿਆਰ ਸਿੰਘ ਵੱਲ ਤੱਕਿਆ ਤੇ ਮੂੰਹੋਂ ਕੁਛ ਨਾ ਬੋਲਿਆ। ਪੱਗ ਨੂੰ ਸੰਵਾਰਦਾ ਹੋਇਆ ਚੁੱਪ-ਚਾਪ ਤੁਰ ਪਿਆ। ਅੱਜ ਕਿਸੇ ਨੇ ਜੱਟ ਦੀ ਅਣਖ ਨੂੰ ਵੰਗਾਰਿਆ ਸੀ।

ਅਮਰ ਸਿੰਘ ਜਦ ਉਦਾਸ, ਢਿੱਠੀ ਪੱਗ ਨਾਲ ਪਿੰਡ ਪਹੁੰਚਿਆ ਤਾਂ ਦੋਵੇਂ ਮਾਵਾਂ-ਧੀਆਂ ਰੋਣ ਲੱਗ ਪਈਆਂ। ਕਿਸੇ ਨੂੰ ਵੀ ਕੁਛ ਕਹਿਣ ਸੁਣਨ ਦੀ ਲੋੜ ਨਾ ਪਈ। ਮੌਕੇ ਦੇ ਮਾਹੌਲ ਤੋਂ ਸਭ ਨੂੰ ਆਪੋ-ਆਪਣੇ ਸਵਾਲਾਂ ਦਾ ਜਵਾਬ ਮਿਲ ਗਿਆ ਸੀ। ਰਾਮ ਲਾਲ ਵੀ ਵਾਪਿਸ ਸ਼ਹਿਰ ਨੂੰ ਮੁੜ ਗਿਆ। ਅਮਰ ਸਿੰਘ ਕਈ ਦਿਨ ਚੁੱਪ ਰਿਹਾ, ਕਿਸੇ ਨਾਲ ਬਾਹਲੀ ਗੱਲ ਨਾ ਕੀਤੀ। ਉਸਨੂੰ ਸੁਪਨੇ ਵਿਚ ਵੀ ਹਮੇਸ਼ਾ ਆਪਣੀ ਪੱਗ ਮੁਖਤਿਆਰ ਸਿੰਘ ਦੇ ਪੈਰਾਂ 'ਚ ਪਈ ਦਿਸਦੀ। ਇਹ ਬੋਲ ਰਾਤ-ਦਿਨ ਉਹਦੇ ਕੰਨਾਂ ਵਿਚ ਗੂੰਜਦੇ ਰਹਿੰਦੇ "ਫੇਰ ਕੀ ਤੂੰ ਮੇਰੀ ਲੱਤ ਭੰਨ ਲਏਂਗਾ, ਫੇਰ ਕੀ ਤੂੰ......।"

ਇਕ ਦਿਨ ਜਦੋਂ ਅਮਰ ਸਿੰਘ ਬਾਹਰੋਂ ਖੇਤਾਂ 'ਚੋਂ ਘੁੰਮ ਕੇ ਆਇਆ, ਉਹਦੇ ਚਿਹਰੇ

ਦਾ ਜਲਾਲ ਵੱਖਰਾ ਸੀ। ਚਿਹਰੇ 'ਤੇ ਦ੍ਰਿੜਤਾ ਸੀ। ਆਪਣੇ ਲੜਕੇ ਨੂੰ ਕਹਿਣ ਲੱਗਾ, "ਕਾਕਾ, ਮੈਂ ਬੜੀ ਸੋਚ ਵਿਚਾਰ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਹੁਣ ਹੋਰ ਕੋਈ ਚਾਰਾ ਨਹੀਂ ਦਿੱਸਦਾ। ਇਹ ਨੂੰ ਤਾਂ ਹੁਣ ਸਬਕ ਸਿਖਾਉਣਾ ਹੀ ਪਊ। ਤੇਰਾ ਕੀ ਖਿਆਲ ਹੈ?" ਕਾਕਾ, ਜੋ ਗੁੱਡੀ ਤੋਂ ਸਿਰਫ਼ ਇਕ ਸਾਲ ਹੀ ਛੋਟਾ ਸੀ ਤੇ ਆਪ ਸੋਚਾਂ ਵਿਚ ਪਿਆ ਰਹਿੰਦਾ ਸੀ, ਕਹਿਣ ਲੱਗਾ "ਬਾਪੂ ਜੀ, ਮੈਂ ਤੁਹਾਡੇ ਨਾਲ ਪੂਰਾ ਰਜ਼ਾਮੰਦ ਹਾਂ ਤੇ ਜੇ ਕਹੋਂ ਤਾਂ ਮੈਂ ਇਸਦਾ ਬੰਦੋਬਸਤ ਕਰਾਂ।" "ਨਹੀਂ ਕਾਕਾ, ਤੂੰ ਹਾਲੇ ਨਿਆਣਾ ਹੈਂ। ਇਹ ਤੂੰ ਮੇਰੇ 'ਤੇ ਰਹਿਣ ਦੇਹ। ਤੂੰ ਜਾ ਕੇ ਪਾਲੇ ਨੂੰ ਸੱਦ ਕੇ ਲਿਆ।"

ਪਾਲਾ ਕਈ ਸਾਲਾਂ 'ਤੋਂ ਇਸ ਘਰ ਦਾ ਵਫ਼ਾਦਾਰ ਨੌਕਰ ਸੀ। ਪਹਿਲਾਂ ਜਦੋਂ ਉਹ ਛੋਟਾ ਸੀ, ਮੱਝਾਂ ਚਾਰਦਾ ਰਿਹਾ ਤੇ ਫੇਰ ਜਦ ਵੱਡਾ ਹੋਇਆ ਤਾਂ ਇਹਨਾਂ ਦੇ ਹੀ ਸੀਰੀ ਲੱਗ ਗਿਆ। ਇਹ ਸਰਦਾਰ ਅਮਰ ਸਿੰਘ ਦਾ ਹੀ ਹਾਣੀ ਸੀ। ਕਾਕੇ ਨੇ ਜਦ ਕਿਹਾ "ਚਾਚਾ, ਤੈਨੂੰ ਬਾਪੂ ਜੀ ਨੇ ਸੱਦਿਆ ਹੈ" ਉਹ ਰੋਟੀ ਖਾਂਦਾ ਵਿਚੋਂ ਹੀ ਉਠ ਕੇ ਆ ਗਿਆ ਤਾਂ ਕਹਿਣ ਲੱਗਾ, "ਭਾਈ ਸਾਹਿਬ, ਕਿੱਦਾਂ ਯਾਦ ਕੀਤਾ, ਕੀ ਹੁਕਮ ਹੈ?" ਅਮਰ ਸਿੰਘ ਨੇ ਪਾਲੇ ਨੂੰ ਆਪਣੇ ਕੋਲ ਮੰਜੇ ਤੇ ਬਿਠਾ ਲਿਆ ਤੇ ਪੁੱਛਣ ਲੱਗਾ, "ਅੱਜ ਕੱਲ 'ਕਾਲਾ' ਕਿਥੇ ਹੈ?" ਪਾਲਾ ਇਕ ਦਮ ਘਬਰਾ ਗਿਆ ਤੇ ਕਹਿਣ ਲੱਗਾ, "ਭਾਈ ਸਾਹਿਬ, ਕੀ ਉਹ ਫਿਰ ਕੋਈ ਗਲਤੀ ਕਰ ਬੈਠਾ ਹੈ? ਪਿਛਲੇ ਸਾਲ ਜਦ ਉਹ ਜੇਲ੍ਹ 'ਚੋਂ ਛੁੱਟ ਕੇ ਆਇਆ ਸੀ ਤਾਂ ਮੈਂ ਤੁਹਾਡੇ ਕਹਿਣ ਮੁਤਾਬਕ ਉਹਨੂੰ ਪਿੰਡ ਆਉਣ ਤੋਂ ਮਨ੍ਹਾ ਕਰ ਦਿੱਤਾ ਸੀ ਤੇ ਉਸ ਤੋਂ ਬਾਅਦ ਉਹ ਕਦੇ ਵੀ ਪਿੰਡ ਨਹੀਂ ਆਇਆ।"

"ਨਹੀਂ ਪਾਲਿਆ, ਉਸ ਗਲਤੀ ਕੋਈ ਨਹੀਂ ਕੀਤੀ। ਮੈਂ ਮਿਲਣਾ ਚਾਹੁੰਦਾ ਹਾਂ. ਮੈਨੂੰ ਉਹਦੇ ਤਾਈਂ ਕੋਈ ਕੰਮ ਹੈ।"

"ਕੰਮ, ਤੁਹਾਨੂੰ ਤੇ ਉਹਦੇ ਤਾਈਂ? ਇਹੋ ਜਿਹਾ ਕਿਹੜਾ ਕੰਮ ਹੈ ਜੋ ਮੈਂ ਨਹੀਂ ਕਰ ਸਕਦਾ?"

"ਮੈਂ ਉਹਨੂੰ ਹੀ ਦੱਸੂੰਗਾ ਕਿ ਕੀ ਕੰਮ ਹੈ, ਉਹ ਤੇਰੇ ਕਰਨ ਵਾਲਾ ਨਹੀਂ।"

"ਚੰਗਾ ਜੀ, ਮੈਂ ਪਤਾ ਕਰਕੇ ਲੈ ਆਵਾਂਗਾ ਕੁਛ ਦਿਨਾਂ ਵਿਚ। ਉਹਦਾ ਕੋਈ ਖਾਸ ਥਾਂ ਟਿਕਾਣਾ ਤਾਂ ਨਹੀਂ। ਲਾਗਲੇ ਪਿੰਡ ਦਾ ਮਹਿੰਗਾ, ਝੀਰਾਂ ਦਾ ਮੁੰਡਾ, ਉਹਦਾ ਯਾਰ ਹੈ। ਜਦੋਂ ਵੀ ਉਹਦੀ ਬੇਬੇ ਉਦਾਸ ਹੁੰਦੀ ਹੈ, ਉਥੇ ਜਾ ਕੇ ਮਿਲ ਆਈਦਾ ਹੈ। ਸਰਦਾਰਾ, ਤੈਨੂੰ ਪਤਾ ਹੈ ਕਿ ਮੇਰਾ ਪੁੱਤ ਮਾੜਾ ਹੈ ਪਰ ਆਪਣਾ ਲਹੂ ਨਹੀਂ ਛੱਡ ਹੁੰਦਾ।"

'ਕਾਲਾ' ਇਲਾਕੇ ਦਾ ਦਸ-ਨੰਬਰੀਆ ਗਿਣਿਆ ਜਾਂਦਾ ਸੀ। ਇਲਾਕੇ ਵਿਚ ਜਦ ਵੀ ਕਿਤੇ ਕੋਈ ਚੋਰੀ ਜਾਂ ਡਾਕਾ ਪੈਂਦਾ, ਪੁਲਿਸ ਵਾਲੇ ਝੱਟ ਪਾਲੇ ਦੇ ਘਰ ਨੂੰ ਆ ਘੇਰਦੇ ਸਨ। ਅਮਰ ਸਿੰਘ ਨੇ ਪਿਛਲੇ ਸਾਲ ਪਾਲੇ ਨੂੰ ਕਹਿ ਦਿੱਤਾ ਸੀ ਕਿ ਕਾਲੇ ਨੂੰ ਮੁੜ ਪਿੰਡ ਵਿਚ ਆਉਣ ਤੋਂ ਵਰਜ ਦੇਹ ਜੇ ਉਸ ਨੇ ਇਹ ਕੰਮ ਨਹੀਂ ਛੱਡਣੇ ਤਾਂ। ਤੇ ਪੁਲਿਸ ਵਾਲਿਆਂ ਨੂੰ ਇਹ ਯਕੀਨ ਦੁਆ ਦਿੱਤਾ ਕਿ ਉਹ ਪਿੰਡ ਕਦੀ ਨਹੀਂ ਆਏਗਾ, ਇਸ ਕਰਕੇ ਉਹਨਾਂ



ਨੂੰ ਆਉਣ ਦੀ ਲੋੜ ਨਹੀਂ। ਉਹਦੀ ਬਦਮਾਸ਼ੀ ਦੀ ਇਲਾਕੇ ਵਿਚ ਧਾਂਕ ਸੀ। ਵੱਡੇ-ਵੱਡੇ ਬਦਮਾਸ਼ ਉਹਦਾ ਨਾਂ ਸੁਣ ਕੇ ਭੱਜ ਤੁਰਦੇ ਸਨ।

ਆਖਿਰ ਕੁਝ ਦਿਨਾਂ ਬਾਅਦ ਪਾਲਾ ਕਾਲੇ ਨੂੰ ਲੈ ਆਇਆ। ਅਮਰ ਸਿੰਘ ਚੁੱਪ-ਚਾਪ ਬੈਠਾ ਸੀ, ਕਾਲੇ ਨੇ ਆ ਕੇ ਸਤਿ ਸ੍ਰੀ ਆਕਾਲ ਬੁਲਾਈ, ਪੈਰੀਂ ਹੱਥ ਲਾਇਆ ਤੇ ਭੁੰਜੇ ਬਹਿ ਗਿਆ।

ਅਮਰ ਸਿੰਘ ਕਹਿਣ ਲੱਗਾ, "ਕਾਕਾ, ਮੰਜੇ 'ਤੇ ਬਹਿ ਜਾ, ਕੋਈ ਗੱਲ ਨਹੀਂ।" ਕਾਲਾ ਮੰਜੇ ਤੇ ਬਹਿੰਦਾ ਹੋਇਆ ਕਹਿਣ ਲੱਗਾ, "ਬਾਪੂ ਜੀ, ਤੁਸੀਂ ਕਿਵੇਂ ਯਾਦ ਕੀਤਾ ਅੱਜ ਇਸ ਨਾਚੀਜ਼ ਨੂੰ। ਤੁਹਾਨੂੰ ਮੇਰੇ ਤਾਈਂ ਕੀ ਕੰਮ ਹੋ ਸਕਦਾ ਹੈ, ਤੁਹਾਡੀ ਪਹੁੰਚ ਤਾਂ ਸਰਕਾਰੇ-ਦਰਬਾਰੇ ਹੈ।" ਅਮਰ ਸਿੰਘ ਨੇ ਝੱਟ ਉਹਨੂੰ ਸਿੱਧਾ ਸਵਾਲ ਕੀਤਾ, "ਇਕ ਬੰਦੇ ਦੀ ਲੱਤ ਭੰਨਣ ਦੇ ਕਿੰਨੇ ਪੈਸੇ ਲੈਂਦਾ ਹੈਂ ਤੂੰ?" ਕਾਲਾ ਹੈਰਾਨ ਹੋ ਕੇ ਕਹਿਣ ਲੱਗਾ, "ਬਾਪੂ ਜੀ, ਕਿਉਂ ਮਖੌਲ ਕਰਦੇ ਹੋ। ਇਹ ਤਾਂ ਤੁਹਾਡੇ ਅਸੂਲਾਂ ਦੇ ਬਿਲਕੁਲ ਉਲਟ ਹੈ। ਤੁਸੀਂ ਤਾਂ ਕਦੇ ਕੀੜੀ ਵੀ ਨਹੀਂ ਮਾਰੀ, ਕਿਹਦੀ ਲੱਤ ਭੰਨਣ ਦੀ ਸੋਚ ਰਹੇ ਹੋ?" ਅਮਰ ਸਿੰਘ ਕਹਿਣ ਲੱਗਾ, "ਹਾਂ ! ਕਾਲਿਆ, ਗੱਲ ਤਾਂ ਤੇਰੀ ਠੀਕ ਹੈ। ਇਹ ਮੈਨੂੰ ਖੁਦ ਵੀ ਸਮਝ ਨਹੀਂ ਆ ਰਿਹਾ ਕਿ ਮੈਨੂੰ ਕੀ ਹੋ ਗਿਆ ਹੈ? ਸ਼ਾਇਦ ਮੇਰੀਆਂ ਰਗਾਂ ਵਿਚ ਜੱਟ ਦਾ ਖ਼ੂਨ ਹੋਣ ਕਰਕੇ ਉਬਾਲਾ ਖਾ ਗਿਆ ਹੈ। ਇਹ ਵੀ ਠੀਕ ਹੈ ਕਿ ਮੈਂ ਕਦੀ ਡਾਂਗ ਨਹੀਂ ਚਲਾਈ ਪਰ ਇਹ ਕੰਮ ਕਰਨਾ ਜ਼ਰੂਰ ਹੈ। ਜੇ ਤੂੰ ਕਰ ਸਕਦਾ ਹੈਂ ਤਾਂ ਠੀਕ ਐ, ਨਹੀਂ ਤਾਂ ਮੈਂ ਕਿਸੇ ਹੋਰ ਨੂੰ ਭਾਲ ਲਵਾਂਗਾ। ਏਸ ਕੰਮ ਦਾ ਤੈਨੂੰ ਮੂੰਹ-ਮੰਗਿਆ ਇਨਾਮ ਦਊਂਗਾ ਤੇ ਪੁਲਿਸ ਵੀ ਤੈਨੂੰ ਬਿਲਕੁਲ ਹੱਥ ਨਹੀਂ ਲਾਏਗੀ। ਇਹ ਮੇਰੀ ਜ਼ਿੰਮੇਵਾਰੀ ਰਹੀ।"

ਕਾਲੇ ਨੂੰ ਯਕੀਨ ਆ ਗਿਆ ਕਿ ਕੰਮ ਤਾਂ ਕੋਈ ਕੁੱਟ-ਮਾਰ ਦਾ ਹੀ ਹੈ। ਫੇਰ ਅਮਰ ਸਿੰਘ ਨੇ ਸਾਰੀ ਕਹਾਣੀ ਸੁਣਾ ਦਿੱਤੀ ਤੇ ਸਮਝਾਇਆ ਕਿ ਮਾਰਨਾ ਨਹੀਂ, ਉਸਦੀਆਂ ਸਿਰਫ਼ ਲੱਤਾਂ ਹੀ ਭੰਨਣੀਆਂ ਹਨ ਤੇ ਉਹ ਵੀ ਦਿਨ ਦਿਹਾੜੇ। ਕੀ ਤੂੰ ਕਰ ਸਕੇਂਗਾ ਇਹ ਕੰਮ?

ਕਾਲੇ ਨੇ ਜਦ ਅਮਰ ਸਿੰਘ ਦੇ ਚਿਹਰੇ ਵੱਲ ਦੇਖਿਆ ਤਾਂ ਉਸ ਦੀਆਂ ਅੱਖਾਂ ਲਾਲ ਅੰਗਾਰਿਆਂ ਵਾਂਗ ਭਖ ਰਹੀਆਂ ਸਨ। ਉਹ ਇਥੇ ਹੀ ਜੰਮਿਆ ਪਲਿਆ ਸੀ ਪਰ ਉਸਨੇ ਸਰਦਾਰ ਦਾ ਇਹ ਰੂਪ ਕਦੀ ਨਹੀਂ ਸੀ ਦੇਖਿਆ। ਕਹਿਣ ਲੱਗਾ "ਬਾਪੂ ਜੀ, ਕੰਮ ਹੋ ਗਿਆ ਸਮਝੋ। ਬੱਸ ਤੁਸੀਂ ਮੌਕਾ ਭਾਲ ਲਓ, ਫਿਰ ਮੈਂ ਜਾਣਾਂ ਤਾਂ ਮੁਖਤਿਆਰ ਸਿੰਘ। ਬਾਕੀ ਰਹੀ ਪੈਸਿਆਂ ਦੀ ਗੱਲ, ਤੁਸੀਂ ਇਹ ਕਹਿ ਕੇ ਮੈਨੂੰ ਸ਼ਰਮਿੰਦਾ ਨਾ ਕਰੋ। ਮੇਰੀਆਂ ਰਗਾਂ ਵਿਚ ਵੀ ਇਸੇ ਘਰ ਦਾ ਲੂਣ ਹੈ, ਮੈਂ ਗੁੱਡੀ ਨੂੰ ਹਮੇਸ਼ਾ ਆਪਣੀ ਵੱਡੀ ਭੈਣ ਸਮਝਿਆ ਹੈ ਤੇ ਕਾਕੇ ਨੂੰ ਭਰਾ। ਬੀਬੀ ਜੀ ਨੇ ਕਦੇ ਵੀ ਮੇਰੀ ਤੇ ਕਾਕੇ ਦੀ ਖੁਰਾਕ ਵਿਚ ਫਰਕ ਨਹੀਂ ਸੀ ਰੱਖਿਆ। ਗੁੱਡੀ ਵੀ ਬਚਪਨ ਵਿਚ ਕਾਕੇ ਦੇ ਬਰਾਬਰ ਹੀ ਮੇਰੇ ਗੁੱਟ ਤੇ ਰੱਖੜੀ ਬੰਨ੍ਹਦੀ ਰਹੀ ਹੈ। ਕਾਕਾ ਉਹਨੂੰ ਪੈਸੇ ਦਿੰਦਾ ਹੁੰਦਾ ਸੀ ਤੇ ਮੇਰੀ ਗਰੀਬੀ ਕਰਕੇ ਉਹ

ਮੇਰੇ ਤੋਂ ਪੈਸੇ ਨਹੀਂ ਸੀ ਲੈਂਦੀ ਤੇ ਹਮੇਸ਼ਾ ਕਹਿੰਦੀ ਕਿ ਜਦੋਂ ਵੱਡਾ ਹੋ ਕੇ ਕਮਾਈ ਕਰੇਂਗਾ, ਦੇ ਦੇਵੀਂ।"

"ਬਾਪੂ ਜੀ, ਪੈਸੇ ਲੈ ਕੇ ਤਾਂ ਹੁਣ ਤੱਕ ਬਹੁਤ ਕੁੱਟ ਮਾਰ ਕੀਤੀ ਹੈ। ਉਹ ਤਾਂ ਭਾੜੇ ਦੀ ਲੜਾਈ ਸੀ, ਇਹ ਮੇਰੀ ਆਪਣੀ ਲੜਾਈ ਹੋਏਗੀ। ਗੁੱਡੀ ਭੈਣ ਦੀ ਰੱਖੜੀ ਦਾ ਕਰਜ਼ਾ ਹਾਲੇ ਮੇਰੇ ਸਿਰ ਹੈ, ਜੋ ਕਮਾਈ ਮੈਂ ਕੀਤੀ ਵੀ, ਉਹਨੂੰ ਦੇਣ ਵਾਲੀ ਨਹੀਂ ਸੀ। ਉਹਦੇ ਵਿਆਹ 'ਤੇ ਵੀ ਮੈਂ ਕੁਛ ਨਾ ਕਰ ਸਕਿਆ। ਜਦੋਂ ਵੀ ਮੈਂ ਹੋਸ਼ ਸੰਭਾਲੀ ਹੈ, ਬਹੁਤਾ ਵਕਤ ਤਾਂ ਜੇਲ੍ਹ ਵਿਚ ਹੀ ਕੱਟਿਆ ਹੈ ਤੇ ਜੇ ਹੁਣ ਭੈਣ ਦੀ ਇੱਜ਼ਤ ਖਾਤਰ ਅੱਠ-ਦਸ ਸਾਲ ਜੇਲ੍ਹ ਹੋ ਵੀ ਗਈ ਤਾਂ ਇਸਨੂੰ ਆਪਣੀ ਖੁਸ਼ਕਿਸਮਤੀ ਹੀ ਸਮਝੂੰਗਾ।"

ਸਭ ਤਿਆਰੀਆਂ ਹੋ ਗਈਆਂ। ਕਾਲੇ ਨੂੰ ਇਕ ਹੋਰ ਸਾਥੀ ਦੀ ਜ਼ਰੂਰਤ ਸੀ ਜੋ ਇਹਦੇ ਨਾਲ ਖੜ੍ਹ ਸਕੇ। ਉਹਨੇ ਮਹਿੰਗੇ ਨਾਲ ਗੱਲਬਾਤ ਕੀਤੀ ਕਿਉਂਕਿ ਉਹ ਪਹਿਲਾ ਕਈ ਵਾਰੀ ਮੱਦਦ ਕਰ ਚੁੱਕਾ ਸੀ। ਉਹ ਮਹਿੰਗੇ ਨੂੰ ਕਹਿਣ ਲਗਾ, "ਮਹਿੰਗਿਆ, ਇਹ ਕੰਮ ਕਰਨਾ ਹੈ, ਦੱਸ ਕਿੰਨੇ ਪੈਸੇ ਲਵੇਂਗਾ।" ਮਹਿੰਗਾ ਕਹਿਣ ਲੱਗਾ, "ਜੇ ਤੂੰ ਪੈਸੇ ਨਹੀਂ ਲੈਣੇ ਤਾਂ ਮੈਂ ਕਿੱਦਾਂ ਲੈ ਸਕਦਾ ਹਾਂ। ਹੁਣ ਤੱਕ ਤਾਂ ਆਪਾਂ ਪੈਸਿਆਂ ਦੇ ਲਾਲਚ ਵਿਚ ਬਥੇਰੇ ਪਾਪ ਕੀਤੇ ਹਨ, ਸ਼ਾਇਦ ਇਹ ਪੁੰਨ ਦਾ ਕੰਮ ਕਰਕੇ ਸਾਰੇ ਪਾਪ ਧੋਤੇ ਜਾਣ। ਮੈਂ ਤਾਂ ਉਸ ਵਿਚਾਰੀ ਨੂੰ ਨਹੀਂ ਜਾਣਦਾ ਪਰ ਜੇ ਤੂੰ ਉਸ ਨੂੰ ਭੈਣ ਕਹਿੰਦਾ ਏਂ ਤਾਂ ਦੋਸਤੀ ਦੇ ਨਾਤੇ ਉਹ ਮੇਰੀ ਵੀ ਭੈਣ ਹੀ ਲੱਗੀ। ਮੈਂ ਇੰਨਾ ਗਿਰਿਆ ਹੋਇਆ ਤਾਂ ਨਹੀਂ ਕਿ ਭੈਣ ਦਾ ਕੰਮ ਕਰਕੇ ਪੈਸਿਆਂ ਦੀ ਆਸ ਰੱਖਾਂ।" ਉੱਧਰ ਅਮਰ ਸਿੰਘ ਨੇ ਪੁਲਿਸ ਵਾਲਿਆਂ ਨਾਲ ਗੱਠਜੋੜ ਕਰ ਲਈ। ਪੁਲਿਸ ਵਾਲਿਆਂ ਨੇ ਕਿਹਾ ਕਿ ਵਾਰਦਾਤ ਕਰਨ ਤੋਂ ਬਾਅਦ ਸਿੱਧਾ ਹੀ ਉਹਨਾਂ ਨੂੰ ਸਾਡੇ ਕੋਲ ਲੈ ਆਵੀਂ, ਅਸੀਂ ਉਹਨਾਂ ਨੂੰ ਪਹਿਲਾਂ ਤੋਂ ਹੀ ਕਿਸੇ ਹੋਰ ਕੇਸ ਵਿਚ ਨਜ਼ਰਬੰਦ ਦਿਖਾ ਦਿਆਂਗੇ।

ਆਖਿਰ ਉਹ ਵੇਲਾ ਆ ਗਿਆ, ਜਿਸ ਦਾ ਸਭ ਨੂੰ ਇੰਤਜ਼ਾਰ ਸੀ। ਮੁਖਤਿਆਰ ਸਿੰਘ ਮੰਡੀ ਕਪਾਹ ਦੀ ਟਰਾਲੀ ਲੈ ਕੇ ਆਇਆ ਸੀ। ਕਾਕੇ ਨੇ ਉਹਨੂੰ ਸ਼ਹਿਰ ਫਿਰਦਾ ਦੇਖ ਲਿਆ ਤੇ ਆ ਕੇ ਬਾਪੂ ਨੂੰ ਦੱਸ ਦਿੱਤਾ। ਅਮਰ ਸਿੰਘ ਤੇ ਕਾਕਾ ਕਾਲੇ ਤੇ ਮਹਿੰਗੇ ਨੂੰ ਕਾਰ ਵਿਚ ਲੈ ਕੇ ਸ਼ਹਿਰ ਵੱਲ ਨੂੰ ਤੁਰ ਪਏ। ਸ਼ਹਿਰ ਦੇ ਬਾਹਰ ਹੀ ਪੁੱਲ ਤੇ ਉਸ ਨੂੰ ਉਡੀਕਣ ਲੱਗ ਪਏ। ਸ਼ਾਮ ਦਾ ਵੇਲਾ ਸੀ, ਜੱਟ ਘਰਾਂ ਨੂੰ ਵਾਪਿਸ ਮੁੜ ਰਹੇ ਸੀ। ਮੁਖਤਿਆਰ ਸਿੰਘ ਦਾ ਟਰੈਕਟਰ ਵੀ ਆ ਗਿਆ। ਉਹਦਾ ਵੱਡਾ ਮੁੰਡਾ ਟਰੈਕਟਰ ਚਲਾ ਰਿਹਾ ਸੀ ਤੇ ਮੁਖਤਿਆਰ ਸਿੰਘ ਗਲ ਵਿਚ ਦੁਨਾਲੀ ਪਾਈ ਉਸਦੇ ਨਾਲ ਇਕ ਪਾਸੇ ਬੈਠਾ ਸੀ। ਜਦੋਂ ਟਰੈਕਟਰ ਪੁਲੀ ਤੇ ਪਹੁੰਚਿਆ, ਕਾਲਾ ਤੇ ਮਹਿੰਗਾ ਟਰੈਕਟਰ ਦੇ ਮੂਹਰੇ ਆ ਕੇ ਖੜ੍ਹੇ ਹੋ ਗਏ ਤੇ ਰੁਕਣ ਲਈ ਹੱਥ ਦਿੱਤਾ। ਮੁੰਡੇ ਨੇ ਟਰੈਕਟਰ ਰੋਕ ਲਿਆ ਕਿ ਸ਼ਾਇਦ ਕੋਈ ਪਿੰਡਾਂ ਵੱਲ ਨੂੰ ਜਾਣ ਵਾਲਾ ਹੋਵੇ। ਮੁਖਤਿਆਰ ਸਿੰਘ ਨੇ ਜ਼ੋਰ ਨਾਲ ਕਿਹਾ, "ਸਾਲਿਓ ਦਿੱਸਦਾ ਨਹੀਂ, ਅੰਨ੍ਹੇ ਹੋ, ਮਰਨਾ ਹੈ ਮੇਰੇ ਟਰੈਕਟਰ ਥੱਲੇ ਆ ਕੇ। ਪਾਸੇ ਹੋ



ਜਾਓ, ਨਹੀਂ ਤਾਂ ਗੋਲੀ ਮਾਰ ਦਊਂਗਾ।" ਇਹ ਕਹਿ ਕੇ ਬੰਦੂਕ ਨੂੰ ਹੱਥ ਪਾਉਣ ਲੱਗਾ। ਕਾਲੇ ਨੇ ਝੱਟ ਬੰਦੂਕ ਖਿੱਚ ਲਈ ਤੇ ਨਾਲ ਹੀ ਉਹਨੂੰ ਥੱਲੇ ਸਿੱਟ ਲਿਆ। ਉਹਦਾ ਲੜਕਾ ਵੀ ਟਰੈਕਟਰ ਤੋਂ ਥੱਲੇ ਉੱਤਰ ਆਇਆ। ਬੱਸ ਫੇਰ ਕੀ ਸੀ, ਮਹਿੰਗਾ ਉਹਦੇ ਦਵਾਲੇ ਹੋ ਗਿਆ। ਆਉਂਦੇ ਦੇ ਸਿਰ ਵਿਚ ਡਾਂਗ ਮਾਰੀ ਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਫਿਰ ਮਹਿੰਗਾ ਤੇ ਕਾਲਾ ਮੁਖਤਿਆਰ ਸਿੰਘ ਦੀਆਂ ਲੱਤਾਂ 'ਤੇ ਇੰਝ ਡਾਂਗਾਂ ਵਰ੍ਹਾਉਣ ਲੱਗ ਪਏ ਜਿਵੇਂ ਕੋਈ ਜੱਟ ਮੱਕੀ ਕੁੱਟਦਾ ਹੁੰਦਾ ਹੈ। ਮੁਖਤਿਆਰ ਸਿੰਘ ਰੌਲਾ ਪਾ ਰਿਹਾ ਸੀ, "ਬਚਾਓ, ਮਾਰ 'ਤਾ, ਲੋਕੋ ਦੁਹਾਈ ਹੈ ਰੱਬ ਦੇ ਵਾਸਤੇ ਮੈਨੂੰ ਬਚਾ ਲਓ' ਕਦੇ ਇਹਨਾਂ ਅੱਗੇ ਤਰਲੇ ਪਾਉਂਦਾ, "ਤੁਸੀਂ ਸਾਰੇ ਪੈਸੇ ਲੈ ਲਓ ਤੇ ਟਰੈਕਟਰ ਵੀ ਲੈ ਜਾਓ ਪਰ ਮੈਨੂੰ ਛੱਡ ਦਿਓ। ਤੁਹਾਡੀ ਮੇਰੇ ਨਾਲ ਕੀ ਦੁਸ਼ਮਣੀ ਹੈ?" ਇਕ ਦੋ ਗੱਡੇ ਪਿਛੇ ਆ ਕੇ ਰੁੱਕੇ, ਉਹ ਲੋਕ ਵੀ ਕੁੱਟ-ਮਾਰ ਪੈਂਦੀ ਦੇਖ ਕੇ ਕੁਛ ਖੜ੍ਹੇ ਦੇਖਦੇ ਰਹੇ ਤੇ ਕੁਛ ਸ਼ਹਿਰ ਨੂੰ ਵਾਪਿਸ ਭੱਜ ਗਏ ਪਰ ਕਿਸੇ ਨੇ ਵੀ ਛੁਡਾਉਣ ਦੀ ਕੋਸ਼ਿਸ਼ ਨਾ ਕੀਤੀ ਕਿਉਂਕਿ ਅਮਰ ਸਿੰਘ ਤੇ ਕਾਕਾ ਦੋਨੋਂ ਪਾਸੇ ਬੰਦੂਕਾਂ ਲੈ ਕੇ ਖੜ੍ਹੇ ਸਨ। ਆਖਿਰ ਜਦ ਮੁਖਤਿਆਰ ਸਿੰਘ ਲਹੂ-ਲੁਹਾਨ ਹੋ ਕੇ ਬੇਹੋਸ਼ ਹੋਣ ਲੱਗਾ ਤਾਂ ਅਮਰ ਸਿੰਘ ਉਸਦੇ ਸਾਹਮਣੇ ਆ ਗਿਆ। ਹੁਣ ਸਾਰੀ ਗੱਲ ਮੁਖਤਿਆਰ ਸਿੰਘ ਦੀ ਸਮਝ ਵਿਚ ਆ ਗਈ। ਕਾਲੇ ਤੋਂ ਡਾਂਗ ਫੜ ਕੇ ਅਮਰ ਸਿੰਘ ਨੇ ਉਹਦੀਆਂ ਲੱਤਾਂ 'ਤੇ ਦੋ ਤਿੰਨ ਡਾਂਗਾਂ ਮਾਰ ਦਿੱਤੀਆਂ ਤੇ ਨਾਲੇ ਕਹਿਣ ਲੱਗਾ, "ਕਿਉਂ ਸਰਦਾਰਾ, ਤੇਰੇ ਇਹਨਾਂ ਪੈਰਾਂ 'ਤੇ ਜੱਟ ਨੇ ਆਪਣੀ ਪੱਗ ਰੱਖੀ ਸੀ ਪਰ ਤੂੰ ਪਰਵਾਹ ਨਹੀਂ ਸੀ ਕੀਤੀ। ਜੱਟਾ, ਮੈਂ ਤਾਂ ਤੇਰੇ ਬੋਲ ਪੁਗਾਏ ਹਨ ਤੇਰੀਆਂ ਲੱਤਾਂ ਭੰਨ ਕੇ। ਮੈਨੂੰ ਤੇਰੇ ਪੁੱਤ ਨਾਲ ਕੋਈ ਗਿਲਾ ਨਹੀਂ ਸੀ, ਇਸ ਗੱਲ ਦਾ ਅਫਸੋਸ ਹੈ ਕਿ ਆਟੇ ਨਾਲ ਘੁਣ ਵੀ ਪੀਸਿਆ ਗਿਆ।" ਐਨਾ ਕਹਿੰਦਾ ਹੋਇਆ ਉਹ ਕਾਲੇ ਤੇ ਮਹਿੰਗੇ ਨੂੰ ਕਾਰ ਵਿਚ ਬਿਠਾ ਕੇ ਸਿੱਧਾ ਠਾਣੇ ਲੈ ਗਿਆ ਤੇ ਠਾਣੇਦਾਰ ਨੇ ਪਹਿਲਾਂ ਮਿੱਥੇ ਪ੍ਰੋਗਰਾਮ ਅਨੁਸਾਰ ਦੁਪਹਿਰ ਦਾ ਸਮਾਂ ਪਾ ਕੇ ਉਹਨਾਂ ਨੂੰ ਠਾਣੇ ਵਿਚ ਬੰਦ ਕਰ ਦਿੱਤਾ। ਦੂਸਰੇ ਦਿਨ ਅਮਰ ਸਿੰਘ ਤੇ ਰਾਮ ਲਾਲ ਉਹਨਾਂ ਨੂੰ ਜ਼ਮਾਨਤ 'ਤੇ ਲੈ ਆਏ।

ਸਾਰੇ ਇਲਾਕੇ ਵਿਚ ਰੌਲਾ ਪੈ ਗਿਆ ਕਿ ਮੁਖਤਿਆਰ ਸਿੰਘ ਨੂੰ ਕਿਸੇ ਨੇ ਲੁੱਟ ਲਿਆ ਮੰਡੀ ਕਪਾਹ ਵੇਚ ਕੇ ਆਉਂਦੇ ਨੂੰ । ਓਧਰ ਮੁੱਖਤਿਆਰ ਸਿੰਘ ਤੇ ਉਸਦੇ ਲੜਕੇ ਨੂੰ ਕੋਈ ਚੁੱਕ ਕੇ ਹਸਪਤਾਲ ਲੈ ਗਿਆ। ਮੁੰਡਾ ਤਾਂ ਕੁਝ ਦਿਨਾਂ ਬਾਅਦ ਠੀਕ ਹੋ ਕੇ ਘਰ ਚਲਾ ਗਿਆ ਪਰ ਮੁੱਖਤਿਆਰ ਸਿੰਘ ਦੀ ਹਾਲਤ ਨਿਘਰਦੀ ਗਈ। ਦੋਨੋਂ ਲੱਤਾਂ ਕਾਫੀ ਸੁੱਜੀਆਂ ਪਈਆਂ ਸਨ। ਡਾਕਟਰਾਂ ਨੇ ਉਸ ਨੂੰ ਵੱਡੇ ਹਸਪਤਾਲ ਭੇਜ ਦਿੱਤਾ। ਉਥੇ ਉਸ ਦੀਆਂ ਲੱਤਾਂ ਗੋਡਿਆਂ ਤੋਂ ਉਪਰੋਂ ਕੱਟ ਦਿੱਤੀਆਂ ਗਈਆਂ। ਮੁਖਤਿਆਰ ਸਿੰਘ ਨੂੰ ਜਦੋਂ ਹੋਸ਼ ਆਈ ਤੇ ਲੱਤਾਂ ਨਾ ਦਿੱਸੀਆਂ। ਉਸਨੇ ਅੱਖਾਂ ਬੰਦ ਕਰ ਲਈਆਂ ਅਤੇ ਫਿਰ ਬੇਹੋਸ਼ ਹੋ ਗਿਆ ਤੇ ਕੁਝ ਹਫਤਿਆਂ ਬਾਅਦ ਤੜਫਦਾ ਹੋਇਆ ਮਰ ਗਿਆ।

ਪੁਲਿਸ ਵਾਲਿਆਂ ਨੇ ਸਾਰਾ ਕੇਸ ਕਿਸੇ ਹੋਰ ਦੇ ਸਿਰ ਪਾ ਦਿੱਤਾ। ਮੁਖਤਿਆਰ ਸਿੰਘ

ਦੇ ਮੁੰਡੇ ਨੇ ਮਹਿੰਗੇ ਤੇ ਕਾਲੇ ਦੀ ਸ਼ਨਾਖਤ ਤਾਂ ਕਰ ਦਿੱਤੀ ਪਰ ਪੁਲਿਸ ਮੁਤਾਬਕ ਉਹ ਵਾਰਦਾਤ ਦੇ ਵੇਲੇ ਹਵਾਲਾਤ ਵਿਚ ਬੰਦ ਸਨ। ਸਾਰੇ ਇਲਾਕੇ ਨੂੰ ਪਤਾ ਸੀ ਕਿ ਇਹ ਕੰਮ ਕਿਸ ਨੇ ਕਰਵਾਇਆ ਹੈ, ਕਈ ਮੌਕੇ ਦੇ ਗਵਾਹ ਵੀ ਸਨ ਜਿਹਨਾਂ ਨੇ ਸਰਦਾਰ ਅਮਰ ਸਿੰਘ ਨੂੰ ਵਾਰਦਾਤ ਵਾਲੀ ਜਗਾਹ 'ਤੇ ਦੇਖਿਆ ਸੀ। ਪਰ ਕਿਸੇ ਨੇ ਵੀ ਉਹਦੇ ਖ਼ਿਲਾਫ਼ ਗਵਾਹੀ ਨਹੀਂ ਦਿੱਤੀ। ਹਰ ਕੋਈ ਇਹ ਹੀ ਕਹਿੰਦਾ ਸੀ, "ਠੀਕ ਹੀ ਹੋਈ ਸਾਲੇ ਨਾਲ, ਬਹੁਤ ਭੂਤਰਿਆ ਹੋਇਆ ਸੀ। ਬੰਦੇ ਨੂੰ ਬੰਦਾ ਹੀ ਨਹੀਂ ਸੀ ਸਮਝਦਾ।"

ਕੇਸ ਦੇ ਖਤਮ ਹੋਣ ਤੋਂ ਕੁਝ ਦਿਨਾਂ ਬਾਅਦ ਹੀ ਦਵਿੰਦਰ ਦਾ ਖਤ ਰਜਿਸਟਰਡ ਡਾਕ ਰਾਹੀਂ ਗੁੱਡੀ ਨੂੰ ਮਿਲਿਆ ਜਿਸ ਵਿਚ ਉਸਨੇ ਲਿਖਿਆ ਸੀ ਕਿ "ਮੈਨੂੰ ਇਹ ਪਤਾ ਹੈ ਕਿ ਤੂੰ ਬੇਕਸੂਰ ਏਂ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੇ ਬਾਪ ਦਾ ਖੂਨ ਤੇਰੇ ਹੀ ਬਾਪ ਨੇ ਕਰਵਾਇਆ ਹੈ। ਇਹਨਾਂ ਦੋਨਾਂ ਨੇ ਆਪਣੀ ਜ਼ਿੱਦ ਪੂਰੀ ਕਰਨ ਲਈ ਤੇਰੇ ਤੇ ਮੇਰੇ ਪਿਆਰ ਦੀ ਬਲੀ ਦੇ ਦਿੱਤੀ। ਕਿਸੇ ਵੀ ਹਾਲਤ ਵਿਚ ਮੈਂ ਆਪਣੇ ਬਾਪ ਦੇ ਕਾਤਲ ਦੀ ਧੀ ਨੂੰ ਇਸ ਘਰ ਵਿਚ ਨਹੀਂ ਰੱਖ ਸਕਦਾ। ਮੈਂ ਤਲਾਕ ਦੇ ਕਾਗਜ਼ ਭੇਜ ਰਿਹਾ ਹਾਂ, ਇਹਨਾਂ ਤੇ ਦਸਤਖਤ ਕਰਕੇ ਭੇਜ ਦੇਹ ਤਾਂ ਕਿ ਦੁਬਾਰਾ ਫਿਰ ਆਪਾਂ ਦੋਵੇਂ ਵੱਖੋ-ਵੱਖ ਨਵੇਂ ਸਿਰਿਓਂ ਜੀਵਨ ਸ਼ੁਰੂ ਕਰ ਸਕੀਏ।" ਗੁੱਡੀ ਨੇ ਕਿਸੇ ਨਾਲ ਗੱਲ ਨਾ ਕੀਤੀ ਤੇ ਦਸਖਤ ਕਰਕੇ ਕਾਗਜ਼ ਆਪਣੇ ਬਾਪ ਨੂੰ ਫੜਾ ਦਿੱਤੇ ਜੋ ਡਾਕ ਰਾਹੀਂ ਉਸ ਨੂੰ ਵਾਪਿਸ ਭੇਜ ਦਿੱਤੇ ਗਏ।

ਅਮਰ ਸਿੰਘ ਨੇ ਆਪਣੇ ਕੁੜਮ ਦੇ ਬੋਲ ਪੁਗਾ ਦਿੱਤੇ ਤੇ ਕਾਨੂੰਨ ਤੋਂ ਵੀ ਬਚ ਹੋ ਗਿਆ ਪਰ ਜਦ ਵੀ ਉਹ ਗੁੱਡੀ ਦੇ ਸਾਹਮਣੇ ਆਉਂਦਾ ਤਾਂ ਨੀਵੀਂ ਪਾ ਲੈਂਦਾ ਜਿਵੇਂ ਕਿ ਉਹ ਉਸਦਾ ਗੁਨਾਹਗਾਰ ਹੋਵੇ ਤੇ ਆਖ ਰਿਹਾ ਹੋਵੇ, "ਮੁਆਫ਼ ਕਰੀਂ ਧੀਏ, ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ। ਤੇਰੇ ਭਾਗਾਂ ਵਿਚ ਬਾਪ ਦਾ ਹੀ ਘਰ ਸੀ, ਸਹੁਰਿਆਂ ਦਾ ਸੁੱਖ ਨਹੀਂ ਸੀ।" ਤੇ ਜਦ ਉਹ ਆਪਣੀ ਭੱਜੀ ਫਿਰਦੀ ਦੋਹਤੀ ਵੱਲ ਦੇਖਦਾ ਤਾਂ ਦਿਲ ਵਿਚ ਸੋਚਦਾ, ਜੋ ਕੀਤਾ ਹੈ ਠੀਕ ਹੀ ਕੀਤਾ ਹੈ। ਇਸ ਮਾਸੂਮ ਜਾਨ ਦੀ ਖਾਤਰ ਅਗਰ ਮੁਖਤਿਆਰ ਸਿੰਘ ਵਰਗੇ ਦਸ ਰਾਖਸ਼ ਵੀ ਮਾਰਨੇ ਪੈਣ ਤਾਂ ਸੌਦਾ ਮਹਿੰਗਾ ਨਹੀਂ।

# ਪਰਦੇਸਣ ਧੀ

ਜਗੀਰਦਾਰ ਕਰਨੈਲ ਸਿੰਘ ਦੀ ਹਵੇਲੀ ਵਿਚ ਅਜ ਕਾਫੀ ਚੁਪ ਚਾਂਧ ਸੀ। ਇੰਜ ਲਗਦਾ ਸੀ ਕਿ ਸਾਰੇ ਇਕ ਦੂਜੇ ਨਾਲ ਕਿਸੇ ਗੱਲੋਂ ਗੁੱਸੇ ਸਨ। ਅਸਲ ਗੱਲ ਇਹ ਸੀ ਕਿ ਅਜ ਵਿਆਹ ਤੋਂ ਛੇ ਸਾਲਾਂ ਬਾਦ ਉਹਦੇ ਘਰ ਬਚਾ ਹੋਇਆ। ਸਾਰੇ ਇਹ ਉਮੀਦ ਲਾਈ ਬੈਠੇ ਸੀ ਕਿ ਲੜਕਾ ਹੋਵੇਗਾ। ਪਾਰਟੀ ਦੀਆਂ ਪੂਰੀਆਂ ਤਿਆਰੀਆਂ ਸਨ। ਪਰ ਜਦੋਂ ਡਾਕਟਰਨੀ ਨੇ ਦਸਿਆ ਕਿ ਲੜਕੀ ਹੋਈ ਹੈ ਸਾਰੇ ਇੰਜ ਚੁਪ ਕਰ ਗਏ ਜਿਵੇਂ ਉਹਨਾਂ ਨੂੰ ਸੱਪ ਸੁੰਘ ਗਿਆ ਹੋਵੇ। ਜਗੀਰਦਾਰ ਖੁਦ ਕੁਛ ਦਿਨਾਂ ਲਈ ਘਰੋਂ ਬਾਹਰ ਚਲਾ ਗਿਆ। ਜਗੀਰਦਾਰਨੀ ਨੇ ਕੁੜੀ ਦਾ ਮੂੰਹ ਭੀ ਚੰਗੀ ਤਰਾਂ ਨਾ ਦੇਖਿਆ ਤੇ ਨਾਂ ਹੀ ਕਈ ਦਿਨ ਰੋਟੀ ਖਾਧੀ। ਆਖੀਰ ਨੂੰ ਜਗੀਰਦਾਰ ਦੀ ਮਾਂ ਨੇ ਚੁਕਕੇ ਆਪਣੀ ਪੋਤੀ ਨੂੰ ਹਿਕ ਨਾਲ ਲਾ ਲਿਆ ਇਹ ਕਹਿੰਦੇ ਹੋਇਆਂ 'ਇਸ ਬੇਚਾਰੀ ਦਾ ਕੀ ਕਸੂਰ ਹੈ' ਸ਼ੁਕਰ ਹੈ ਰਬ ਦਾ ਬਹੂ ਦੀ ਕੁਖ ਤਾਂ ਹਰੀ ਹੋਈ। ਰਬ ਅਗਾਂਹ ਭਾਗ ਲਾਵੇਗਾ। ਜਗੀਰਦਾਰਨੀ ਨੇ ਆਪਣਾ ਦੁਧ ਭੀ ਨਾ ਚੁੰਘਾਇਆ ਤਾਂ ਦਾਦੀ ਨੇ ਬਕਰੀ ਦਾ ਦੁਧ ਪਿਉਣਾ ਸ਼ੁਰੂ ਕਰ ਦਿਤਾ। ਪਰ ਜਗੀਰਦਾਰ ਨੇ ਇਹ ਕਬੂਲ ਨਾ ਕੀਤਾ। ਬਹੁਤ ਲੋਕਾਂ ਨੇ ਸਮਝਾਇਆ। ਜਗੀਰਦਾਰਨੀ ਜਾਪੇ ਤੋਂ ਬਾਦ ਬਸ ਮੰਜੇ ਤੋਂ ਹੀ ਨਾ ਉਠੀ। ਇੰਜ ਲਗਦਾ ਸੀ ਜਿਵੇਂ ਉਹਦੀ ਢੂਈ ਟੁਟ ਗਈ ਹੋਵੇ। ਉਹ ਜਾਣਦੀ ਸੀ ਕਿ ਜਗੀਰਦਾਰ ਨਿਰਾਸ ਹੋਇਆ ਹੈ ਉਹਦਾ ਕਾਰਣ ਉਹ ਖੁਦ ਨੂੰ ਸਮਝਦੀ ਸੀ। ਬਸ ਇਸ ਹੀ ਦੁਖ 'ਚ ਉਹ ਨਿਘਰਦੀ ਗਈ। ਨਾ ਹੀ ਚੰਗੀ ਤਰ੍ਹਾਂ ਖਾਧਾ। ਉਹਦਾ ਰੰਗ ਪੀਲਾ ਭੂਕ ਵਰਗਾ ਸੀ। ਫੇਰ ਬੁਖਾਰ ਚੜ੍ਹਣ ਲਗ ਪਿਆ। ਉਹਦਾ ਇਲਾਜ ਭੀ ਕਰਵਾਇਆ ਪਰ ਬੱਚੀ ਹਾਲੇ ਤਿੰਨ ਮਹੀਨਿਆਂ ਦੀ ਹੀ ਸੀ ਹੋਈ ਤੇ ਉਹ ਰਬ ਨੂੰ ਪਿਆਰੀ ਹੋ ਗਈ।

ਜਗੀਰਦਾਰ ਬਹੁਤ ਸਮਾਂ ਬਾਹਰ ਹੀ ਰਹਿਣ ਲਗ ਪਿਆ ਜਾਂ ਘਰ ਬੈਠਾ ਸਾਰਾ ਸਾਰਾ ਦਿਨ ਸ਼ਰਾਬ ਹੀ ਪੀ ਜਾਂਦਾ। ਜਦ ਭੀ ਦਾਦੀ ਬੱਚੀ ਵਲ ਦੇਖਦੀ ਉਹਨੂੰ ਉਹਦੀ ਭੋਲੀ ਸੂਰਤ ਬਹੁਤ ਪਿਆਰੀ ਲਗਦੀ। ਉਹਨੇ ਉਹਦਾ ਨਾਂ ਹੀ 'ਪਿਆਰੋ' ਧਰ ਦਿਤਾ ਤੇ ਜਦੋਂ ਭੀ ਕਿਤੇ ਦਾਦੀ ਉਹਦੇ ਭਵਿਖ ਬਾਰੇ ਸੋਚਦੀ ਤਾਂ ਕੰਬ ਜਾਂਦੀ। ਦਿਲ ਹੀ ਦਿਲ ਵਿਚ ਕਹਿੰਦੀ, "ਜਿਸ ਮਾੜੇ ਕਰਮਾਂ ਵਾਲੀ ਨੂੰ ਮਾਂ ਦਾ ਹੀ ਪਿਆਰ ਨਾਂ ਮਿਲਿਆ ਹੋਵੇ ਕਿਹੋ ਜਹੇ

ਭਾਗ ਹੋਣਗੇ ਅਗੋਂ ਉਹਦੇ। ਫੇਰ ਅਰਦਾਸਾਂ ਕਰਨ ਲਗ ਪੈਂਦੀ। ਰੱਬਾ ਧਿਆਨ ਰਖੀਂ ਇਸ ਮਾਂ ਮਛੇਰ ਬਚੀ ਦਾ 'ਹੋਰ ਕੋਣ ਹੈ ਇਹਦਾ।'

ਜਗੀਰਦਾਰ ਵਾਸਤੇ ਪਿਆਰੋ ਇਕ ਅੰਣਚਾਹਾ ਜੀ ਸੀ ਤੇ ਉਹ ਉਹਨੂੰ 'ਮਾੜੀ' ਸਮਝਦਾ ਸੀ ਕਿਉਂਕਿ ਉਸ ਦੇ ਆਉਣ ਕਰਕੇ ਹੀ ਉਹਦੀ ਜੀਵਨ ਸਾਥਨ ਸਦਾ ਲਈ ਵਿਛੋੜਾ ਦੇ ਗਈ। ਹੌਲੀ ਹੌਲੀ ਪਿਆਰੋ ਰੁੜ੍ਹਣ ਲਗ ਪਈ। ਜੇ ਕਿਤੇ ਭੁਲ ਭੁਲੇਖੇ ਉਹ ਜਗੀਰਦਾਰ ਕੋਲ ਆ ਖੜਦੀ ਤਾਂ ਭੀ ਉਹ ਜ਼ਿਆਦਾ ਧਿਆਨ ਨਾ ਦੇਂਦਾ। ਸ਼ਾਇਦ ਅਗਰ ਕਿਸੇ ਹੋਰ ਦਾ ਨਿਆਣਾ ਸੜਕ ਤੇ ਤੁਰੇ ਜਾਂਦੇ ਜਗੀਰਦਾਰ ਕੋਲੇ ਆ ਜਾਂਦਾ ਤਾਂ ਉਹ ਉਸ ਨਿਆਣੇ ਨੂੰ ਬੋਹੜੇ ਪਿਆਰ ਨਾਲ ਬੁਲਾਉਂਦਾ।

ਹਾਲੇ ਸਾਲ ਪੂਰਾ ਹੋਇਆ ਸੀ ਜਗੀਰਦਾਰਨੀ ਦੀ ਮੋਤ ਹੋਈ ਨੂੰ । ਜਗੀਰਦਾਰ ਦੇ ਦੂਜੇ ਵਿਆਹ ਦੀਆਂ ਗੱਲਾਂ ਚੱਲਣ ਲਗ ਪਈਆਂ। ਉਹਦੀ ਮਾ ਭੀ ਇਸ ਹੱਕ ਵਿਚ ਸੀ। ਤੇ ਸਾਰੇ ਇਹ ਹੀ ਸੋਚ ਰਹੇ ਸਨ ਜੇ ਇਹਦਾ ਇਹ ਹੀ ਹਾਲ ਰਿਹਾ ਤਾਂ ਸ਼ਾਇਦ ਕੁਛ ਸਾਲਾਂ ਵਿਚ ਹੀ ਇਹ ਭੀ ਚਲਦਾ ਹੋਵੇਗਾ ਤੇ ਨਾਲੇ ਹਾਲੇ ਇਹਦੀ ਉਮਰ ਭੀ ਤੀਹਾਂ ਤੋਂ ਤਾਂ ਘਟ ਹੀ ਸੀ। ਬੱਸ ਹਾਂ ਕਰਣ ਦੀ ਦੇਰ ਸੀ ਰਿਸ਼ਤਿਆਂ ਵਾਲੇ ਚੱਕਰ ਮਾਰਨ ਲਗ ਪਏ। ਆਖਿਰ ਜਗੀਰਦਾਰਨੀ ਦੇ ਦੂਰੋਂ ਰਿਸ਼ਤੇ ਚੋਂ ਮਾਮੇ ਦੀ ਧੀ ਨਾਲ ਜਗੀਰਦਾਰ ਦਾ ਦੋਬਾਰਾ ਵਿਆਹ ਹੋ ਗਿਆ। ਜਗੀਰਦਾਰਨੀ ਦੇ ਮਾਪਿਆਂ ਨੇ ਭੀ ਬੋਹੜਾ ਠੀਕ ਮਹਿਸੂਸ ਕੀਤਾ ਕਿ ਚਲੋ ਇਹ ਕੁਛ ਬੱਚੀ ਦਾ ਖਿਆਲ ਤਾਂ ਰਖੇਗੀ।

ਵਿਆਹ ਤੋਂ ਕੁਛ ਚਿਰ ਬਾਦ ਤਕ ਦਲਜੀਤ ਕੋਰ ਨੇ ਪਿਆਰੋ ਦੇ ਚੰਗੇ ਚਾਅ ਲਾਡ ਕੀਤੇ। ਫੇਰ ਵਿਆਹ ਤੋਂ ਤਕਰੀਬਨ ਦਸ ਮਹੀਨਿਆਂ ਬਾਦ ਹੀ ਜਦ ਉਹਦੇ ਮੁੰਡਾ ਹੋ ਗਿਆ ਤਾਂ ਫੇਰ ਉਹ ਕਿਸੇ ਨੂੰ ਕੀ ਸਮਝਦੀ ਸੀ। ਜਗੀਰਦਾਰ ਨੇ ਬਹੁਤ ਵਡੀ ਪਾਰਟੀ ਕੀਤੀ। ਦਲਜੀਤ ਕੋਰ ਨੂੰ ਗਹਿਣਿਆਂ ਨਾਲ ਲੱਦ ਦਿੱਤਾ।

ਇੰਜ ਲਗਦਾ ਸੀ ਮੁੰਡਾ ਹੋਣ ਤੋਂ ਬਾਦ ਦਲਜੀਤ ਕੋਰ ਨੂੰ ਰਬ ਭੀ ਚੇਤੇ ਨਾ ਰਿਹਾ। ਜੇ ਕਿਤੇ ਪਿਆਰੋ ਆਕੇ ਅਪਣੇ ਛੋਟੇ ਵੀਰ 'ਕਾਕੇ' ਕੋਲ ਆਕੇ ਖੜ ਜਾਂਦੀ ਤਾਂ ਦਲਜੀਤ ਉਹਨੂੰ ਝਿੜਕ ਕੇ ਪਾਸੇ ਕਰ ਦਿੰਦੀ। ਕਦੇ ਚਪੇੜ ਭੀ ਮਾਰ ਦੇਂਦੀ। ਉਹਨੂੰ ਹੁਣ ਯਕੀਨ ਸੀ ਕਿ ਜਗੀਰਦਾਰ ਉਹਦੀ ਵਾਹਲੀ ਪਰਵਾਹ ਨਹੀਂ ਕਰਦਾ। ਥੱਪੜ ਖਾਕੇ ਪਿਆਰੋ ਰੋਂਦੀ ਰੋਂਦੀ ਦਾਦੀ ਕੋਲ ਚਲੀ ਜਾਂਦੀ। ਦਾਦੀ ਉਹਨੂੰ ਬੁੱਕਲ ਵਿਚ ਲੈਕੇ ਪਿਆਰ ਕਰਦੀ 'ਨਾ ਮੇਰੀ ਬਚੀ ਰੋਣਾ ਨਹੀ ਮੈਂ ਮਾਰੂੰਗੀ ਉਹਨੂੰ' ਪਿਆਰੋ ਡੁਸਕ ਡੁਸਕ ਕੇ ਚੁਪ ਕਰ ਜਾਂਦੀ।

ਦਲਜੀਤ ਕੋਰ ਦਾ ਰਵੱਈਆ ਆਪਣੀ ਸੱਸ ਵਾਸਤੇ ਭੀ ਦਿਨੋਂ ਦਿਨ ਵਿਗੜ ਰਿਹਾ ਸੀ। ਜਗੀਰਦਾਰ ਦੀ ਤਾਂ ਇਹ ਗੱਲ ਸੀ ਕਿ ਉਹਦੀ ਨਵੀ ਜ਼ਨਾਨੀ ਦਾ ਨਸ਼ਾ ਬੋਤਲ ਤੋਂ ਵਧ ਸੀ। ਜੇ ਦਲਜੀਤ ਕੋਰ ਕਹੇ ਦਿਨ ਤਾਂ ਦਿਨ ਜੇ ਉਹ ਕਹੇ ਰਾਤ ਤਾਂ ਰਾਤ।

ਸ਼ੁਰੂ ਸ਼ੁਰੂ ਵਿਚ ਤਾਂ ਕਰਨੈਲ ਸਿੰਘ ਦੀ ਮਾਂ ਨੇ ਇਕ ਦੋ ਬਾਰ ਪੁਤ ਨਾਲ ਗਲ ਕੀਤੀ। ਪਰ ਜਗੀਰਦਾਰ ਨੇ ਕੁਛ ਨਾ ਸੁਣਿਆ। ਆਖਿਰ ਉਹਦੀ ਮਾਂ ਚੁਪ ਚਾਪ ਸਭ



ਜਰਣ ਲਗ ਪਈ। ਸਭ ਕੁਛ ਦੇ ਹੁੰਦਿਆਂ ਸੁੰਦਿਆਂ ਭੀ ਪਿਆਰੋ ਤੇ ਉਹਦੀ ਦਾਦੀ ਦਲਜੀਤ ਕੋਰ ਦੇ ਰਾਜ ਅੰਦਰ ਚੂਹੜਿਆਂ ਵਾਂਗ ਦਿਨ ਕੱਟ ਰਹੀਆਂ ਸਨ।

ਕੁਛ ਉਮਰ ਦਾ ਤਕਾਜ਼ਾ ਹੋਣ ਕਰਕੇ ਤੇ ਕੁਛ ਦਲਜੀਤ ਦੀ ਬੇਰੁਖੀ ਨੇ ਬੁੜ੍ਹੀ ਨੂੰ ਢਾਹ ਲਿਆ। ਫੇਰ ਉਹ ਐਸੀ ਮੰਜੇ ਤੇ ਡਿਗੀ ਕਿ ਉਠ ਨਾ ਸਕੀ।

ਪਿਆਰੋ ਹੁਣ ਤਕਰੀਬਨ ਪੰਜ ਕੁ ਸਾਲਾਂ ਦੀ ਸੀ ਤੇ ਥੋਹੜਾ ਥੋਹੜਾ ਸਮਝਣ ਲਗ ਪਈ। ਉਹਦੀ ਦਾਦੀ ਨਾਲੇ ਰੋਂਦੀ ਨਾਲੇ ਉਹਨੂੰ ਪਿਆਰ ਨਾਲ ਸਮਝਾਉਂਦੀ, "ਦੇਖੀਂ ਧੀਏ ਆਪਣੀ ਮੰਮੀ ਮੂਹਰੇਂ ਨਾ ਬੋਲੀ।" ਪਿਆਰੋ ਹੋਲੀ ਜਹੀ ਕਹਿੰਦੀ, "ਨਹੀਂ ਇਹ ਤੇ ਕਾਕੇ ਦੀ ਮਾਂ ਹੈ ਮੇਰੀ ਮਾਂ ਤੇ ਤੂੰ ਹੈਂ।"

ਅਚਾਨਕ ਇਕ ਰਾਤ ਨੂੰ ਮਾਂ ਸੁੱਤੀ ਦੀ ਸੁੱਤੀ ਰਹਿ ਗਈ। ਪਿਆਰੋ ਨੇ ਜਦੋਂ ਦੇਖਿਆ ਤਾਂ ਉਹ ਬਹੁਤ ਰੋਈ। ਘੜੀ ਘੜੀ ਦਾਦੀ ਨੂੰ ਉਠਾ ਰਹੀ ਸੀ। "ਮਾਂ ਜੀ ਉਠੋ ਮੈਨੂੰ ਭੁਖ ਲਗੀ ਹੈ ਤੁਸੀਂ ਉਠਦੇ ਕਿਉਂ ਨਹੀਂ। ਮਾਂ ਜੀ ਨੂੰ ਕੀ ਹੋ ਗਿਆ।" ਆਖਿਰ ਉਹਨੂੰ ਇਕ ਗੁਆਂਢਣ ਚੁਕ ਕੇ ਆਪਣੇ ਘਰ ਲੈ ਗਈ। ਦਾਦੀ ਦਾ ਸਸਕਾਰ ਕਰ ਦਿਤਾ। ਸ਼ਾਮ ਨੂੰ ਪਿਆਰੋ ਦਾਦੀ ਨੂੰ ਫੇਰ ਭਾਲਦੀ ਫਿਰਦੀ ਸੀ। ਕੋਈ ਭੀ ਉਹਨੂੰ ਕੁਛ ਨਹੀਂ ਸੀ ਦਸ ਰਿਹਾ। ਆਖਿਰ ਕਰਨੈਲ ਸਿੰਘ ਕਹਿਣ ਲਗਾ, "ਪਿਆਰੋ ਤੇਰੀ ਦਾਦੀ ਤੇਰੀ ਮਾਂ ਕੋਲੇ ਚਲੀ ਗਈ ਹੈ। ਉਹ ਹੁਣ ਕਦੇ ਨਹੀਂ ਆਏਗੀ।" ਫੇਰ ਦਲਜੀਤ ਵਲ ਨੂੰ ਇਸ਼ਾਰਾ ਕਰਕੇ ਕਹਿੰਦਾ, "ਹੁਣ ਇਹ ਹੀ ਤੇਰੀ ਮਾਂ ਹੈ।"

ਪਿਆਰੋ ਸਾਰੀ ਰਾਤ ਰੋਂਦੀ ਕਹਿੰਦੀ ਰਹੀ, "ਮੈਂ ਭੀ ਦਾਦੀ ਕੋਲ ਜਾਣਾ ਹੈ। ਮੈਨੂੰ ਉਹਦੇ ਕੋਲ ਛਡ ਆਉ।" ਆਖਿਰ ਰੋਂਦੀ ਰੋਂਦੀ ਨੂੰ ਨੀਂਦ ਆ ਗਈ।

ਫੇਰ ਹੋਲੀ ਹੋਲੀ ਪਿਆਰੋ ਆਪਣੀ ਨਵੀਂ ਮਾਂ ਦੇ ਰਹਿਮ ਤੇ ਜੀਣ ਲਗ ਪਈ। ਏਨੇ ਨੂੰ ਉਹਦੇ ਇਕ ਹੋਰ ਬਚੀ ਹੋ ਗਈ ਪਰ ਇਸ ਬਾਰ ਕਰਨੈਲ ਸਿੰਘ ਨੇ ਬੁਰਾ ਨ ਮਨਾਇਆ। ਦਲਜੀਤ ਕੋਰ ਕਹਿੰਦੀ ਸੀ ਇਹ ਤਾਂ ਰਬ ਨੇ ਮੇਰੀ ਅਰਦਾਸ ਸੁਣੀ ਹੈ। ਬਸ ਮੇਰਾ ਪਰਿਵਾਰ ਪੂਰਾ ਹੋ ਗਿਆ।

ਛੇ ਕੁ ਸਾਲਾਂ ਦੀ ਪਿਆਰੋ ਨੂੰ ਪਿੰਡ ਦੇ ਸਕੂਲ ਵਿਚ ਪੜ੍ਹਣ ਪਾ ਦਿਤਾ। ਸਕੂਲ ਵਿਚ ਉਹ ਜਦੋਂ ਭੀ ਕਿਸੇ ਬੱਚੇ ਨੂੰ ਉਹ ਉਹਦੀ ਮਾਂ ਨਾਲ ਦੇਖਦੀ ਤਾਂ ਪਿਆਰੋ ਭੀ ਸੋਚਦੀ ਜੇ ਮੇਰੀ ਮਾਂ ਹੁੰਦੀ ਉਹ ਭੀ ਇੰਜ ਹੀ ਪਿਆਰ ਕਰਦੀ।

ਹੋਲੀ ਹੋਲੀ ਪਿਆਰੋ ਨੇ ਜਦੋਂ ਛੇਵੀਂ ਪਾਸ ਕਰ ਲਈ ਤਾਂ ਦਲਜੀਤ ਕੋਰ ਕਹਿਣ ਲਗੀ ਬਸ ਐਨੀ ਪੜ੍ਹਾਈ ਬਹੁਤ ਹੈ। ਇਨੇ ਕੇਹੜਾ ਜਾਕੇ ਦਫਤਰ ਵਿਚ ਕੰਮ ਕਰਨਾ ਹੈ।

ਬਸ ਉਸ ਤੋਂ ਬਾਦ, ਉਹਨੂੰ ਕੰਮ ਕਾਜ ਸਖੋਣ ਦੇ ਬਹਾਨੇ ਉਹਦੇ ਕੋਲੋਂ ਗੋਲੀਆਂ ਵਾਂਗ ਕੰਮ ਕਰਾਉਣ ਲਗ ਪਏ। ਘਰੇ ਨੋਕਰ ਚਾਕਰ ਭੀ ਸਨ। ਕਈ ਬਾਰ ਉਹਨੂੰ ਹਟਾਕੇ 'ਪਿਆਰੋ' ਨੂੰ ਕੰਮ ਲਾ ਦੇਂਦੀ ਤੇ ਕਹਿੰਦੀ "ਜੇ ਇਹਨੂੰ ਕੰਮ ਕਾਜ ਨਾ ਆਇਆ ਤੇ ਲੋਕਾਂ ਨੇ ਇਹ ਹੀ ਕਹਿਣਾ ਹੈ ਮਤਰੇਈ ਨੇ ਕੁਛ ਸਿਖਾਇਆ ਨੀ।"

ਪਿਆਰੋ ਨੇ ਡਰਦੀ ਡਰਦੀ ਜਵਾਨੀ ਵਿਚ ਪੈਰ ਧਰਿਆ। 'ਕਾਕਾ' ਤੇ 'ਗੁੱਡੀ' ਦੋਨੋਂ ਸਕੂਲ 'ਚ ਪੜ੍ਹੀ ਜਾਂਦੇ ਸਨ। ਪਿਆਰੋ ਨੇ ਕਦੇ ਉਹਨਾਂ ਕੋਲ ਬਹਿਕੇ ਕੋਈ ਕਿਤਾਬ ਪੜ੍ਹਨ ਦੀ ਕੋਸ਼ਿਸ਼ ਕਰਨੀ ਤਾਂ ਦਲਜੀਤ ਕੌਰ ਝੱਟ ਕਹਿ ਦੇਂਦੀ, "ਬੈਠੀ ਏ ਵਡੀ ਝਾੜੂ ਕੰਮ ਤੇਰੀ ਮਾਂ ਕਰੂਗੀ ਆਕੇ।"

ਪਿਆਰੋ ਚੁਪ ਚਾਪ ਉਠਕੇ ਕੰਮ ਕਰਨ ਲਗ ਜਾਂਦੀ। ਦਲਜੀਤ ਕੌਰ ਗੁਡੀ ਲਈ ਵਧੀਆ ਤੋਂ ਵਧੀਆ ਕਪੜੇ ਸਮਵੌਂਦੀ। ਪਰ ਪਿਆਰੋ ਨੂੰ ਚੇਤਾ ਨਹੀਂ ਕਦੇ ਉਹਨੂੰ ਕੋਈ ਨਵੇ ਕਪੜੇ ਮਿਲੇ ਹੋਣ। ਸ਼ੁਰੂ ਤੋਂ ਹੀ ਜੇਹੜੇ ਕਪੜੇ ਦਲਜੀਤ ਨਹੀਂ ਸੀ ਪੌਣਾ ਚਾਹੁੰਦੀ, ਕੱਟ ਵਢਕੇ ਉਹਦੇ ਬਣਾ ਦੇਂਦੀ। ਹੁਣ ਸੁਖ ਨਾਲ ਪਿਆਰੋ ਦਾ ਕਦ ਚੰਗਾ ਹੋ ਗਿਆ। ਦਲਜੀਤ ਕੌਰ ਦੇ ਵਿਆਹ ਵੇਲੇ ਦੇ ਕਪੜੇ ਹੁਣ ਉਹਦੇ ਉਂਜ ਹੀ ਆਉਣ ਲਗ ਪਏ। ਦਲਜੀਤ ਉਹਨੂੰ ਉਹ ਪੁਰਾਣੇ ਦੇਕੇ ਭੀ ਇੰਜ ਗੱਲਾਂ ਕਰਦੀ ਜਿਵੇਂ ਉਹਦੇ ਤੇ ਇਹਸਾਨ ਕਰ ਰਹੀ ਹੋਵੇ। ਜੇ ਕਿਤੇ ਪਿਆਰੋ ਨੇ ਕਹਿ ਭੀ ਦੇਣਾ, 'ਮੈਨੂੰ ਭੀ ਗੁਡੀ ਵਰਗੀ ਕੋਟੀ ਚਾਹੀਦੀ ਹੈ।' ਤਾਂ ਦਲਜੀਤ ਕੌਰ ਕਹਿ ਦੇਂਦੀ, "ਨੀ ਤੂੰ ਉਹਦੀ ਕੀ ਰੀਸ ਕਰਨੀ ਹੈ। ਉਹ ਤਾਂ ਸਕੂਲ ਪੜ੍ਹਣ ਜਾਂਦੀ ਹੈ। ਤੂੰ ਏਥੇ ਘਰੇ ਕੰਮ ਕਰਦੀ ਨੇ ਕਾਲਖ ਲਾਕੇ ਖਰਾਬ ਕਰਨੀ ਹੈ। ਨਾਲੇ ਵਿਆਹ ਤੋਂ ਪਹਿਲਾਂ ਕੁੜੀਆਂ ਸੋਹਣੇ ਕਪੜੇ ਨਹੀਂ ਪੌਂਦੀਆਂ।"

ਹੌਲੀ ਹੌਲੀ ਪਿਆਰੋ ਦੇ ਵਿਆਹ ਦੀਆਂ ਗਲਾਂ ਚਲਣ ਲਗੀਆਂ। ਕਿਸੇ ਮਾੜੇ ਘਰ ਵਿਚ ਜਗੀਰਦਾਰ ਨਹੀਂ ਸੀ ਵਿਹਾਉਣਾ ਚਾਹੁੰਦਾ। ਕਿਉਂਕਿ ਇੱਜ਼ਤ ਨੂੰ ਦਾਗ ਲਗਦਾ ਸੀ। ਪਰ ਕਿਸੇ ਮੋਟੇ ਘਰ ਵਿਚ ਦਲਜੀਤ ਕੌਰ ਰਾਜ਼ੀ ਨਹੀਂ ਸੀ। ਇਸ ਕਰਕੇ ਕਿ ਉੱਥੇ ਦਾਜ ਦੇਣਾ ਪਊਗਾ।

ਇੰਜ ਹੀ ਕੁਛ ਸਾਲ ਹੋਰ ਗੁਜ਼ਰ ਗਏ। ਜੇ ਕਿਤੇ ਪਿਆਰੋ ਬਾਹਰ ਨਿਕਲਦੀ ਤੇ ਆਂਢਣਾਂ ਗੁਆਂਢਣਾਂ ਭੀ ਗੱਲਾਂ ਕਰਨ ਲਗ ਪੈਂਦੀਆਂ, "ਬਣਿਆ ਫਿਰਦਾ ਹੈ ਜਗੀਰਦਾਰ। ਕੋਠੇ ਜਿਡੀ ਕੁੜੀ ਹੋ ਗਈ, ਵਿਆਹ ਦਾ ਹਾਲੇ ਕੋਈ ਫਿਕਰ ਨਹੀਂ।' ਕੋਈ ਕਹਿੰਦੀ, "ਨੀ ਜੇ ਇਸਦੀ ਮਾਂ ਹੁੰਦੀ ਤਾਂ ਫਿਕਰ ਕਰਦੀ। ਬੇਗਾਨੀ ਨੂੰ ਕੀ ਫਿਕਰ ਹੈ। ਆਪਣੀ ਧੀ ਨੂੰ ਤਾਂ ਉਹ ਸਾਹਿਬਜ਼ਾਦੀਆਂ ਵਾਂਗ ਰਖਦੀ ਹੈ ਤੇ ਇਸ ਬੇਚਾਰੀ ਨੂੰ ਗੋਲੀਆਂ ਵਾਂਗ।"

ਜਿੰਨੇ ਮੂੰਹ ਉਨੀਆਂ ਹੀ ਗਲਾਂ। ਪਿਆਰੋ ਨੀਵੀਂ ਪਾਕੇ ਚੁਪਚਾਪ ਗਲੀ ਵਿਚਦੀ ਲੰਘ ਜਾਂਦੀ। ਜੇ ਕਿਤੇ ਕਿਸੇ ਨਾਲ ਅੱਖ ਮਿਲ ਜਾਂਦੀ ਤਾਂ ਉਹਨੂੰ ਇੰਜ ਲਗਦਾ ਜਿਵੇਂ ਉਹ ਨੰਗੀ ਹੋਵੇ ਤੇ ਕੋਈ ਉਸ ਦੇ ਨੰਗੇਜ ਵੱਲ ਝਾਕ ਰਿਹਾ ਹੈ। ਬਸ ਆਪ ਹੀ ਰੋ ਧੋ ਕੇ ਬਹਿ ਜਾਂਦੀ। ਜੇ ਕਿਤੇ ਗਲਤੀ ਨਾਲ ਕਿਸੇ ਨਾਲ ਗਲ ਬਾਤ ਕਰਨ ਰੁਕ ਜਾਂਦੀ ਤਾਂ ਆਉਂਦੀ ਨੂੰ ਦਲਜੀਤ ਕੌਰ ਪੈ ਜਾਂਦੀ। 'ਨੀ ਕੀ ਚੁਗਲੀਆਂ ਕਰਕੇ ਆਈ ਏਂ ਮੇਰੀਆਂ, ਲਾ ਲੈ ਸ਼ਕੈਤਾਂ ਜਿੰਨੀਆਂ ਲਾ ਸਕਦੀ ਏਂ। ਮੇਰੀ ਕੀ ਉਹ ਲਤ ਭੰਨ ਲਊ ਮੈਂ ਕੀ ਜਾਣਦੀਆਂ ਇਹੋ ਜਹੀਆਂ ਨੂੰ........' ਪਿਆਰੋ ਚੁਪ ਚਾਪ ਅੰਦਰ ਬੜ ਜਾਂਦੀ ਤੇ ਡੁਸਕ ਡੁਸਕ ਰੋਂਦੀ ਕਦੇ ਦਾਦੀ ਨੂੰ ਬਾਜਾਂ ਮਾਰਦੀ, "ਮੈਨੂੰ ਭੀ ਲੈ ਜਾਊ ਮਾਂ ਜੀ ਮੇਰਾ ਏਥੇ ਕੋਈ ਨਹੀਂ।"



ਇਕ ਦਿਨ ਰਾਤ ਨੂੰ ਉਸਨੇ ਆਪਣੇ ਪਿਤਾ ਤੇ ਮਾਸੀ ਨੂੰ ਖੁਸਰ ਫੁਸਰ ਕਰਦੇ ਸੁਣਿਆ। ਦਲਜੀਤ ਕੌਰ ਕਹਿ ਰਹੀ ਸੀ, "ਕੀ ਹੋਇਆ ਜੇ ਮੁੰਡੇ ਦੀ ਉਮਰ ਥੋਹੜੀ ਵਡੀ ਹੈ। ਇਹ ਭੀ ਕੇਹੜਾ ਹੁਣ ਕਾਕੀ ਹੈ ਮੇਰੀ ਮੰਨੋ ਤਾਂ ਹਾਂ ਕਰ ਦਿਉ। ਇਹੋ ਜਿਹਾ ਮੌਕਾ ਮੁੜ ਨਹੀਂ ਮਿਲਣਾ। ਨਾਲੇ ਉਹਨਾਂ ਦੀ ਦਾਜ ਦੀ ਕੋਈ ਮੰਗ ਨਹੀਂ ਘਰ ਭੀ ਗੁਜਾਰੇ ਵਾਲਾ ਹੈ।"

ਦੂਸਰੇ ਦਿਨ ਕਰਨੈਲ ਸਿੰਘ ਨੇ ਪਿਆਰੋ ਤੋਂ ਇਸ ਬਾਰੇ ਪੁਛਿਆ, "ਕਿ ਮੁੰਡਾ ਅਮਰੀਕਾ ਤੋਂ ਆਇਆ ਹੈ ਪਹਿਲਾਂ ਉਨੇ ਕਾਰਡ ਲੈਣ ਲਈ ਗੋਰੀ ਨਾਲ ਫਰਜੀ ਵਿਆਹ ਕਰਵਾਇਆ ਸੀ। ਧੀਏ ਰਾਜ ਕਰੇਂਗੀ, ਕਾਰਾਂ ਤੇ ਚੜ੍ਹੇਂਗੀ ਅਮਰੀਕਾ ਵਿਚ।"

ਅਜ ਪਿਆਰੋ ਨੂੰ ਇੰਜ ਲਗਾ ਸ਼ਾਇਦ ਉਹਦੇ ਬਾਪ ਨੇ ਪਹਿਲੀ ਬਾਰ ਜ਼ਿੰਦਗੀ ਵਿਚ ਕੋਈ ਪਿਆਰ ਦੀ ਗਲ ਕੀਤੀ ਹੋਵੇ। ਪਿਆਰੋ ਨੇ ਸਿਰਫ ਇਹ ਹੀ ਕਿਹਾ, "ਜਿਵੇਂ ਤੁਹਾਡੀ ਮਰਜੀ, ਬਾਪੂ ਜੀ।"

ਬਸ ਫੇਰ ਉਹਨਾਂ ਜੋਗਿੰਦਰ ਸਿੰਘ ਦੇ ਘਰ ਸੁਨੇਹਾ ਭੇਜ ਦਿਤਾ ਤੇ ਜਾਕੇ ਇਕ ਸੌ ਇਕ ਰੁਪਏ ਦੇਕੇ ਮੰਗਣਾ ਭੀ ਕਰ ਆਏ। ਵਿਆਹ ਦੀਆਂ ਤਿਆਰੀਆਂ ਹੋਣ ਲਗੀਆਂ। ਕਹਿੰਦੇ ਜੋਗਿੰਦਰ ਨੂੰ ਛੁਟੀ ਥੋਹੜੀ ਹੈ ਪਿਛੋਂ ਕੰਮ ਦਾ ਨੁਕਸਾਨ ਹੋ ਰਿਹਾ ਹੈ।

ਪਿਆਰੋ ਦੇ ਦਿਲ ਵਿਚ ਲਡੂ ਫੁਟਣ ਲਗੇ। ਪਰ ਦਿਲ ਦੀ ਗਲ ਕਰੇ ਭੀ ਕਿਸ ਨਾਲ। ਕਦੇ ਕਦਾਈਂ ਉਹਨੂੰ ਗੁਡੀ ਤੋਂ ਥੋਹੜਾ ਬਹੁਤ ਪਤਾ ਲਗਦਾ। ਗੁਡੀ ਤੋਂ ਹੀ ਇਹਨੂੰ ਇਹ ਪਤਾ ਲਗਾ ਕਿ ਜੋਗਿੰਦਰ ਦੀ ਉਮਰ ਚਾਲੀ ਸਾਲ ਤੋਂ ਉਤੇ ਹੈ। ਵੀਹ ਸਾਲ ਹੋ ਗਏ ਅਮਰੀਕਾ ਗਏ ਨੂੰ। ਪੜ੍ਹਨ ਗਿਆ ਸੀ ਉਥੇ ਹੀ ਰਹਿ ਗਿਆ। ਸਤ ਅਠ ਸਾਲ ਕਿਸੇ ਗੋਰੀ ਨਾਲ ਵਿਆਹ ਕਰਵਾਇਆ ਤੇ ਅਣ ਬਣ ਹੋ ਗਈ। ਪਰ ਫੇਰ ਭੀ ਪਿਆਰੋ ਜਦ ਆਪਣੀ ਜ਼ਿੰਦਗੀ ਵਿਚ ਝਾਤ ਮਾਰਦੀ ਤਾਂ ਸੋਚਦੀ ਇਸ ਨਾਲੋਂ ਮਾੜਾ ਹੋਰ ਕੀ ਹੋਵੇਗਾ।

ਨਾਲੇ ਉਹਨੂੰ ਕਦੇ ਕਦੇ ਆਪਣੀ ਦਾਦੀ ਦੀ ਇਹ ਗਲ ਚੇਤੇ ਆਉਂਦੀ ਉਹ ਕਹਿੰਦੀ, "ਪਿਆਰੋ ਰਬ ਤਾਂ ਸਭਦਾ ਹੈ। ਉਸ ਸਭ ਦਾ ਖਿਆਲ ਰਖਦਾ ਹੈ।" ਪਿਆਰੋ ਨੂੰ ਇਹ ਉਮੀਦ ਸੀ ਕਿ ਵਿਆਹ ਤੋਂ ਬਾਦ ਤਾਂ ਉਹਦੇ ਦਿਨ ਫਿਰਨਗੇ ਹੀ। ਉਹਨੇ ਇਹ ਸੋਚਣਾ ਛਡ ਦਿਤਾ ਕਿ ਜੋ ਹੋਊਗਾ ਦੇਖੀ ਜਾਊ ਇਕ ਬਾਰ ਇਸ ਨਰਕ ਚੋਂ ਤਾਂ ਨਿਕਲਾਂ।

ਮੰਗਣੇ ਤੋਂ ਦੋ ਹਫਤਿਆਂ ਦੇ ਵਿਚ ਵਿਚ ਹੀ ਵਿਆਹ ਹੋ ਗਿਆ। ਵਿਆਹ ਤੋਂ ਬਾਦ ਜੋਗਿੰਦਰ ਉਹਨੂੰ ਘੁੰਮਣ ਫਿਰਾਉਣ ਲੈ ਗਿਆ। ਸੱਸ ਨੇ ਭੀ ਬਥੇਰੇ ਚਾ ਲਾਡ ਕੀਤੇ। ਇਕ ਮਹੀਨਾ ਬਸ ਕੁਛ ਦਿਨਾਂ ਵਿਚ ਹੀ ਲੰਘ ਗਿਆ। ਜੋਗਿੰਦਰ ਦੇ ਜਾਣ ਦਾ ਵਕਤ ਆ ਗਿਆ। ਅਖੀਰਲੀ ਰਾਤ ਜੋਗਿੰਦਰ ਉਹਨੂੰ ਕਹਿ ਰਿਹਾ ਸੀ ਤੂੰ ਫਿਕਰ ਨਾ ਕਰੀਂ ਬਸ ਜਾਂਦਿਆਂ ਸਾਰ ਹੀ ਮੈਂ ਤੈਨੂੰ ਬੁਲਾ ਲੈਣਾ ਹੈ। ਉਹਦੇ ਪਾਸਪੋਰਟ ਲਈ ਭੀ ਅਰਜ਼ੀ ਦੇ ਦਿਤੀ ਹੈ ਤੇ ਦਿੱਲੀ ਭੀ ਕਾਗਜ ਭਰ ਦਿਤੇ ਸੀ ਇੰਬੈਸੀ ਵਿਚ ਜਾਕੇ।

ਪਿਆਰੋ ਨੂੰ ਇੰਜ ਲਗਾ ਜਿਵੇਂ ਉਹਨੂੰ ਅੰਬਰ ਤੇ ਉੜਦੀ ਨੂੰ ਕਿਸੇ ਨੇ ਗੋਲੀ ਮਾਰਕੇ

ਜ਼ਮੀਨ ਤੇ ਸੁਟ ਦਿਤਾ ਹੋਵੇ। ਸ਼ੁਰੂ ਸ਼ੁਰੂ ਵਿਚ ਤਾਂ ਜੋਗਿੰਦਰ ਦੀਆਂ ਦੋ ਤਿੰਨ ਚਿਠੀਆਂ ਆਈਆਂ। ਹੌਲੀ ਹੌਲੀ ਚਿੱਠੀਆਂ ਛੋਟੀਆਂ ਹੁੰਦੀਆਂ ਗਈਆਂ ਤੇ ਖਤਾਂ ਵਿਚਕਾਰ ਸਮਾਂ ਵਧਦਾ ਗਿਆ ਤੇ ਫੇਰ ਬਿਲਕੁਲ ਬੰਦ ਹੋ ਗਿਆ।

ਉਹਦੀ ਸੱਸ ਗੁਰਨਾਮ ਕੌਰ ਬੱਸ ਦਲਜੀਤ ਕੌਰ ਦਾ ਦੂਜਾ ਰੂਪ ਸੀ। ਸ਼ਾਇਦ ਦੋ ਰਤੀਆਂ ਉਤੇ ਸੀ ਘਟ ਨਹੀਂ ਸੀ। ਸੱਸ ਸਾਰਾ ਦਿਨ ਉਹਦੇ ਕੋਲੋਂ ਗੋਲੀਆਂ ਵਾਂਗ ਕੰਮ ਕਰਾਉਂਦੀ ਤੇ ਜੇ ਕਿਤੇ ਦੋਪਹਿਰ ਨੂੰ ਪਿਆਰੋ ਥੋਹੜੀ ਦੇਰ ਮੰਜੀ ਤੇ ਪੈ ਜਾਂਦੀ ਤਾਂ ਗੁਰਨਾਮ ਕੌਰ ਝਟ ਕਹਿ ਦੇਂਦੀ, 'ਵਡੀਏ ਜਗੀਰਦਾਰਨੀਏ ਸ਼ਾਮ ਦੀ ਰੋਟੀ ਦਾ ਫਿਕਰ ਨਹੀਂ। ਉਹ ਜੋ ਤੇਰੇ ਪਿਉ ਨੇ ਗੋਲੀਆਂ ਭੇਜੀਆਂ ਹਨ ਨਾਲ, ਉਹ ਕਰਨਗੀਆਂ ਜਾਂ ਤੇਰੀ ਮਾਂ ਆਕੇ ਕਰੂਗੀ। ਪਤਾ ਨਹੀਂ ਸਾਡੇ ਪਲੇ ਇਹ ਕਿਥੋਂ ਲਿਖੀ ਸੀ ਬਣੇ ਫਿਰਦੇ ਹੈ ਜਗੀਰਦਾਰ। ਇਸ ਨਾਲੋਂ ਚੰਗਾ ਲੈਣ ਦੇਣ ਅਜ ਕੱਲ ਕੰਮੀ ਕਰ ਲੈਂਦੇ ਹੈਂ.....ਸਾਨੂੰ ਕੰਮ ਸੇ ਕੰਮ ਇਹ ਉਮੀਦ ਤਾਂ ਸੀ ਕਿ ਜਗੀਰਦਾਰ ਹੋਰ ਨਹੀਂ ਤਾਂ ਆਪਣੇ ਨਾਂ ਨੂੰ ਹੀ ਚਾਰ ਪੰਜ ਲਖ ਰੁਪਇਆ ਦੇਊਗਾ ਤੇ ਸ਼ਾਇਦ ਕਾਰ ਵੀ ਦੇਊਗਾ ਪਰ ਨੰਗ ਨਾ ਹੋਵੇ ਤਾਂ.......ਜਮਾਂ ਸ਼ਰਮ ਲਾਹ ਦਿਤੀ। ਸਾਡੀ ਨਕ ਵੱਢ ਦਿਤੀ ਭਾਈਚਾਰੇ ਵਿਚ........, ਫੇਰ ਪਤਾ ਨਹੀਂ ਉਹ ਕੀ ਬੁੜ ਬੁੜ ਕਰੀ ਜਾਂਦੀ ਤੇ ਪਿਆਰੋ ਆਪਣੇ ਕੰਮ ਵਿਚ ਰੁਝ ਜਾਂਦੀ।

ਗੁਰਨਾਮ ਕੌਰ ਜਦੋਂ ਉਹਦੇ ਪਿਉ ਨੂੰ ਗਾਲਾਂ ਕਢਦੀ ਤਾਂ ਪਿਆਰੋ ਨੂੰ ਚੰਗਾ ਨਾ ਲਗਦਾ ਭਾਵੇਂ ਉਹਨੂੰ ਪਿਉ ਕੋਲੋਂ ਪਿਆਰ ਨਹੀਂ ਸੀ ਮਿਲਿਆ। ਫੇਰ ਭੀ ਇਹ ਸੋਚਦੀ ਇਹ ਕੌਣ ਹੁੰਦੀ ਹੈ ਮੇਰੇ ਪਿਉ ਨੂੰ ਮਾੜਾ ਕਹਿਣ ਵਾਲੀ।

ਜਦ ਕਿਤੇ ਪਿਆਰੋ ਘਰੋਂ ਬਾਹਰ ਨਿਕਲਦੀ। ਆਂਢਣਾਂ ਗੁਆਂਢਣਾਂ ਭੀ ਖੁਸਰ ਮੁਸਰ ਕਰਨ ਲਗ ਪੈਂਦੀਆਂ, "ਨੀ ਲਗਦਾ ਨੀ ਜੋਗਿੰਦਰ ਇਹਨੂੰ ਸਦੂਗਾ ਜਿਹਨੂੰ ਉਥੇ ਗੋਰੀਆਂ ਮਿਲਦੀਆਂ ਹੋਣ ਉਸ ਨੂੰ ਦੇਸੀ ਮਾਲ ਤੋਂ ਕੀ ਲੈਣਾ। ਬਸ ਏਥੇ ਚਾਰ ਦਿਨ ਮਨ ਪਰਚਾਵੇ ਲਈ ਉਨੇ ਵਿਆਹ ਕਰਵਾਇਆ ਸੀ।"

ਕਦੇ ਕਦੇ ਉਹਨਾਂ ਦੇ ਘਰਾਂ ਚੋਂ ਉਹਦੀ ਇਕ ਨਨਾਣ ਉਹਨੂੰ ਛੇੜਣ ਲਗ ਪੈਂਦੀ "ਵੀਰੇ ਨੇ ਰਖ ਲੀਆਂ ਮੇਮਾਂ ਨੀ ਹੁਣ ਭਾਬੀਏ ਤੇਰਾ ਕੀ ਬਣੂ।" ਪਿਆਰੋ ਨੂੰ ਇਹਨਾਂ ਗਲਾਂ ਦਾ ਦੁਖ ਜ਼ਰੂਰ ਲਗਦਾ ਪਰ ਹਸਕੇ ਟਾਲ ਦੇਂਦੀ। ਪਿਆਰੋ ਨੇ ਉਮੀਦ ਨਾ ਛਡੀ।

ਪਿਆਰੋ ਦੜ ਵਟਕੇ ਦਿਨ ਕੱਟਣ ਲਗ ਪਈ। ਤਕਰੀਬਨ ਤਿੰਨ ਸਾਲ ਇੰਜ ਹੀ ਲੰਘ ਗਏ। ਪਹਿਲਾਂ ਪਹਿਲਾਂ ਤਾਂ ਇਕ ਬਾਰ 'ਕਾਕਾ' ਚੱਕਰ ਮਾਰ ਗਿਆ ਸੀ। ਹੁਣ ਤਾਂ ਇੰਜ ਲਗਦਾ ਸੀ ਜਿਵੇਂ ਉਹ ਉਹਨੂੰ ਬਿਲਕੁਲ ਭੁਲ ਹੀ ਗਏ ਹੋਣ। ਦੋ ਸਾਲ ਪਹਿਲਾਂ ਜਦੋਂ ਉਹ ਘਰ ਗਈ ਸੀ ਤਾਂ ਦਲਜੀਤ ਕੌਰ ਨੇ ਕੁਛ ਦਿਨਾਂ ਬਾਦ ਹੀ ਸੌਹਰੀਂ ਭੇਜ ਦਿੱਤੀ ਸੀ। ਇਹ ਕਹਿਕੇ 'ਧੀਆਂ ਤਾਂ ਆਪਣੇ ਘਰੀਂ ਹੀ ਸੋਹਣੀਆਂ ਲਗਦੀਆਂ ਹਨ।' ਉਹਨੂੰ ਖਤਰਾ ਸੀ ਕਿਤੇ ਜੇ ਇਹ ਏਥੇ ਰਹਿ ਗਈ ਤਾਂ ਏਥੇ ਹੀ ਨਾ ਰਹਿ ਜਾਵੇ। ਕੰਮ ਸੇ ਕੰਮ ਜੇ ਸੌਹਰੀਂ ਬੈਠੀ ਹੋਊ ਉਹ ਆਪੇ ਹੀ ਭੇਜਣ ਦਾ ਫਿਕਰ ਕਰਨਗੇ।



ਆਖਿਰ ਦਿਲਿਓਂ ਚਿਠੀ ਆ ਗਈ ਤੇ ਰਾਹ ਦਾਰੀ ਭੀ ਆ ਗਈ। ਸਾਰੇ ਬੜੇ ਖੁਸ਼ ਸੀ।

ਜਗੀਰਦਾਰ ਆਪਣੀ ਕਾਰ ਲੈਕੇ ਕਾਕੇ, ਗੁਡੀ ਤੇ ਦਲਜੀਤ ਕੌਰ ਦੇ ਨਾਲ ਉਹਨੂੰ ਦਿਲੀ ਚਾੜ੍ਹਣ ਆਇਆ। ਤੁਰਨ ਤੋਂ ਇਕ ਦਿਨ ਪਹਿਲਾਂ ਉਹਦੇ ਪਿਉ ਨੇ ਉਹਨੂੰ ਸ਼ਾਇਦ ਜ਼ਿੰਦਗੀ ਵਿਚ ਪਹਿਲੀ ਬਾਰ ਜੱਫੀ ਵਿਚ ਲੈਕੇ ਸਿਰ ਪਲੋਸਿਆ ਤੇ ਕਿਹਾ, "ਧੀਏ ਸੁਖੀ ਰਹੇਂ। ਪਰ ਦੇਖੀਂ ਉਥੇ ਜਾਕੇ ਆਪਣੇ ਮਾਂ ਪਿਉ ਨਾ ਭੁਲ ਜਾਈਂ। ਕਾਕੇ ਤੇ ਗੁਡੀ ਦਾ ਭੀ ਖਿਆਲ ਰਖੀਂ।" ਪਿਆਰੋ ਦੇ ਦਿਲ ਵਿਚ ਅਜ ਪਹਿਲੀ ਬਾਰ ਠੰਡ ਪਈ ਸੀ ਬਸ ਉਹ ਚਾਹੁੰਦੀ ਸੀ ਕਿ ਉਹਦਾ ਬਾਪ ਉਹਨੂੰ ਉਂਜ ਹੀ ਛਾਤੀ ਨਾਲ ਲਾ ਰਖੇ ਤੇ ਸਿਰ ਤੋਂ ਹਥ ਨਾ ਚੁਕੇ। ਪਰ ਸ਼ਾਇਦ ਇਸ ਵਿਚ ਭੀ ਕੋਈ ਦਲਜੀਤ ਕੌਰ ਦੀ ਹੀ ਚਾਲ ਸੀ।

ਸਾਰੇ ਰਾਹ ਉਹ ਖਿਆਲੀ ਪੁਲਾਅ ਪਕੌਂਦੀ ਰਹੀ। ਕਿਸ ਤਰ੍ਹਾਂ ਮਿਲੇਗੀ ਉਹ ਜੋਗਿੰਦਰ ਨੂੰ। ਫੇਰ ਜਿਵੇਂ ਉਹ ਵਿਆਹ ਤੋਂ ਬਾਦ ਸੈਰ ਲਈ ਗਏ ਹੁਣ ਭੀ ਉਂਜ ਹੀ ਸੈਰ ਕਰਨਗੇ। ਉਹਦੇ ਕੋਲ ਅਪਣੀ ਕਾਰ ਹੋਵੇਗੀ। ਨਾ ਹੀ ਮਾਸੀ ਟੋਕਣ ਵਾਲੀ ਨਾ ਹੀ ਸੱਸ ਦਾ ਡਰ। ਬਸ ਇੰਜ ਲਗਦਾ ਸੀ ਉਹਦੇ ਦੁਖ ਸਾਰੇ ਦਿਲੀ ਹੀ ਰਹਿ ਗਏ ਨੇ। ਇਹਨਾਂ ਖਿਆਲਾਂ ਦੇ ਵਿਚ ਹੀ ਜਹਾਜ਼ ਕੁਛ ਦੇਰ ਜਪਾਨ ਰੁਕਕੇ ਆਖਿਰ ਸੈਨ ਫਰਾਂਸਿਸਕੋ ਪਹੁੰਚ ਗਿਆ।

ਸੂਰਜ ਚੜ੍ਹਣ ਵਾਲਾ ਸੀ ਪਰ ਸ਼ਹਿਰ ਦੇ ਲਾਟੂ ਬਹੁਤ ਸੋਹਣੇ ਲਗਦੇ ਸਨ। ਪਿਆਰੋ ਨੇ ਇਹੋ ਜਹੀਆਂ ਲਾਈਟਾਂ ਪਹਿਲਾਂ ਕਦੇ ਨਹੀਂ ਸੀ ਦੇਖੀਆਂ। ਮੀਲਾਂ ਬਧੀਂ ਜੁਗਨੂਆਂ ਵਰਗੇ ਲਾਟੂ। ਉਹਨੂੰ ਇਹ ਇੰਜ ਲਗਦਾ ਸੀ ਜਿਵੇਂ ਮੱਸਿਆ ਦੀਆਂ ਸਿਆਲਾਂ ਦੀ ਰਾਤਾਂ ਨੂੰ ਪਿੰਡ ਅੰਬਰ ਵਿਚ ਤਾਰੇ ਦਿਸਦੇ ਹੋਣ। ਆਖਿਰ ਜਹਾਜ਼ ਉਤਰਿਆ। ਇਕ ਹੋਰ ਪੜ੍ਹੀ ਲਿਖੀ ਆਪਣੀ ਬੀਬੀ ਉਹਦੀ ਜਹਾਜ਼ ਵਿਚ ਹੀ ਸਹੇਲੀ ਬਣ ਗਈ ਸੀ। ਉਹਨੂੰ ਦਸ ਗਿਆਰਾਂ ਸਾਲ ਹੋ ਗਏ ਸੀ ਅਮਰੀਕਾ ਰਹਿੰਦੀ ਨੂੰ। ਕਾਗਜ਼ ਬਗੈਰਾ ਭਰਣ ਵਿਚ ਉਹਨੇ ਕਾਫ਼ੀ ਮਦਦ ਕੀਤੀ। ਉਹਨੇ ਆਪਣਾ ਪਤਾ ਤੇ ਫੋਨ ਨੰਬਰ ਭੀ ਪਿਆਰੋ ਨੂੰ ਦੇ ਦਿਤਾ। ਪਰ ਉਹ ਤਾਂ ਛੇਤੀ ਹੀ ਨਿਕਲ ਗਈ ਤੇ ਪਿਆਰੋ ਨੂੰ ਕੁਛ ਵਕਤ ਲਗਾ।

ਬਾਹਰ ਜਦੋਂ ਆਈ ਤਾਂ ਉਹ ਇਧਰ ਉਧਰ ਝਾਕ ਰਹੀ ਸੀ ਪਰ ਜੋਗਿੰਦਰ ਕਿਧਰੇ ਭੀ ਨਜ਼ਰ ਨਾ ਆਇਆ। ਪਿਆਰੋ ਘਬਰਾ ਗਈ ਤੇ ਇਕ ਪਾਸੇ ਹੋਕੇ ਖੜੀ ਹੋ ਗਈ।

ਐਨੇ ਨੂੰ ਇਕ ਹੋਰ ਅਧਖੜ ਉਮਰ ਦਾ ਬੰਦਾ ਤੇ ਉਹਦੀ ਜ਼ਨਾਨੀ ਪਿਆਰੋ ਦੇ ਵਲ ਨੂੰ ਆਏ ਤੇ ਕਹਿਣ ਲਗੇ 'ਜੀ ਤੁਸੀਂ ਪਿਆਰ ਕੌਰ ਹੋ।'

"ਜੀ ਹਾਂ, ਤੇ ਤੁਸੀਂ"

ਫੇਰ 'ਪਾਲ' ਨੇ ਆਪਣੀ ਤੇ ਆਪਣੀ ਬੀਵੀ "ਜੋਲੀ" ਦੀ ਵਾਕਫੀਅਤ ਕਰਵਾਈ ਤੇ ਦਸਿਆ ਕਿ ਜੋਗਿੰਦਰ ਸਿੰਘ ਨੂੰ ਤਾਂ ਕੰਮ ਤੋਂ ਛੁਟੀ ਨਹੀਂ ਮਿਲੀ। ਇਸ ਕਰਕੇ ਅਸੀਂ ਆਏ ਹਾਂ। ਫੇਰ ਪਿਆਰੋ ਨੂੰ ਚੇਤਾ ਆਇਆ ਪਿਛਲੇ ਖਤ ਵਿਚ ਜੋਗਿੰਦਰ ਨੇ ਇਹਨਾਂ ਦਾ

ਜ਼ਿਕਰ ਕੀਤਾ ਸੀ ਤੇ ਇਹਨਾਂ ਵਾਸਤੇ ਕੁਛ ਸਮਾਨ ਲਿਆਉਣ ਵਾਸਤੇ ਭੀ ਚਿਠੀ ਵਿਚ ਲਿਖਿਆ ਸੀ।

ਥੋਹੜੀ ਦੇਰ ਗਲਾਂ ਬਾਤਾਂ ਕਰਨ ਤੋਂ ਬਾਦ ਪਿਆਰੋ ਦਾ ਡਰ ਕੁਛ ਘਟ ਗਿਆ ਪਰ ਹੋਰ ਕੋਈ ਚਾਰਾ ਤੇ ਭੀ ਨਹੀਂ ਸੀ ਉਹਦੇ ਕੋਲ। ਇਸ ਬਿਗਾਨੇ ਮੁਲਖ ਵਿਚ ਉਹ ਕਿਸੇ ਹੋਰ ਇਕ ਰੂਹ ਨੂੰ ਭੀ ਨਹੀਂ ਜਾਣਦੀ ਸੀ।

ਢਾਈ ਤਿੰਨ ਘੰਟਿਆਂ ਬਾਦ ਉਹ ਘਰ ਪਹੁੰਚੇ। ਦੋਪਹਿਰ ਹੋ ਚੁਕੀ ਸੀ। ਪਿਆਰੋ ਨੂੰ ਨੀਂਦ ਆ ਰਹੀ ਸੀ। ਕੁਛ ਹੋਰ ਹੀ ਸੁਧ ਬੁਧ ਜਹੀ ਭੁਲੀ ਪਈ ਸੀ। ਜੋਲੀ ਨੇ ਕਿਹਾ "ਪਿਆਰੋ ਤੂੰ ਸੌਂ ਜਾ।" ਪਿਆਰੋ ਨੂੰ ਇਹ ਅਜੀਬ ਜਿਹਾ ਲਗਾ ਉਹਨੂੰ ਹਾਲੇ ਤਾਈਂ ਕਿਸੇ ਨੇ ਸੌਣ ਲਈ ਨਹੀਂ ਸੀ ਕਿਹਾ। ਹਾਂ ਸੁਤੀ ਪਈ ਨੂੰ ਗਾਲਾਂ ਕਢਕੇ ਮੰਜੇ ਤੋਂ ਤਾਂ ਉਠਾਇਆ ਕਈ ਵਾਰ ਸੀ। ਪੈਂਦਿਆਂ ਸਾਰ ਹੀ ਉਹਦੀ ਅੱਖ ਲਗ ਗਈ। ਚਾਰ ਕੁ ਬਜੇ ਜਦੋਂ ਅਖ ਖੁਲੀ ਤਾਂ ਜੋਗਿੰਦਰ ਸਿੰਘ ਭੀ ਆ ਗਿਆ ਸੀ। ਪਿਆਰੋ ਪਹਿਲਾਂ ਤਾਂ ਸ਼ਰਮਾਈ। ਥੋਹੜਾ ਘਰ ਦਾ ਹਾਲ ਚਾਲ ਪੁਛਿਆ ਤੇ ਫੇਰ ਸ਼ਾਮ ਨੂੰ ਖਾਣਾ ਖਾਕੇ ਉਹ ਆਪਣੇ ਅਪਾਰਟਮੈਂਟ ਵਿਚ ਚਲੇ ਗਏ।

ਇਕ ਛੋਟਾ ਜਿਹਾ ਇਕ ਬੈਡ ਰੂਮ ਦਾ ਅਪਾਰਟਮੈਂਟ ਸੀ ਉਹ। ਤੇ ਇਹ ਦੂਸਰੀ ਮੰਜਿਲ ਤੇ ਰਹਿੰਦੇ ਸੀ। ਫਰਨੀਚਰ ਭੀ ਕੋਈ ਖਾਸ ਨਹੀਂ ਸੀ। ਪਹਿਲੇ ਕੁਛ ਹਫਤੇ ਤਾਂ ਉਹਨਾਂ ਨੇ ਚੰਗੀ ਤਰਾਂ ਗੁਜ਼ਾਰੇ। ਹਰ ਸ਼ਨੀਵਾਰ ਜਾਂ ਐਤਵਾਰ ਨੂੰ ਕਿਸੇ ਨਾ ਕਿਸੇ ਦੇ ਘਰ ਖਾਣਾ। ਇਕ ਬਾਰ ਉਹ ਪਿਆਰੋ ਨੂੰ 'ਦਾਹੋ' ਝੀਲ ਤੇ ਭੀ ਲੈਕੇ ਗਿਆ। ਪਿਆਰੋ ਹੈਰਾਨ ਹੋਈ ਕਿ ਉਥੇ ਲੋਕੀਂ ਸਾਰੀ ਸਾਰੀ ਰਾਤ ਨਹੀਂ ਸੌਂਦੇ। ਉਹ ਤਾਂ ਅੱਕਕੇ ਦੋ ਕੁ ਬਜੇ ਜਾਕੇ ਕਮਰੇ ਚ ਸੌਂ ਗਈ। ਜੋਗਿੰਦਰ ਪੰਜ ਬਜੇ ਤਕ ਤਾਸ਼ ਖੇਡੀ ਗਿਆ ਤੇ ਸ਼ਰਾਬ ਪੀਂਦਾ ਰਿਹਾ। ਫੇਰ ਆਕੇ ਸੌਂ ਗਿਆ ਤੇ ਦੋਪਹਿਰ ਤਕ ਸੁਤਾ ਹੀ ਰਿਹਾ।

ਇਹਨਾਂ ਕੁਛ ਹਫਤਿਆਂ ਵਿਚ ਹੀ ਪਿਆਰੋ ਨੂੰ ਇਹ ਪਤਾ ਲਗ ਗਿਆ ਕਿ ਇਹ ਸ਼ਰਾਬ ਕੁਛ ਜ਼ਰੂਰਤ ਤੋਂ ਜਿਆਦਾ ਹੀ ਪੀਂਦਾ ਹੈ। ਤੇ ਨਾਲੇ ਸਿਗਰਟ ਭੀ ਪੀਂਦਾ ਹੈ। ਪਹਿਲਾਂ ਕੁਛ ਦਿਨ ਤਾਂ ਲੁਕ ਛਿਪਕੇ ਪੀਂਦਾ ਰਿਹਾ। ਹੁਣ ਤਾਂ ਸਾਹਮਣੇ ਹੀ ਪੀਣ ਲਗ ਪਿਆ। ਇਕ ਦੋ ਬਾਰ ਪਿਆਰੋ ਨੇ ਦਬੀ ਜ਼ਬਾਨ ਨਾਲ ਕਿਹਾ ਭੀ ਕਿ "ਜੀ ਸ਼ਰਾਬ ਘਟ ਪਿਆ ਕਰੋ।" ਜੋਗਿੰਦਰ ਨੇ ਇਹ ਗਲ ਐਵੇਂ ਹੀ ਟਾਲ ਦਿਤੀ, "ਸਾਰੇ ਹੀ ਪੀਂਦੇ ਹਨ ਮੈਂ ਕੋਈ ਜਗ ਤੋਂ ਵਖਰੀ ਤਾਂ ਨਹੀਂ ਪੀਂਦਾ। ਸਾਰਾ ਦਿਨ ਕੰਮ ਕਰਦੇ ਥਕੇ ਟੁਟੇ ਹੋਏ ਜੇ ਦੋ ਘੁਟ ਪੀ ਭੀ ਲਈ ਤਾਂ ਕੀ ਪਹਾੜ ਟੁਟ ਗਿਆ।"

ਪਿਆਰੋ ਨੂੰ ਇਹ ਮਹਿਸੂਸ ਹੋ ਗਿਆ ਕਿ ਉਹਦਾ ਟੋਕਣਾ ਜੋਗਿੰਦਰ ਨੂੰ ਪਸੰਦ ਨਹੀਂ ਆਇਆ। ਉਸ ਤੋਂ ਬਾਅਦ ਉਸਨੇ ਆਪਣੇ ਆਪ ਨਾਲ ਇਹ ਵਾਇਦਾ ਈ ਕਰ ਲਿਆ ਕਿ ਉਹ ਇਸ ਬਾਰੇ ਅਗੇ ਤੋਂ ਕੁਛ ਨਹੀਂ ਕਹੇਗੀ ਤੇ ਦਿਲ ਵਿਚ ਸੋਚ ਰਹੀ ਸੀ ਜੇਹੜੀਆਂ ਜ਼ਨਾਨੀਆਂ ਸਾਰਾ ਦਿਨ ਕੰਮ ਕਰਕੇ ਥਕੀਆਂ ਟੁਟੀਆਂ ਆਕੇ ਸ਼ਾਮ ਨੂੰ ਰੋਟੀ ਟੁਕ ਭੀ



ਕਰਦੀਆਂ ਹਨ ਉਹ ਕਿਉਂ ਨਹੀਂ ਪੀਂਦੀਆਂ। ਉਹਨਾਂ ਦਾ ਗੁਜ਼ਾਰਾ ਕਿਦਾਂ ਹੁੰਦਾ ਹੈ।

ਜੋਗਿੰਦਰ ਸਬੇਰੇ ਪੰਜ ਵਜੇ ਘਰੋਂ ਨਿਕਲ ਜਾਂਦਾ ਤੇ ਸ਼ਾਮ ਨੂੰ ਸਤ ਅਠ ਵਜੇ ਮੁੜਕੇ ਆਉਂਦਾ। ਪਿਆਰੋ ਨੂੰ ਇਹ ਭੀ ਨਹੀਂ ਸੀ ਪਤਾ ਕਿ ਇਹ ਕੀ ਕੰਮ ਕਰਦਾ ਹੈ ਨਾ ਹੀ ਉਹਦੀ ਪੁੱਛਣ ਦੀ ਹਿੰਮਤ ਪਈ।

ਘਰ 'ਚ ਕੰਮ ਭੀ ਕੋਈ ਖਾਸ ਨਹੀਂ ਸੀ। ਉਹਨੂੰ ਤੋਰਕੇ ਫੇਰ ਵੇਹਲੀ। ਕਾਰ ਚਲਾਉਣੀ ਨਹੀਂ ਸੀ ਆਉਂਦੀ। ਟੀ. ਵੀ. ਲਾਉਂਦੀ ਤਾਂ ਕੁਛ ਸਮਝ ਨਾ ਆਉਂਦੀ। ਪਰ ਇਕ ਗੱਲ ਚੰਗੀ ਲਗਦੀ। ਉਹਨੂੰ ਹੁਣ ਕੋਈ ਸਾਰਾ ਦਿਨ ਟੋਕਾ ਟੋਕੀ ਕਰਣ ਵਾਲਾ ਨਹੀਂ ਸੀ। ਉਹਨੂੰ ਬੋਰ ਹੁੰਦੀ ਦੇਖਕੇ "ਜੋਲੀ" ਨੇ ਕਦੇ ਕਦਾਈਂ ਉਹਨੂੰ ਕਿਰਾਏ ਤੇ ਹਿੰਦੀ ਜਾਂ ਪੰਜਾਬੀ ਫਿਲਮ ਲਿਆ ਦੇਣੀ। ਕਈ ਦਫਾ ਇਕ ਦਿਨ ਵਿਚ ਉਸਨੇ ਦੋ ਦੋ ਫਿਲਮਾਂ ਭੀ ਦੇਖੀਆਂ। ਸਾਰਾ ਦਿਨ ਅਪਾਰਟਮੈਂਟ ਵਿਚ ਬੈਠੀ ਦਾ ਉਹਦਾ ਦਮ ਘੁਟਦਾ। ਉਹਨੂੰ ਇੰਜ ਲਗਦਾ ਸੀ ਜਿਵੇਂ ਕਿਸੇ ਜੰਗਲੀ ਪੰਛੀ ਦੇ, ਕਿਸੇ ਨੇ ਫੰਗ ਕਟਕੇ ਇਕ ਪਿੰਜਰੇ ਵਿਚ ਬੰਦ ਕਰ ਦਿਤਾ ਹੋਵੇ। ਉਸਨੇ ਕਈ ਬਾਰ, ਜੋ ਬੁੜ੍ਹੇ ਬੁੜ੍ਹੀਆਂ ਅਮਰੀਕਾ ਜਾਂ ਕਨੇਡਾ ਤੋਂ ਆਪਣੇ ਧੀਆਂ ਪੁਤਰਾਂ ਨੂੰ ਮਿਲਕੇ ਜਾਂਦੇ ਸੀ, ਇਹ ਕਹਿੰਦੇ ਸੁਣੇ ਸੀ, ਕਿ ਅਮਰੀਕਾ ਤਾਂ ਖੁਲ੍ਹੀ ਜੇਹਲ ਹੈ। ਉਹਦੀ ਉਹਨੂੰ ਹੁਣ ਸਮਝ ਆ ਗਈ ਕਿ 'ਖੁਲ੍ਹੀ ਜੇਹਲ' ਦਾ ਕੀ ਮਤਲਬ ਸੀ। ਸਭ ਆਪੋ ਆਪਣੇ ਘਰੀਂ ਬੂਹੇ ਬਾਰੀਆਂ ਬੰਦ ਕਰਕੇ ਬੈਠੇ ਰਹਿੰਦੇ ਸਨ। ਉਹਨੂੰ ਹਾਲੇ ਇਹ ਭੀ ਨਹੀਂ ਸੀ ਪਤਾ ਕਿ ਉਹਦੇ ਗੁਆਂਢੀ ਕੌਣ ਹਨ।

ਕਦੇ ਕਦਾਈਂ 'ਜੋਲੀ' ਉਹਨੂੰ ਫੋਨ ਕਰ ਲੈਂਦੀ। ਕਾਫੀ ਕਾਫੀ ਦੇਰ ਫੋਨ ਤੇ ਗਲਾਂ ਕਰਦੀਆਂ ਰਹਿੰਦੀਆਂ। ਹੋਲੀ ਹੋਲੀ ਗਲਾਂ ਗਲਾਂ ਚੋਂ ਉਹਨੂੰ ਇਹ ਪਤਾ ਲਗ ਗਿਆ ਕਿ ਜੋਗਿੰਦਰ 'ਲਿੰਡਾ' ਨਾਲ ਵਿਆਹਿਆ ਹੋਇਆ ਸੀ। ਇਹਨਾਂ ਦੇ ਵਿਆਹ ਤੋਂ ਪਹਿਲਾਂ ਇਕ ਦਿਨ ਇਸਨੇ ਸ਼ਰਾਬੀ ਹੋਏ ਨੇ ਉਹਨੂੰ ਕੁੱਟਿਆ। ਉਨੇ ਝਟ ਪੁਲਿਸ ਸੱਦ ਲਈ। ਕੁਛ ਦਿਨ ਜੋਗਿੰਦਰ ਨੇ ਜੇਹਲ ਵਿਚ ਭੀ ਕੱਟੇ ਤੇ ਫੇਰ ਛੁਟ ਛੁਟਾਈ ਹੋ ਗਈ। ਤਲਾਕ ਦੇਕੇ ਇਹ ਦੇਸ ਵਿਆਹ ਕਰਵਾਉਣ ਚਲਾ ਗਿਆ। ਪਰ ਜਦੋਂ ਮੁੜਕੇ ਆਇਆ ਤੇ ਫੇਰ ਸੁਲ੍ਹਾ ਸਫਾਈ ਹੋ ਗਈ। ਫੇਰ ਇਹ ਜ਼ਿਆਦਾ ਇਕਠੇ ਹੀ ਰਹਿੰਦੇ ਰਹੇ ਨੇ। ਪਿਆਰੋ ਨੂੰ ਦੇਰ ਨਾਲ ਸੱਦਣ ਦਾ ਇਹ ਹੀ ਕਾਰਣ ਸੀ ਕਿ ਲਿੰਡਾ ਨਹੀਂ ਸੀ ਚਾਹੁੰਦੀ ਇਹ ਆਵੇ।

ਪਰ ਜੋਗਿੰਦਰ ਦੇ ਘਰਦਿਆਂ ਦੇ ਜ਼ੋਰ ਤੇ ਆਖਿਰ ਉਸਨੇ ਰਾਹਦਾਰੀ ਭੇਜ ਦਿਤੀ। ਕੁਛ ਹਫਤੇ ਪਹਿਲਾਂ ਹੀ ਇਸਨੇ ਇਹ ਅਪਾਰਟਮੈਂਟ ਲਿਆ ਹੈ।

ਪਿਆਰੋ ਨੂੰ ਇਹ ਬੁਰਾ ਲਗਿਆ ਪਰ ਕੁਛ ਨਾ ਕਿਹਾ। ਸੋਚਿਆ ਸ਼ਾਇਦ ਉਹ ਪਿਆਰ ਦੇ ਨਾਲ ਜੋਗਿੰਦਰ ਦਾ ਦਿਲ ਜਿੱਤ ਲਵੇਗੀ। ਪਰ ਇੰਜ ਨਾ ਹੋ ਸਕਿਆ। ਹੋਲੀ ਹੋਲੀ ਜਦੋਂ ਜੋਗਿੰਦਰ ਨੂੰ ਇਹ ਪਤਾ ਲਗ ਗਿਆ ਕਿ ਪਿਆਰੋ ਨੂੰ 'ਜੋਲੀ' ਤੋਂ ਲਿੰਡਾ ਬਾਰੇ ਪਤਾ ਚਲ ਗਿਆ ਹੈ ਤਾਂ ਉਹ ਜੋਲੀ ਨਾਲ ਲੜ ਪਿਆ ਤੇ ਬੋਲਣਾ ਚੱਲਣਾ ਛਡ ਦਿਤਾ।

ਪਿਆਰੋ ਕਦੇ ਕਦੇ ਐਤਵਾਰ ਨੂੰ ਗੁਰਦਵਾਰੇ ਜਾ ਆਉਂਦੀ ਸੀ 'ਜੋਲੀ' ਨਾਲ ਉਹ

ਭੀ ਹੁਣ ਬੰਦ ਹੋ ਗਿਆ। ਉਹਨੂੰ ਯਾਦ ਹੈ ਜਦੋਂ ਏਥੇ ਆਉਣ ਤੋਂ ਬਾਅਦ ਉਹ ਪਹਿਲੀ ਵਾਰ ਗੁਰਦਵਾਰੇ ਗਈ ਤਾਂ ਲੰਗਰ ਵਿਚ ਕੋਲ ਬੈਠੀਆਂ ਜ਼ਨਾਨੀਆਂ ਘੁਸਰ ਮੁਸਰ ਕਰ ਰਹੀਆਂ ਸੀ। "ਨੀ ਤਕਦੀਰ ਦੇਖੋ ਜੋਗਿੰਦਰ ਦੀ ਕਿੰਨੀ ਸੋਹਣੀ ਕੁੜੀ ਵਿਆਹ ਕੇ ਲਿਆਇਆ ਹੈ।" ਪਿਆਰੋ ਸ਼ਰਮਾ ਗਈ ਜਦੋਂ ਉਸਨੂੰ ਪਤਾ ਲਗਾ ਕਿ ਉਹ ਇਹਦੇ ਵਲ ਦੇਖ ਰਹੀਆਂ ਹਨ। ਇਕ ਜ਼ਨਾਨੀ ਜੋ ਸ਼ਾਇਦ ਜੋਗਿੰਦਰ ਨੂੰ ਜਾਣਦੀ ਸੀ ਉਹ ਇਹ ਕਹਿੰਦੀ ਸੁਣੀ, "ਬੇਚਾਰੀ ਰੋਏਗੀ ਕਿਸਮਤ ਨੂੰ।" ਪਿਆਰੋ ਨੂੰ ਉਸ ਦਿਨ ਇਹ ਸਮਝ ਨਾ ਆਈ। ਉਹ ਚਾਹੁੰਦੀ ਸੀ ਕਿ ਉਹ ਜ਼ਨਾਨੀ ਨੂੰ ਖੜ੍ਹਾ ਕਰਕੇ ਪੁੱਛੇ ਤੇਰਾ ਕੀ ਮਤਲਬ ਇਹ ਕਹਿਣ ਦਾ। ਪਰ ਪਿਆਰੋ ਦੀ ਹਿੰਮਤ ਨਾ ਪਈ ਤੇ ਹੁਣ ਉਹਨੂੰ ਉਹਦੀ ਗਲ ਦਾ ਮਤਲਬ ਸਮਝ ਆ ਰਿਹਾ ਸੀ। ਹੁਣ ਪਿਆਰੋ ਇਸ ਵੱਡੇ ਜਹਾਨ ਵਿਚ ਇਕੱਲੀ ਸੀ। ਕਦੇ ਕਦਾਈਂ ਪਿੰਡੋਂ ਬਾਪੂ ਦਾ ਖਤ ਆਉਂਦਾ ਪਰ ਉਸ ਵਿਚ ਜ਼ਿਆਦਾਂ ਇਸੇ ਗਲ ਤੇ ਜ਼ੋਰ ਹੁੰਦਾ ਕਿ ਤੂੰ ਹਾਲੇ ਗੁਡੀ ਤੇ ਕਾਕੇ ਲਈ ਫਾਰਮ ਭਰੇ ਹਨ ਕਿ ਨਹੀਂ ਜੇ ਨਹੀਂ ਤੂੰ ਛੇਤੀ ਭਰ ਦੇ। ਗੁਡੀ ਭੀ ਹੁਣ ਵਿਹਾਉਣ ਵਾਲੀ ਹੋ ਗਈ ਹੈ। ਇਕ ਦਿਨ ਦਲਜੀਤ ਕੌਰ ਦਾ ਖਤ ਆਇਆ ਜਿਸ ਵਿਚ ਉਸ ਲਿਖਿਆ ਸੀ, "ਬੇਟੀ ਮੈਂ ਤੈਨੂੰ ਆਪਣੀ ਭੈਣ ਦੀ ਨਿਸ਼ਾਨੀ ਸਮਝਕੇ ਧੀਆਂ ਵਾਂਗ ਪਾਲਿਆ ਹੈ। ਮੈਂ ਕਦੇ ਤੇਰੇ ਤੇ ਗੁਡੀ ਵਿਚ ਕੋਈ ਫਰਕ ਨਹੀਂ ਰਖਿਆ ਲੋਕ ਭਾਵੇਂ ਕੁਛ ਭੀ ਕਹਿਣ ਤੂੰ ਦੇਖੀਂ ਹੁਣ ਕਿਤੇ ਆਪਣੇ ਭਰਾ ਤੇ ਭੈਣ ਨੂੰ ਨਾ ਭੁਲ ਜਾਈਂ।"

ਪਿਆਰੋ ਨੂੰ ਦਲਜੀਤ ਕੌਰ ਫੂਫਾਕੁਟਣੀ ਲਗੀ। ਅਸਲੀਅਤ ਤਾਂ ਉਹਦੇ ਹਡ ਹਡ ਵਿਚ ਭਰੀ ਹੋਈ ਸੀ।

ਜਵਾਬ ਵਿਚ ਪਿਆਰੋ ਨੇ ਲਿਖ ਦਿਤਾ ਕਿ ਮੈਨੂੰ ਤਾਂ ਨਾਗਰਿਕ ਬਣਨ ਨੂੰ ਪੰਜ ਸਾਲ ਲਗ ਜਾਣੇ ਹਨ ਤੇ ਉਸ ਤੋਂ ਬਾਦ ਹੀ ਮੈਂ ਇਹਨਾਂ ਨੂੰ ਸੱਦ ਸਕਦੀ ਹਾਂ।

ਵਕਤ ਲੰਘਦਾ ਗਿਆ। ਹੁਣ ਫੇਰ ਲਿੰਡਾ ਤੇ ਜੋਗਿੰਦਰ ਖੁਲ੍ਹਮ ਖੁਲ੍ਹਾ ਮਿਲਣ ਲਗ ਪਏ। ਲਿੰਡਾ ਘਰੇ ਫੋਨ ਭੀ ਕਰਨ ਲਗ ਪਈ। ਜੋਗਿੰਦਰ ਹੁਣ ਕਈ ਬਾਰ ਰਾਤ ਨੂੰ ਭੀ ਘਰ ਨਾ ਆਉਂਦਾ ਤੇ ਸਾਰੀ ਰਾਤ ਲਿੰਡਾ ਦੇ ਘਰ ਹੀ ਗੁਜ਼ਾਰ ਦਿੰਦਾ। ਚੋਰੀਂ ਛੁਪੇ ਪਿਆਰੋ ਨੇ ਜੋਲੀ ਨਾਲ ਗਲ ਕੀਤੀ ਪਰ ਉਹ ਨੇ ਆਪਣੀ ਬੇਬਸੀ ਦਿਖਾਈ। ਪਿਆਰੋ ਨੇ ਆਪਣੀ ਉਸ ਸਹੇਲੀ ਨੂੰ ਭੀ ਫੋਨ ਕੀਤਾ ਜੋ ਜਹਾਜ ਵਿਚ ਇਹ ਦੇ ਨਾਲ ਆਈ ਸੀ। ਜਦੋਂ ਪਿਆਰੋ ਨੂੰ ਆਪਣੇ ਘਰ ਵਾਲੇ ਬਾਰੇ ਦਸਿਆ ਤੇ ਉਹ ਮੂੰਹਰਿਓਂ ਕਹਿਣ ਲਗੀ, "ਭੈਣੇ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦੀ। ਏਥੇ ਤਾਂ ਘਰ ਘਰ ਹੀ ਇਹੀ ਹਾਲ ਹੈ। ਸ਼ਰਾਬ ਤਾਂ ਲੋਕ ਪਾਣੀ ਵਾਂਗ ਪੀਂਦੇ ਹਨ। ਮੇਰੇ ਘਰ ਵਾਲਾ ਤਾਂ ਖੁਦ ਸ਼ਰਾਬੀ ਹੈ ਤੈਨੂੰ ਮੈਂ ਕੀ ਦਸਾਂ।" ਉਸ ਦੇ ਮਗਰੋਂ ਪਿਆਰੋ ਨੇ ਉਹਨੂੰ ਭੀ ਕਦੇ ਫੋਨ ਨਾ ਕੀਤਾ।

ਇਸ ਬਾਰ ਸਾਰਾ ਹੀ ਵੀਕਐਂਡ ਉਹ ਘਰ ਨਾ ਆਇਆ। ਸ਼ਾਇਦ ਸ਼ੁਕਰਵਾਰ ਨੂੰ ਭੀ ਕੰਮ ਤੋਂ ਬਾਦ ਉਹ ਲਿੰਡਾ ਨਾਲ ਝੀਲ 'ਦਾਹੋ' ਤੇ ਚਲਾ ਗਿਆ ਸੀ। ਐਤਵਾਰ ਸ਼ਾਮ ਨੂੰ ਉਹ ਜਦੋਂ ਘਰ ਆਇਆ ਤਾਂ ਪਿਆਰੋ ਕੋਲੋਂ ਰਹਿ ਨਾ ਹੋਇਆ ਤੇ ਕਹਿਣ ਲਗੀ,



"ਕੰਮ ਦੇ ਕੰਮ ਇਹ ਤਾਂ ਦਸੋ ਤੁਸੀਂ ਜਾਂਦੇ ਕਿਥੇ ਹੋ।" ਜੋਗਿੰਦਰ ਗੁੱਸੇ ਨਾਲ ਬੋਲਿਆ, "ਤੂੰ ਕੌਣ ਹੁੰਦੀ ਏਂ ਮੈਨੂੰ ਪੁੱਛਣ ਵਾਲੀ। ਮੇਰਾ ਜਿਥੇ ਜੀ ਕਰੂਗਾ ਮੈਂ ਜਾਊਂਗਾ। ਕਿਸ ਚੀਜ਼ ਦੀ ਘਾਟ ਹੈ ਤੇਰੇ ਕੋਲੇ। ਐਨਾ ਸ਼ੁਕਰ ਨਹੀਂ ਕਰਦੀ ਤੈਨੂੰ ਮੈਂ ਉਸ ਨਰਕ 'ਚੋਂ ਕਢਕੇ ਅਮਰੀਕਾ ਲੈ ਆਇਆ ਹਾਂ।"

ਪਿਆਰੋ ਦਾ ਦਿਲ ਤਾਂ ਬਹੁਤ ਕੁਛ ਕਹਿਣ ਨੂੰ ਕਰਦਾ ਸੀ ਪਰ ਸਭ ਚੁਪਚਾਪ ਪੀ ਗਈ। ਕਹਿਣ ਲਗੀ, "ਗੁਸੇ ਕਾਹਨੂੰ ਹੁੰਦੇ ਹੋ। ਮੈਂ ਤਾਂ ਐਨਾ ਹੀ ਪੁੱਛਿਆ ਸੀ ਕਿਥੇ ਗਏ ਸੀ। ਤੁਹਾਨੂੰ ਕੀ ਪਤਾ ਮੈਂ ਇਹ ਦੋ ਰਾਤਾਂ ਕਿਦਾਂ ਕੱਟੀਆਂ ਹਨ।" ਤੇ ਰੋਣ ਲਗ ਪਈ।

ਜੋਗਿੰਦਰ ਭੀ ਚੁਪ ਕਰ ਗਿਆ ਪਰ ਕਿਹਾ ਕੁਛ ਨਹੀਂ ਤੇ ਸ਼ਰਾਬ ਪੀ ਕੇ ਸੌਂ ਗਿਆ। ਪਿਆਰੋ ਦਾ ਚਿਤ ਕੀਤਾ ਇਹਨੂੰ ਛੱਡ ਕੇ ਕਿਤੇ ਚਲੀ ਜਾਵੇ ਪਰ ਕਿਥੇ? ਉਹਦਾ ਇਸ ਜੱਗ ਤੇ ਹੈ ਹੀ ਕੌਣ ਸੀ। ਉਹ ਸੋਚ ਰਹੀ ਸੀ ਮੇਰੇ ਭਾਗਾਂ ਵਿਚ ਤਾਂ ਪਿਛੇ ਭੀ ਨਰਕ ਸੀ ਤੇ ਅਗਾਂਹ ਭੀ ਨਰਕ ਹੀ ਦਿਸਦਾ ਹੈ।

ਕੁਛ ਦਿਨਾਂ ਬਾਦ ਉਹ ਨੂੰ ਮਾਹਵਾਰੀ ਨਾ ਆਈ। ਉਲਟੀਆਂ ਭੀ ਲਗ ਗਈਆਂ। ਹਫਤਾ ਕੁ ਜਦੋਂ ਮੰਜੇ ਤੇ ਪਈ ਨੂੰ ਹੋ ਗਿਆ ਤਾਂ ਆਖੀਰ ਨੂੰ ਉਹ ਕਾਉਂਟੀ ਹਸਪਤਾਲ ਲੈ ਗਿਆ ਕਿਉਂਕਿ ਉਸ ਕੋਲ ਬੀਮਾ ਨਹੀਂ ਸੀ। ਪਤਾ ਲਗਾ ਕਿ ਗਰਭਵਤੀ ਹੈ। ਪਰ ਜੋਗਿੰਦਰ ਨੇ ਕੋਈ ਖੁਸ਼ੀ ਜ਼ਾਹਿਰ ਨਾ ਕੀਤੀ। ਪਿਆਰੋ ਦਿਲ ਵਿਚ ਸੋਚ ਰਹੀ ਸੀ। ਚਲੋ ਮੇਰੇ ਕਰਕੇ ਤਾਂ ਨਾ ਸਹੀ, ਆਪਣੇ ਖੂਨ ਦੀ ਖਾਤਿਰ ਹੀ ਸ਼ਾਇਦ ਇਹ ਸੁਧਰ ਜਾਵੇਗਾ। ਪਰ ਜੋਗਿੰਦਰ ਦੀ ਆਦਤ ਤੇ ਕੋਈ ਫਰਕ ਨਾ ਪਿਆ। ਹੌਲੀ ਹੌਲੀ ਸਮਾਂ ਪੂਰਾ ਹੋ ਗਿਆ। ਜੋਗਿੰਦਰ ਦਾ ਜਦੋਂ ਦਿਲ ਕਰਦਾ ਘਰ ਆਉਂਦਾ ਜਦੋਂ ਚਿਤ ਕਰਦਾ ਨਾਂ ਆਉਂਦਾ। ਇੰਜ ਸਮਝ ਲੋ—ਭਾਵੇਂ ਗੈਰਕਨੂੰਨੀ ਹੀ ਸਹੀ ਉਹਦੇ ਹੁਣ ਦੋ ਘਰ ਸਨ ਇਕ ਵਿਚ ਲਿੰਡਾ ਤੇ ਇਕ ਵਿਚ ਪਿਆਰੋ। ਫਰਕ ਐਨਾ ਹੀ ਸੀ ਕਿ ਲਿੰਡਾ ਖੁਦ ਨੌਕਰੀ ਕਰਦੀ ਸੀ ਤੇ ਆਪਣੇ ਆਪ ਸਾਂਭ ਰਹੀ ਸੀ ਤੇ ਪਿਆਰੋ ਦਾ ਖਰਚਾ ਔਖਾ ਸੌਖਾ ਜੋਗਿੰਦਰ ਦੇਂਦਾ ਸੀ। ਅਖੀਰ ਇਕ ਵੀਕ ਐਂਡ ਤੇ ਪੇਟ 'ਚ ਦਰਦ ਸ਼ੁਰੂ ਹੋ ਗਿਆ ਪਰ ਜੋਗਿੰਦਰ ਦਾ ਕੋਈ ਪਤਾ ਨਹੀਂ ਸੀ। ਡਰਦਿਆਂ ਡਰਦਿਆਂ ਪਿਆਰੋ ਨੇ ਲਿੰਡਾ ਦੇ ਘਰ ਭੀ ਫੋਨ ਕੀਤਾ ਉਥੇ ਭੀ ਕੋਈ ਨਹੀਂ ਸੀ ਕਿਸੇ ਫੋਨ ਨਾ ਚੁਕਿਆ। ਆਖਿਰ ਉਹਨੇ ਜੋਲੀ ਨੂੰ ਤਰਲਾ ਕੀਤਾ। ਜੋਲੀ ਉਹਨੂੰ ਰਾਤ ਨੂੰ ਹਸਪਤਾਲ ਲੈਕੇ ਗਈ ਤੇ ਉਹਦੇ ਕੋਲ ਰਹੀ। ਸ਼ਨੀਵਾਰ ਨੂੰ ਸਬੇਰੇ ਉਹਦੇ ਇਕ ਬੜੀ ਸੋਹਣੀ ਬੱਚੀ ਹੋ ਗਈ। ਪਿਆਰੋ ਨੂੰ ਆਪਣੇ ਜ਼ਨਮ ਦੀਆਂ ਗਲਾਂ ਯਾਦ ਆਈਆਂ ਜੋ ਉਹਦੀ ਦਾਦੀ ਦਸਦੀ ਹੁੰਦੀ ਸੀ। 'ਦਾਦੀ' ਦੀ ਯਾਦ ਆਈ। ਜੇ ਕਿਤੇ ਉਹ ਅਜ ਨੇੜੇ ਹੁੰਦੀ ਤਾਂ ਪਿਆਰੋ ਉਹਦੀ ਗੋਦੀ ਵਿਚ ਸਿਰ ਦੇਕੇ ਰੋ ਲੈਂਦੀ ਤੇ ਆਪਣਾ ਦਿਲ ਹੌਲਾ ਕਰ ਲੈਂਦੀ। ਜੋਲੀ ਨੇ ਬਹੁਤ ਮਦਦ ਕੀਤੀ। ਜੋਗਿੰਦਰ ਤੋਂ ਡਰਦਿਆਂ ਡਰਦਿਆਂ ਪਰ ਕੋਈ ਪਿਆਰੋ ਦੇ ਦੁਖ ਨੂੰ ਨਾ ਵੰਡਾ ਸਕਿਆ। ਆਪਣੀ ਬੱਚੀ ਦੀ ਭੋਲੀ ਸੂਰਤ ਵਲ ਵੇਖਦੀ ਤੇ ਪਿਆਰੋ ਦਾ ਦਿਲ ਕੰਬ ਜਾਂਦਾ। ਇਹ ਸੋਚਕੇ ਕਿ ਕਿਤੇ ਇਹਦਾ ਹਾਲ ਵੀ ਮੇਰੇ

ਵਾਲਾ ਨਾ ਹੋਵੇ।

ਐਤਵਾਰ ਸ਼ਾਮ ਨੂੰ ਜਦੋਂ ਜੋਗਿੰਦਰ ਬਾਹਰੋਂ ਵਾਪਿਸ ਆਇਆ ਤੇ ਉਹਨੂੰ ਪਤਾ ਲਗਾ ਕਿ ਉਹ ਬਾਪ ਬਣ ਗਿਆ ਹੈ। ਹਸਪਤਾਲ ਮਿਲਣ ਗਿਆ ਪਰ ਕੋਈ ਖੁਸ਼ੀ ਜ਼ਾਹਿਰ ਨਾ ਕੀਤੀ। ਪਿਆਰੋ ਨੂੰ ਕਹਿਣ ਲਗਾ, "ਤੂੰ ਤੇ ਕਹਿੰਦੀ ਸੀ ਹਾਲੇ ਦੋ ਤਿੰਨ ਹਫਤੇ ਹੋਰ ਪਏ ਨੇ ਇਹਦੇ ਜੰਮਣ ਵਿਚ। ਫੇਰ ਇਹ ਕਿਦਾਂ ਹੋ ਗਿਆ" ਪਿਆਰੋ ਕਹਿੰਦੀ "ਮੈਨੂੰ ਕੀ ਪਤਾ ਹੈ। ਬੱਚੇ ਕੇਹੜਾ ਪੁਛਕੇ ਜੰਮਦੇ ਜਾਂ ਮਰਦੇ ਨੇ।" 'ਜੋਲੀ' ਹੁਣ ਫੇਰ ਕਦੇ ਕਦੇ ਆਕੇ ਉਹਦੀ ਮਦਦ ਕਰ ਜਾਂਦੀ। ਜੋਗਿੰਦਰ ਹੁਣ ਕੁਛ ਨਹੀਂ ਸੀ ਕਹਿੰਦਾ ਉਹਦਾ ਗੁਸਾ ਭੀ ਠੰਢਾ ਹੋ ਗਿਆ ਸੀ। ਬੱਚੀ ਦਾ ਨਾਂ ਜੋਲੀ ਦੇ ਕਹਿਣ ਤੇ ਪਿਆਰੋ ਨੇ 'ਡੋਲੀ' ਰਖ ਦਿਤਾ ਤੇ ਸੀ ਭੀ ਉਹ ਗੁਡੀਆਂ ਵਰਗੀ।

ਹੋਲੀ ਹੋਲੀ ਡੋਲੀ ਰੁੜਣ ਤੇ ਤੁਰਨ ਲਗ ਪਈ। ਅਗੇ ਦੋਹਾਂ ਜੀਆਂ ਦਾ ਖਰਚਾ ਜੋਗਿੰਦਰ ਨੂੰ ਚੁਭਦਾ ਸੀ ਹੁਣ ਇਕ ਬਚੇ ਦਾ ਖਰਚ ਹੋਰ। ਘਰ ਵਿਚ ਫੇਰ ਲੜਾਈ ਰਹਿਣ ਲਗ ਪਈ। ਆਖਿਰ ਜੋਲੀ ਨੇ ਪਿਆਰੋ ਨੂੰ ਸਲਾਹ ਦਿਤੀ ਕਿ ਬਚੀ ਨੂੰ ਉਹਦੀ ਸੱਸ ਸਾਂਭ ਲਿਆ ਕਰੇਗੀ ਜੋ ਉਹਦੇ ਬਚਿਆਂ ਨੂੰ ਭੀ ਸਾਂਭਦੀ ਹੈ ਤੇ ਪਿਆਰੋ ਕੰਮ ਕਰਨ ਲਗ ਜਾਵੇ। ਪਿਆਰੋ ਨੇ ਜਦ ਜੋਗਿੰਦਰ ਤੋਂ ਪੁਛਿਆ ਤੇ ਕਹਿਣ ਲਗਾ, "ਜਿਵੇਂ ਤੇਰੀ ਮਰਜੀ ਹੈ ਕਰ। ਐਵੇਂ ਮੇਹਨੇ ਨਾ ਮਾਰੀਂ ਕਿ ਮੈਂ ਜਗੀਰਦਾਰ ਦੀ ਕੁੜੀ ਹਾਂ। ਕੰਮ ਤਾਂ ਮਸਾਂ ਮੇਹਨਤ ਮਜਦੂਰੀ ਵਾਲਾ ਹੀ ਮਿਲਣਾ ਹੈ ਜੇ ਚਾਰ ਜਮਾਤਾਂ ਪੜ੍ਹੀ ਹੁੰਦੀ ਤਾਂ ਕੋਈ ਸੌਖਾ ਕੰਮ ਮਿਲ ਜਾਂਦਾ।"

ਪਿਆਰੋ ਕੁਛ ਭੀ ਕਰਨ ਨੂੰ ਤਿਆਰ ਸੀ। ਆਖਿਰ ਜੋਲੀ ਦੀ ਮਦਦ ਨਾਲ ਉਹਨੂੰ ਪਹਿਲਾਂ 'ਚੈਰੀਆਂ' ਵਿਚ ਤੇ ਫੇਰ 'ਕੈਨਰੀ' ਵਿਚ ਕੰਮ ਮਿਲ ਗਿਆ। ਜੋਲੀ ਭੀ ਕਈ ਸਾਲਾਂ ਤੋਂ ਉਥੇ ਹੀ ਕੰਮ ਕਰਦੀ ਸੀ। ਉਹ ਹੀ ਨਾਲ ਲੈ ਜਾਂਦੀ ਤੇ ਉਹ ਹੀ ਛਡ ਜਾਂਦੀ। ਜੋ ਭੀ ਉਹ ਪੈਸੇ ਬਣਾਕੇ ਲਿਆਉਂਦੀ ਆਪਨੀ ਬਚੀ ਦੀਆਂ ਤੇ ਘਰਦੀਆਂ ਲੋੜਾਂ ਪੂਰੀਆਂ ਕਰ ਲੈਂਦੀ। ਹੋਲੀ ਹੋਲੀ ਜੋਗਿੰਦਰ ਘਰ ਦੀ ਜ਼ੁੰਮੇਵਾਰੀ ਤੋਂ ਭੀ ਫਾਰਿਗ ਹੋ ਗਿਆ। ਬਸ ਕਮਰੇ ਦਾ ਕਿਰਾਇਆ ਦੇ ਦੇਂਦਾ। ਬਾਕੀ ਪਿਆਰੋ ਜਾਣੇ ਤੇ ਉਹਦਾ ਕੰਮ। ਪਿਆਰੋ ਨੇ ਜੀ ਤੋੜਕੇ ਕੰਮ ਕੀਤਾ। ਇਕ ਗਲੋਂ ਚੰਗਾ ਸੀ ਕੁਛ ਦੇਰ ਲਈ ਤਾਂ ਉਸ ਨੂੰ ਜੇਹਲ 'ਚੋ ਬਾਹਰ ਨਿਕਲਣਾ ਮਿਲਦਾ ਸੀ ਤੇ ਨਾਲੇ ਡਾਲਰ ਡਾਲਰ ਲਈ ਜੋਗਿੰਦਰ ਅਗੇ ਹਥ ਨਹੀਂ ਸੀ ਅੱਡਣੇ ਪੈਂਦੇ। ਸਗੋਂ ਉਹਦੇ ਜਦੋਂ ਪੈਸੇ ਮੁਕ ਜਾਂਦੇ ਤਾਂ ਸ਼ਰਾਬ ਭੀ ਇਹਦੇ ਪੈਸੇ ਨਾਲ ਲੈਕੇ ਆਉਂਦਾ। ਹੁਣੇ ਕਈ ਸਾਲ ਦੀ ਸ਼ਰਾਬ ਨੇ ਜੋਗਿੰਦਰ ਨੂੰ ਖੋਖਲਾ ਕਰ ਦਿਤਾ। ਕਈ ਕਈ ਦਿਨ ਉਹ ਕੰਮ ਤੇ ਨਾ ਜਾਂਦਾ। ਆਖਿਰ ਕੰਮ ਵਾਲਿਆਂ ਨੇ ਛੁੱਟੀ ਕਰ ਦਿੱਤੀ। ਘਰ ਦਾ ਸਾਰਾ ਭਾਰ ਪਿਆਰੋ ਤੇ ਪੈ ਗਿਆ। ਕਈ ਬਾਰ ਉਹ ਦੋ ਦੋ ਸ਼ਿਫਟਾਂ ਕੰਮ ਕਰਦੀ ਤੇ ਉਹ ਸ਼ਰਾਬੀ ਹੋਇਆ ਘਰ ਪਿਆ ਰਹਿੰਦਾ। ਕੰਮ ਤੇ ਹੀ ਪਿਆਰੋ ਨੂੰ ਇਕ ਉਹਨਾਂ ਦੇ ਪਿੰਡ ਦਾ ਛੀਂਬਿਆਂ ਦਾ ਮੁੰਡਾ ਤਾਰਾ ਮਿਲਿਆ। ਉਹ ਪਿਆਰੋ ਨੂੰ ਭੈਣ ਸਦਦਾ ਸੀ ਤੇ ਜਿੰਨੀ ਕੁ



ਮਦਦ ਹੁੰਦੀ ਕਰਦਾ ਭੀ। ਜਦੋਂ ਕਿਤੇ ਉਹ ਪੁਛਦਾ ਭੈਣ ਕੋਈ ਮੇਰੇ ਲਾਇਕ ਸੇਵਾ ਤੇ ਪਿਆਰੋ ਇਹ ਕਹਿਕੇ ਟਾਲ ਦਿੰਦੀ, 'ਨਹੀਂ ਵੀਰ ਸਭ ਕੁਛ ਹੈ।'

ਸ਼ਾਇਦ ਉਸ ਵੇਲੇ ਉਹਦਾ ਜਗੀਰਦਾਰੀ ਖ਼ੂਨ ਸਾਹਮਣੇ ਹੋ ਜਾਂਦਾ ਕਿ ਜਗੀਰਦਾਰਾਂ ਦੀ ਧੀ ਹੋਕੇ ਕਿਸੇ ਛੀਂਬੇ ਤੋਂ ਮਦਦ ਕਿਉਂ ਲਵੇ। ਆਖਿਰ ਜੋਗਿੰਦਰ ਤੋਂ ਜਦੋਂ ਕੰਮ ਨਾ ਹੋਇਆ ਤਾਂ ਉਹ 'ਵੈਲਫੇਅਰ' ਤੇ ਚਲੇ ਗਿਆ ਸੇਹਤ ਖਰਾਬ ਹੋਣ ਕਰਕੇ। ਪਰ ਆਮ ਲੋਕਾਂ ਨੂੰ ਉਹ ਪੈਨਸ਼ਨ ਦਸਦਾ ਕਿ ਮੇਰੀ ਤਾਂ ਹੁਣ ਪੈਨਸ਼ਨ ਲਗ ਗਈ। ਪਿਆਰੋ ਨੂੰ ਪਤਾ ਹੈ ਜਦੋਂ ਵੈਲਫੇਅਰ ਵਾਲੇ ਉਹਨਾਂ ਦੇ ਘਰ ਚੈਕ ਕਰਨ ਆਏ ਤਾਂ ਉਹ ਪੋਤੜਿਆਂ ਤਕ ਫੋਲ ਗਏ। ਉਸ ਦਿਨ ਪਿਆਰੋ ਨੂੰ ਇਹਸਾਸ ਹੋਇਆ ਕਿ ਉਹ ਕਿੰਨੀ ਗਰੀਬ ਹੈ।

ਤਾਰਾ ਸਿਆਲਾਂ ਵਿਚ ਇੰਡੀਆ ਜਾ ਰਿਹਾ ਸੀ ਦੋ ਸਾਲਾਂ ਬਾਦ। ਉਹਨੇ ਪਿਆਰੋ ਨੂੰ ਪੁਛਿਆ, 'ਭੈਣ ਜੀ ਮੈਂ ਪਿੰਡ ਜਾ ਰਿਹਾ ਹਾਂ ਕੋਈ ਸੁਖ ਸੁਨੇਹਾ।' ਪਿਆਰੋ ਨੇ ਉਹਨੂੰ ਇਕ ਚਿਠੀ ਦੇ ਦਿੱਤੀ ਕਿ ਮੇਰੇ ਬਾਪੂ ਨੂੰ ਦੇ ਦੇਈਂ ਤੇ ਆਉਣ ਲਗਾਂ ਉਹਨਾਂ ਤੋਂ ਜਵਾਬ ਲੈ ਆਈਂ। ਪਿਆਰੋ ਨੇ ਸਾਰਾ ਹਾਲ ਖੋਹਲਕੇ ਦਸ ਦਿਤਾ ਤੇ ਕਿਹਾ ਤੁਸੀਂ ਭੁਲ ਜਾਉ ਕਾਕੇ ਤੇ ਕੁੜੀ ਨੂੰ ਏਥੇ ਭੇਜਣ ਬਾਰੇ। ਏਥੇ ਕੁਛ ਨਹੀਂ ਪਿਆ। ਕਾਕੇ ਵਾਸਤੇ ਜਮੀਨ ਬਥੇਰੀ ਹੈ ਤੇ ਕੁੜੀ ਦਾ ਕੋਈ ਖਾਂਦਾ ਪੀਂਦਾ ਘਰ ਦੇਖਕੇ ਇਧਰ ਹੀ ਵਿਆਹ ਕਰ ਦੇਵੋ। ਪਰ ਜਦ ਜਵਾਬ ਆਇਆ ਤਾਂ ਉਸ ਵਿਚ ਇਹ ਹੀ ਤਾਕੀਦ ਸੀ ਕਿ ਹੁਣੇ ਤੇਰੇ ਤਕਰੀਬਨ ਪੰਜ ਸਾਲ ਹੋਣ ਵਾਲੇ ਹਨ। ਔਖੀ ਸੌਖੀ ਇਹਦੇ ਨਾਲ ਕੁਛ ਦੇਰ ਹੋਰ ਕੱਟ ਲੈ ਤੇ ਉਹਨਾਂ ਦੇ ਕਾਗਜ਼ ਜ਼ਰੂਰ ਭਰ ਦੇ।

ਪਿਆਰੋ ਨੂੰ ਕੋਈ ਹੈਰਾਨੀ ਨਾ ਹੋਈ। ਉਹਦੇ ਪਿਉ ਨੂੰ ਉਹਦਾ ਕੋਈ ਫਿਕਰ ਨਹੀਂ। ਹਾਂ ਗੁੱਡੀ ਤੇ ਕਾਕੇ ਦਾ ਬਹੁਤ ਫਿਕਰ ਸੀ। ਉਹਨਾਂ ਦੀ ਖੁਸ਼ੀ ਵਾਸਤੇ ਹੀ ਸ਼ਾਇਦ ਉਸਨੇ ਦੂਰ ਅੰਦੇਸ਼ੀ ਨਾਲ ਪਿਆਰੋ ਦੀ ਬਲੀ ਦਿਤੀ ਸੀ।

ਜੋਗਿੰਦਰ ਨੂੰ ਜਦੋਂ ਦੀ 'ਪੈਨਸ਼ਨ' ਲਗੀ ਉਹ ਫੇਰ ਲਿੰਡਾ ਦੇ ਘਰ ਰਹਿਣ ਲਗ ਪਿਆ। ਕਈ ਦਫਾ ਪਿਆਰੋ ਦੇ ਘਰ ਬੱਚੀ ਵਾਸਤੇ ਦੁਧ ਭੀ ਨਾ ਹੁੰਦਾ। ਕਾਰ ਇਕੋ ਹੀ ਸੀ। ਕਈ ਬਾਰੀ ਕੋਸ਼ਿਸ਼ ਕੀਤੀ ਸਿੱਖਣ ਦੀ ਪਰ ਜੋਗਿੰਦਰ ਇਹ ਕਹਿਕੇ ਟਾਲ ਦਿੰਦਾ "ਐਵੇਂ ਮਾਰੇਂਗੀ ਕਿਤੇ ਹੋਰ ਵਿਪਤਾ ਖੜੀ ਕਰੇਂਗੀ ਤੇਰਾ ਕੰਮ ਤਾਂ ਚੱਲੀ ਜਾਂਦਾ ਹੈ।" ਕਈ ਵਾਰ ਪਿਆਰੋ ਕਾਰ ਤੋਂ ਬਿਨਾਂ ਇੰਜ ਮਹਿਸੂਸ ਕਰਦੀ ਜਿਵੇਂ ਉਹ ਪਿੰਗਲੀ ਹੋਵੇ।

ਆਹ ਵੀਕਐਂਡ ਭੀ ਜੋਗਿੰਦਰ ਘਰ ਨਾ ਆਇਆ। ਪਿਆਰੋ ਨੇ ਜੋਲੀ ਦੀ ਮਿੰਨਤ ਕਰਕੇ ਖਾਣ ਪੀਣ ਦਾ ਸਮਾਨ ਲੈਕੇ ਆਈ। ਜਦੋਂ ਜੋਗਿੰਦਰ ਘਰ ਆਇਆ ਤਾਂ ਸ਼ਰਾਬ ਨਾਲ 'ਫੁੱਲ' ਸੀ। ਡੋਲੀ ਭੀ ਹੁਣ ਕੁਛ ਕੁਛ ਸਮਝਣ ਲਗ ਪਈ ਸੀ। ਉਹ ਜਦੋਂ ਭੀ ਜੋਗਿੰਦਰ ਘਰ ਆਉਂਦਾ ਉਹ ਮਾਂ ਦੇ ਪਿਛੇ ਜਾਕੇ ਲੁਕ ਜਾਂਦੀ। ਪਿਆਰੋ ਗੁੱਸੇ ਨਾਲ ਭਰੀ ਪੀਤੀ ਬੈਠੀ ਸੀ। ਉਹਨੂੰ ਕਹਿਣ ਲਗੀ, "ਅਗਰ ਮੇਰਾ ਤਾਂ ਨਹੀਂ ਕੰਮ-ਸੇ-ਕੰਮ ਆਪਨੀ ਧੀ ਬਾਰੇ ਹੀ ਸੋਚ ਲੈਂਦੇ। ਘਰੇ ਦੁਧ ਦਾ ਤੁਪਕਾ ਨਹੀਂ ਸੀ ਤੁਹਾਨੂੰ ਪੀਣ ਦੀ ਪਈ ਹੈ।"

ਜੋਗਿੰਦਰ ਨੇ ਇਕ ਦਮ ਥਪੜ ਮਾਰ ਦਿਤਾ ਤੇ ਨਾਲ ਉਚੀ ਦੇਣੀ ਕਹਿਣ ਲਗਾ, "ਹਰਾਮਜਾਦੀ ਮੂਹਰਿਓਂ ਬੋਲਦੀ ਹੈ। ਪਤਾ ਨਹੀਂ ਇਹਦਾ ਪਿਉ ਕੌਣ ਹੈ ਤੂੰ ਕਿਥੇ ਕਿਥੇ ਸਾਰਾ ਦਿਨ ਧੱਕੇ ਖਾਂਦੀ ਫਿਰਦੀ ਰਹਿੰਦੀ ਹੈਂ।"

ਪਿਆਰੋ ਨੂੰ ਇਹ ਉਮੀਦ ਨਹੀਂ ਸੀ। ਉਹ ਹੋਰ ਤਾਂ ਸਾਰੇ ਦੁੱਖ ਝੱਲ ਲੈਂਦੀ ਪਰ ਇਹ ਨਹੀਂ ਸੀ ਝੱਲ ਸਕਦੀ ਕੋਈ ਉਹਦੇ ਆਚਰਣ ਤੇ ਸ਼ਕ ਕਰੇ ਤੇ ਉਹਦੀ ਧੀ ਨੂੰ ਹਰਾਮ ਦੀ ਔਲਾਦ ਆਖੇ। ਪਿਆਰੋ ਚੁਪ ਕਰ ਗਈ। ਸਾਰਾ ਹਫਤਾ ਇੰਜ ਹੀ ਲੰਘ ਗਿਆ। ਉਸ ਤੋਂ ਬਾਦ ਉਹਨਾਂ ਵਿਚਕਾਰ ਕੋਈ ਗਲਬਾਤ ਨਾ ਹੋਈ। ਸ਼ੁਕਰਵਾਰ ਦੋਪਿਹਰ ਨੂੰ ਹੀ ਜੋਗਿੰਦਰ ਫੇਰ ਲਿੰਡਾ ਦੇ ਘਰ ਚਲਾ ਗਿਆ। ਸ਼ੁਕਰਵਾਰ ਰਾਤ ਨੂੰ ਪਿਆਰੋ ਕਾਫੀ ਰਾਤ ਤਕ ਜਾਗਦੀ ਰਹੀ। ਫੇਰ ਉਸਨੇ ਕਾਫੀ ਵੱਡੀ ਸਾਰੀ ਚਿਠੀ ਲਿਖੀ ਜਿਸ ਵਿਚ ਉਸਨੂੰ ਆਪਣੇ ਪਿਉ ਦੇ ਨਾਲ ਸਾਰੇ ਦਿਲ ਦੇ ਗੁਬਾਰ ਕਢ ਲਏ। ਸਵੇਰੇ ਉਠਕੇ ਉਸਨੇ ਦਸ ਬਾਰਾਂ ਪੇਜਾਂ ਦੀ ਚਿੱਠੀ ਆਪਣੇ ਬਾਪ ਨੂੰ ਪਾ ਦਿਤੀ। ਚਿਠੀ ਪਾਕੇ ਉਨੇ ਖੁਦ ਨੂੰ ਇੰਜ ਮਹਿਸੂਸ ਕੀਤਾ ਜਿਵੇਂ ਉਹਦੇ ਮਨ ਤੋਂ ਮਣਾਂ ਬਧੀ ਭਾਰ ਲਹਿ ਗਿਆ ਹੋਵੇ। ਜੋ ਜੋ ਗਲ ਭੀ ਉਹ ਆਪਣੇ ਬਾਪ ਨਾਲ ਕਦੇ ਕਰਨੀ ਚਾਹੁੰਦੀ ਸੀ ਉਹ ਸਭ ਉਸਨੇ ਉਸ ਚਿੱਠੀ ਵਿਚ ਉਗਲ ਦਿਤਾ। ਆਪਣੀ ਬੱਚੀ ਨਾਲ ਰੱਜਕੇ ਖੇਡੀ। ਤਰਕਾਲਾਂ ਵੇਲੀ ਜੋਲੀ ਦਾ ਫੋਨ ਆਇਆ ਉਹਦੇ ਨਾਲ ਭੀ ਜੀ ਭਰਕੇ ਗਲਾਂ ਕੀਤੀਆਂ। ਜੋਲੀ ਕਹਿ ਰਹੀ ਸੀ, 'ਹੌਸਲਾ ਰਖ ਰਬ ਤੇ ਭਰੋਸਾ ਰਖ ਸਭ ਠੀਕ ਹੋ ਜਾਵੇਗਾ।' ਪਿਆਰੋ ਕਹਿ ਰਹੀ ਸੀ, 'ਕੇਹੜਾ ਰੱਬ? ਮੇਰੀ ਤਾਂ ਸਾਰੀ ਉਮਰ ਲੰਘ ਗਈ ਉਹਦਾ ਨਾਂ ਸੁਣਦਿਆਂ ਤੇ ਉਹਦੇ ਅਗੇ ਮਿੰਨਤਾਂ ਕਰਦਿਆਂ। ਮੇਰੀ ਦਾਦੀ ਭੀ ਇਹੀ ਕਹਿੰਦੀ ਕਹਿੰਦੀ ਪੂਰੀ ਹੋ ਗਈ। ਮੇਰੀ ਤਾਂ ਉਨੇ ਹਾਲੇ ਤਕ ਕੋਈ ਗਲ ਨਹੀਂ ਸੁਣੀ ਲੋਕੀਂ ਐਵੇਂ ਕਰਦੇ ਨੇ ਨਰਕ ਸਵਰਗ ਦੀਆਂ ਗਲਾਂ ਮੈਂ ਤਾਂ ਭੈਣੇ ਹੁਣ ਤਾਈਂ ਨਰਕ ਹੀ ਭੋਗਿਆ ਹੈ।'

ਪਿਆਰੋ ਨੇ ਉਹਨੂੰ ਜੋਗਿੰਦਰ ਦੀ ਆਖੀਰੀ ਕਮੀਣੀ ਹਰਕਤ ਭੀ ਦਸ ਦਿਤੀ ਕਿ ਮੇਰੇ ਚਾਲ ਚਲਣ ਤੇ ਸ਼ੱਕ ਕਰਦਾ ਹੈ। ਜੋਲੀ ਕਹਿ ਰਹੀ ਸੀ, 'ਨੀ ਉਹਦੇ ਕਮਲੇ ਦਾ ਕੀ ਹੈ ਸ਼ਰਾਬੀ ਨੂੰ ਕੇਹੜਾ ਪਤਾ ਲਗਦਾ ਹੈ ਕੀ ਉਹ ਕੀ ਬੋਲਦਾ ਹੈ।" ਪਿਆਰੋ ਕਹਿੰਦੀ ਰਹਿਣ ਦਿਉ ਭੈਣ ਜੀ। ਸ਼ਰਾਬੀ ਹੋਕੇ ਉਹ ਗਲ ਕਹਿ ਹੋ ਜਾਂਦੀ ਜੋ ਦਿਲ ਵਿਚ ਹੋਵੇ। ਸ਼ਰਾਬੀ ਦੇ ਨਾਲ ਰਹਿਣ ਕਰਕੇ ਐਨਾ ਕੁ ਤਾਂ ਪਤਾ ਹੁਣ ਮੈਨੂੰ ਭੀ ਲਗ ਗਿਆ।" ਜੋਲੀ ਕਹਿੰਦੀ, "ਚਲ ਤੂੰ ਐਵੇਂ ਨਾ ਸੋਚ। ਉਹ ਤੇ ਕਹਿਕੇ ਭੁਲ ਭੀ ਗਿਆ ਹੋਣਾ ਹੈ ਤੂੰ ਡੋਲੀ ਨੂੰ ਪਾਲ।" ਪਿਆਰੋ ਕਹਿੰਦੀ, "ਕਾਸ਼ ਮੈਂ ਵੀ ਇਹ ਭੁਲ ਸਕਦੀ। ਬਹੁਤ ਵੱਡੀ ਗਲ ਕਹਿ ਗਿਆ ਹੈ। ਉਹਦੀਆਂ ਗਾਲਾਂ ਤੇ ਮਾਰ ਨੇ ਹੁਣ ਤਾਈਂ ਮੈਨੂੰ ਐਨਾ ਦੁਖੀ ਨਹੀਂ ਸੀ ਕੀਤਾ ਜਿੰਨਾ ਉਹਦੀ ਇਸ ਗੱਲ ਨੇ। ਨਾ ਕੋਈ ਪੇਕਿਆਂ ਦਾ ਮਾਣ ਨਾ ਸੋਹਰਿਆਂ ਦਾ ਮਾਣ। ਮੇਰੇ ਨਿਮਾਣੀ ਦੇ ਪਲੇ ਸਿਰਫ ਇੱਜ਼ਤ ਹੀ ਸੀ ਤੇ ਉਹ ਭੀ ਜਾਂਦੀ ਰਹੀ। ਜਦੋਂ ਘਰ ਵਾਲੇ ਨੇ ਕਹਿ ਦਿਤਾ, ਲੋਕਾਂ ਸਚ ਮੰਨ ਹੀ ਲੈਣਾ ਹੈ। ਤੇ ਡੋਲੀ ਨੂੰ ਤਾਂ ਉਹ ਦੇਖਕੇ ਖੁਸ਼ ਨਹੀਂ।



ਅਗੇ ਪਿਉ ਦੇ ਹੁੰਦਿਆਂ ਹੋਇਆਂ ਪਿਉ ਦੇ ਪਿਆਰ ਤੇ ਬਾਂਝੀ ਰਹੀ ਹਾਂ ਇਸ ਬੇਚਾਰੀ ਦਾ ਪਿਆਰ ਤਾਂ ਇਕ ਪਾਸੇ ਰਿਹਾ ਇਹਦਾ ਪਿਉ ਆਪਣਾ ਨਾਂ ਭੀ ਖੋਹਣ ਲਈ ਤਿਆਰ ਹੈ।" ਪਿਆਰੋ ਥੋਹੜੀ ਜਹੀ ਭਾਵੁਕ ਹੋ ਗਈ।

'ਜੋਲੀ' ਨੇ ਹੌਸਲਾ ਦੇਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਮੈਂ ਪਾਲ ਨੂੰ ਕਹੂੰਗੀ ਇਸ ਬੇਵਕੂਫ ਨੂੰ ਸਮਝਾਵੇ।"

ਆਖਿਰ ਇਹ ਫੋਨ ਰੱਖਣ ਤੋਂ ਪਹਿਲਾਂ ਪਿਆਰੋ ਨੇ ਕਿਹਾ, "ਨਾ ਤੈਨੂੰ ਇਹਦੀ ਹੁਣ ਕੋਈ ਲੋੜ ਨਹੀਂ।"

"ਤੇਰਾ ਬਹੁਤ ਬਹੁਤ ਧੰਨਵਾਦ। ਤੇਰੇ ਆਸਰੇ ਹੀ ਇਹ ਮੇਰੇ ਦਿਨ ਲੰਘੇ ਹਨ। ਨਹੀਂ ਤਾਂ ਕੌਣ ਕੋਈ ਬਾਤ ਪੁਛਦਾ ਹੈ ਪਰਦੇਸਾਂ ਵਿਚ। ਇਹ ਮੈਂ ਤੇਰਾ ਕਰਜਾ ਇਸ ਜਨਮ ਤਾਂ ਲਾਹ ਨਹੀਂ ਸਕਦੀ........।"

ਜੋਲੀ ਨੇ ਟੋਕਕੇ ਕਿਹਾ, 'ਧੰਨਵਾਦ ਕਾਹਦਾ, ਆਸਰਾ ਤਾਂ ਭੈਣੇ ਰਬ ਦਾ ਹੈ ਸਭ ਨੂੰ। ਬੰਦਾ ਕੀ ਕਿਸੇ ਦਾ ਸਵਾਰ ਸਕਦਾ ਹੈ।"

ਸ਼ਾਮ ਪੈ ਗਈ, ਪਿਆਰੋ ਨੇ ਡੋਲੀ ਨੂੰ ਬੜੇ ਪਿਆਰ ਨਾਲ ਤਿਆਰ ਕੀਤਾ। ਉਹਦੇ ਨਵੀਂ ਫਰਾਕ ਪਾਈ। ਆਪਣੇ ਗਹਿਣੇ ਲਾਹਕੇ ਰਖ ਦਿਤੇ ਤੇ ਬੈਠ ਗਈ ਜਿਵੇਂ ਕਿਸੇ ਨੂੰ ਉਡੀਕ ਰਹੀ ਹੋਵੇ।

ਫੇਰ ਕਾਗਜ਼ ਤੇ ਕਲਮ ਚੁਕੀ ਤੇ ਲਿਖਣ ਬੈਠ ਗਈ। ਇਕ ਕਾਗਜ਼ ਤੇ ਕੁਛ ਲਿਖਕੇ ਲਿਫਾਫੇ ਵਿਚ ਪਾਕੇ ਉਤੇ ਜੋਗਿੰਦਰ ਲਿਖਕੇ ਸ਼ੀਸ਼ੇ ਦੇ ਮੂਹਰੇ ਰਖ ਦਿਤਾ। ਤਕਰੀਬਨ ਗਿਆਰਾਂ ਕੁ ਬਜੇ ਦਾ ਵਖਤ ਸੀ। ਜਨਵਰੀ ਦਾ ਮਹੀਨਾ ਹੋਣ ਕਰਕੇ ਠੰਡ ਕਾਫੀ ਸੀ। ਥੋਹੜਾ ਥੋਹੜਾ ਮੀਂਹ ਭੀ ਪੈ ਰਿਹਾ ਸੀ ਜਿਵੇਂ ਰਬ ਪਿਆਰੋ ਦੇ ਨਸੀਬਾਂ ਤੇ ਰੋ ਰਿਹਾ ਹੋਵੇ। ਇਕ ਬਾਰ ਪਿਆਰੋ ਨੇ ਫੇਰ ਆਪਣੇ ਬਾਪੂ ਦੇ ਖਤ ਤੇ ਵਿਆਹ ਦੀਆਂ ਫੋਟੂਆਂ ਬੜੀ ਰੀਝ ਨਾਲ ਦੇਖੀਆਂ। ਅਖਾਂ ਵਿਚ ਪਾਣੀ ਆ ਗਿਆ। ਪਰ ਝਟ ਹਝੂੰ ਪੂੰਝ ਲਏ ਤੇ ਦਿਲ ਪੱਕਾ ਕਰਕੇ ਇਕ ਦਮ ਉੱਠੀ। ਡੋਲੀ ਸੁਤੀ ਪਈ ਸੀ ਉਹਨੂੰ ਸੁਤੀ ਪਈ ਨੂੰ ਚੁਕ ਆਪਣੀ ਛਾਤੀ ਨਾਲ ਲਾ ਲਿਆ ਤੇ ਫੇਰ ਆਪਣੀ ਚੁੰਨੀ ਨਾਲ ਘੁਟ ਕੇ ਆਪਣੇ ਨਾਲ ਬੰਨ੍ਹ ਲਿਆ। ਫੇਰ ਕਾਲੀ ਸ਼ਾਲ ਦੀ ਬੁਕਲ ਮਾਰਕੇ, ਉਹਨੂੰ ਚੰਗੀ ਤਰ੍ਹਾਂ ਢਕਕੇ, ਉਹ ਘਰੋਂ ਬਾਹਰ ਨੂੰ ਤੁਰ ਪਈ। ਦਰਵਾਜ਼ੇ ਨੂੰ ਜਿੰਦਾ ਮਾਰਕੇ ਚਾਬੀ ਮੈਟ ਦੇ ਥਲੇ ਰਖ ਦਿਤੀ। ਸੜਕ ਤੇ ਆਕੇ ਉਹ ਦਰਿਆ ਵਲ ਨੂੰ ਤੁਰ ਪਈ। ਸੜਕਾਂ ਤੇ ਟਾਂਵੀਂ ਟਾਂਵੀਂ ਕਾਰ ਚਲ ਰਹੀ ਸੀ। ਡੇਢ ਕੁ ਮੀਲ ਪੈਦਲ ਤੁਰਕੇ ਉਹ ਪੁਲ ਤੇ ਪਹੁੰਚੀ। ਖੜੀ ਹੋਕੇ ਇਕ ਬਾਰ ਫੇਰ ਇਸ ਪਰਾਏ ਸ਼ਹਿਰ ਵਲ ਝਾਕਿਆ। ਪਿਛਲੇ ਕੁਛ ਸਾਲ ਇਕ ਫਿਲਮ ਵਾਂਗ ਅਖਾਂ ਸਾਹਮਣੇ ਆ ਗਏ। ਦਿਲੋਂ 'ਜੋਲੀ' ਦਾ ਧੰਨਵਾਦ ਕੀਤਾ। ਇਕ ਕਾਰ ਹੋਰ ਦਿਸੀ ਉਹ ਥੋਹੜਾ ਜਿਹਾ ਹੋਲੀ ਹੋਲੀ ਚਲਣ ਲਗ ਪਈ। ਜਦੋਂ ਕਾਰ ਕੋਲ ਦੀ ਲੰਘ ਗਈ ਤਾਂ ਉਨੇ ਆਸੇ ਪਾਸੇ ਝਾਕਿਆ। ਦੂਰ ਤਕ ਕੋਈ ਕਾਰ ਨਜ਼ਰ ਨਹੀਂ ਸੀ ਆ ਰਹੀ। ਬਿਜਲੀ ਦੇ ਖੰਬੇ ਤੋਂ

ਕੁਛ ਦੂਰ ਜਾਕੇ ਉਸਨੇ ਝਟ ਪੁਲ ਦੀ ਕੰਧ ਤੇ ਚੜ੍ਹਕੇ ਇਕ ਬਾਰ ਥਲੇ ਝਾਕਿਆ। ਦਰਿਆ ਠਾਠਾਂ ਮਾਰ ਰਿਹਾ ਸੀ। ਪੁਲ ਦੇ ਪਾਣੀ ਦਾ ਰੌਲਾ ਕਾਫੀ ਭਿਆਨਕ ਲਗ ਰਿਹਾ ਸੀ। ਪਾਣੀ ਕਾਫੀ ਦੂਰ ਦਿਸ ਰਿਹਾ ਸੀ ਇਸ ਤੋਂ ਪਹਿਲਾਂ ਕਿ ਉਹਦਾ ਮਨ ਕਮਜ਼ੋਰ ਹੋ ਜਾਂਦਾ ਝਟ ਪਾਣੀ ਚ ਛਾਲ ਮਾਰ ਦਿਤੀ। ਇਕ 'ਘੜੋਚ' ਦੀ ਆਵਾਜ ਆਈ ਤੇ ਨਾਲ ਹੀ ਬੱਚੇ ਦੀ ਇਕ ਚੀਕ। ਫੇਰ ਸਭ ਪਾਣੀ ਦੇ ਰੌਲੇ ਵਿਚ ਗੁੰਮ ਗਿਆ। ਐਤਵਾਰ ਨੂੰ ਸਵੇਰੇ ਹੀ ਜੌਲੀ ਨੇ ਫੋਨ ਕੀਤਾ ਪੁਛਣ ਵਾਸਤੇ ਕਿ ਗੁਰਦਵਾਰੇ ਜਾਣਾ ਹੈ ਕਿ ਨਹੀਂ। ਪਰ ਕਿਸੇ ਨੇ ਫੋਨ ਨਾ ਚੁਕਿਆ। ਸੋਚਿਆ ਸ਼ਾਇਦ ਬਾਥਰੂਮ 'ਚ ਹੋਣੀ ਹੈ। ਫੇਰ ਕਈ ਬਾਰ ਫੋਨ ਕੀਤਾ ਕੋਈ ਜਵਾਬ ਨਾ ਆਇਆ। ਆਖਿਰ ਉਹਨੇ ਲਿੰਡਾਂ ਦੇ ਘਰ ਫੋਨ ਕੀਤਾ ਜੋਗਿੰਦਰ ਨੂੰ। ਉਹ ਕਹਿੰਦਾ ਮੈਨੂੰ ਤਾਂ ਪਤਾ ਨਹੀਂ "ਗਈ ਹੋਣੀ ਹੈ ਕਿਸੇ ਯਾਰ ਨੂੰ ਮਿਲਣ। ਆਪੇ ਧਕੇ ਖਾਕੇ ਆ ਜਾਊਗੀ।"

ਉਹ ਹਾਲੇ ਜੋਗਿੰਦਰ ਨੂੰ ਕਹਿ ਹੀ ਰਹੀ ਸੀ ਕਿ ਘਰ ਜਾਕੇ ਤਾਂ ਦੇਖ, ਤੂੰ ਪਤਾ ਕਰ। ਉਹਦਾ ਟੀ. ਵੀ. ਚਲ ਰਿਹਾ ਸੀ। ਅਚਾਨਕ ਪ੍ਰੋਗਰਾਮ ਬੰਦ ਕਰਕੇ ਇਕ "ਨਿਊਜ਼ ਬਰੇਕ" ਆ ਰਹੀ ਸੀ। ਜੌਲੀ ਧਿਆਨ ਫੋਨ ਵਲੋਂ ਛਡਕੇ ਟੀ. ਵੀ ਸੁਣਨ ਲਗ ਪਈ। ਰਿਪੋਰਟਰ ਕਹਿ ਰਿਹਾ ਸੀ, "ਹੁਣੇ ਹੁਣੇ ਹੀ ਏਥੇ ਤਿੰਨ ਮੀਲ ਦੂਰ ਇਕ ਏਸ਼ੀਅਨ ਜਨਾਨੀ ਤੇ ਦੋ ਕੁ ਸਾਲ ਦੀ ਬੱਚੀ ਦੀ ਲਾਸ਼ ਮਿਲੀ ਹੈ। ਉਹਨਾਂ ਦੇ ਟਿਕਾਣੇ ਦਾ ਕੋਈ ਪਤਾ ਨਹੀਂ। ਕੁਛ ਕਪੜਿਆਂ ਦਾ ਵੇਰਵਾ ਸੀ ਕਿ ਜ਼ਨਾਨੀ ਨੇ ਹਿੰਦੁਸਤਾਨੀ ਸੂਟ ਪਾਇਆ ਹੋਇਆ ਹੈ ਤੇ ਬਚੀ ਹਾਲੇ ਭੀ ਉਹਦੀ ਛਾਤੀ ਨਾਲ ਬੱਝੀ ਹੋਈ ਸੀ।

ਜੌਲੀ ਦੇ ਹਥੋਂ ਫੋਨ ਡਿਗ ਪਿਆ। ਉਹਨੂੰ ਕੱਲ ਦੀ ਹਰ ਇਕ ਗਲ ਯਾਦ ਆ ਰਹੀ ਸੀ ਤੇ ਸੋਚ ਰਹੀ ਸੀ ਇਹ ਕੀ ਅਨਰਥ ਹੋ ਗਿਆ। ਹੁਣ ਉਹਨੂੰ ਪਿਆਰੋ ਦੀਆਂ ਗੱਲਾਂ ਦੀ ਸਮਝ ਆ ਰਹੀ ਸੀ ਸ਼ਾਇਦ ਉਹ ਦੁਨੀਆਂ ਛਡਣ ਤੋਂ ਪਹਿਲਾਂ ਕਿਸੇ ਇਕ ਜਣੇ ਨੂੰ ਇਸ ਕੌੜੇ ਸਚ ਤੋਂ ਜਾਣੂ ਕਰਾਉਣਾ ਚਾਹੁੰਦੀ ਸੀ। ਤਾਕਿ ਉਹਦੇ ਪਿਛੋ ਕੋਈ ਉਹਦਾ ਪੱਖ ਦੱਸ ਸਕੇ।

ਜੋਗਿੰਦਰ ਨੇ ਭੀ ਇਹ ਖਬਰ ਸੁਣ ਲਈ। ਘਰ ਗਿਆ ਤਾਂ ਚਿਠੀ ਦੇਖੀ ਜਿਸ ਵਿਚ ਲਿਖਿਆ ਸੀ :

"ਸਰਦਾਰ ਜੀ ਜੋ ਤੁਸੀਂ ਮੇਰੇ ਚਾਲ ਚਲਣ ਤੇ ਦਾਗ ਲਾਇਆ ਹੈ ਉਹ ਬਿਲਕੁਲ ਝੂਠ ਹੈ। ਮੈਂ ਤੁਹਾਨੂੰ ਕਿਸੇ ਤਰਾਂ ਯਕੀਨ ਨਹੀਂ ਦੁਆ ਸਕਦੀ। ਬੰਦਾ ਜਿਹੋ ਜਿਹਾ ਆਪ ਹੁੰਦਾ ਹੈ ਉਹੋ ਜਹੇ ਦੂਸਰੇ ਭੀ ਲਗਦੇ ਨੇ। ਮੈਂ ਨਹੀਂ ਚੌਂਹਦੀ ਕੋਈ ਮੇਰੀ ਧੀ ਨੂੰ ਹਰਾਮ ਦੀ ਔਲਾਦ ਕਹੇ। ਮੈਂ ਉਹਨੂੰ ਭੀ ਆਪਣੇ ਨਾਲ ਹੀ ਲੈ ਜਾ ਰਹੀ ਹਾਂ। ਅਗਰ ਤੁਸੀਂ ਲਿੰਡਾ ਨਾਲ ਹੀ ਰਹਿਣਾ ਸੀ ਤਾਂ ਮੇਰੇ ਨਾਲ ਵਿਆਹ ਕਿਉਂ ਕਰਵਾਇਆ ਸੀ? ਹੁਣ ਤੁਹਾਨੂੰ ਖੁਲੀ ਛੁਟੀ ਹੈ ਲਿੰਡਾ ਨਾਲ ਰਹਿਣ ਦੀ। ਮੈਂ ਤੁਹਾਨੂੰ ਹਰ ਭਾਰ ਤੋਂ ਮੁਕਤ ਕਰ ਚਲੀ ਹਾਂ।

ਸਿਰਫ ਤੁਹਾਡੀ,
ਪਰ ਜਿਹਨੂੰ ਤੁਸੀਂ ਕਦੇ ਆਪਣਾ ਨਾ ਸਮਝਿਆ ਪਿਆਰੋ।"



ਜੋਗਿੰਦਰ ਸ਼ਰਾਬ ਪੀਕੇ ਕਮਲਿਆਂ ਦੇ ਵਾਂਗ, ਰੋਂਦਾ ਰੋਂਦਾ ਸੌ ਗਿਆ। ਦੇਖਣ ਵਾਲੇ ਨੂੰ ਇੰਜ ਲਗਦਾ ਸੀ ਜਿਵੇਂ ਬੇਚਾਰੇ ਨੂੰ ਬਹੁਤ ਸਦਮਾ ਲਗਾ ਹੈ। ਪਰ ਜੇਹੜੇ ਉਹਨੂੰ ਜਾਣਦੇ ਸੀ ਉਹਨਾਂ ਨੂੰ ਪਤਾ ਸੀ ਅਸਲੀਅਤ ਕੀ ਹੈ।

ਪੁਲਿਸ ਨੇ ਪੁਛ ਗਿਛ ਕੀਤੀ ਤੇ ਇਹਨੂੰ ਆਤਮ ਹਤਿਆ ਦਾ ਕੇਸ ਜਾਣਕੇ ਕੇਸ ਬੰਦ ਕਰ ਦਿਤਾ ਤੇ ਦੋਨਾਂ ਦਾ ਸਸਕਾਰ ਹੋ ਗਿਆ। ਆਲੇ ਦੁਆਲੇ ਦੇ ਸ਼ਹਿਰਾਂ ਤੋਂ ਭੀ ਬਹੁਤ ਸਾਰੇ ਲੋਕੀ ਆ ਗਏ। ਜੋਗਿੰਦਰ ਸਿੰਘ ਉਸ ਵੇਲੇ ਭੀ ਸ਼ਰਾਬ ਨਾਲ ਰਜਿਆ ਪਿਆ ਸੀ।

ਜਿਸਨੇ ਭੀ ਸੁਣਿਆ ਉਨੇ ਜੋਗਿੰਦਰ ਨੂੰ ਲਾਹਨਤਾਂ ਪਾਈਆਂ। ਕੋਈ ਪਿਆਰੋ ਦੇ ਮਾਪਿਆਂ ਨੂੰ ਗਾਲ੍ਹਾਂ ਕੱਢ ਰਿਹਾ ਸੀ। ਜਿੰਨੇ ਮੂੰਹ ਉਨੀਆਂ ਹੀ ਗਲਾਂ। ਪੰਜਾਬੀ ਅਖਬਾਰਾਂ ਵਿਚ ਤੇ ਰੇਡਿਉ ਤੇ ਇਹਦੇ ਚਰਚੇ ਹੋ ਰਹੇ ਸਨ। ਕੋਈ ਕਵੀ ਨੇ ਬੜੀ ਦਰਦ ਭਰੀ ਆਵਾਜ ਤੇ ਰੇਡਿਓ ਤੇ ਉਹਨਾਂ ਨੂੰ ਸ਼ਰਧਾਂਜਲੀ ਦੇ ਰਿਹਾ ਸੀ। ਕਵਿਤਾ ਦਾ ਨਾਂ ਸੀ 'ਔਲਾਦ ਦੀ ਬਲੀ'। ਉਹਦੇ ਕੁਛ ਬੋਲ ਇਸ ਤਰਾਂ ਸਨ :

ਔਲਾਦ ਖਾਤਿਰ ਲੋਕ ਮਥੇ ਰਗੜਨ
ਪੂਜਦੇ ਫਿਰਦੇ ਬੁਤਾਂ ਨੂੰ।
ਪਰ ਧੀਆਂ ਨਾ ਕੋਈ ਮੰਗੇ
ਹਰ ਕੋਈ ਮੰਗੇ ਪੁਤਾਂ ਨੂੰ।
ਹਰ ਮਾਂ ਕਰਨਾ ਚੌਂਹਦੀ ਜੂੜਾ
ਨਹੀਂ ਕੋਈ ਚੌਂਹਦੀ ਗੁਤਾਂ ਨੂੰ।
ਇਹ ਤਾਂ ਉਹ ਦਾਤੇ ਦੀ ਮਰਜੀ
ਉਹ ਦੇਵੇ ਕੁੜੀਆਂ ਜਾਂ ਪੁਤਾਂ ਨੂੰ।

ਕੁੜੀਆਂ ਜਮਣੋਂ ਲੋਕੀਂ ਡਰਦੇ
ਨਿਤ ਦੇਖਕੇ ਵਧਦੇ ਦਾਜਾਂ ਨੂੰ।
ਮਾਰ ਦੇਣਗੇ ਭਾਵੇਂ ਕੁੜੀਆਂ
ਪਰ ਬਦਲਦੇ ਨਹੀਂ ਰਿਵਾਜਾਂ ਨੂੰ।

ਜਿਸ ਕੁਖ ਦੇ ਵਿਚ ਕੁੜੀ ਹੈ ਪਲਦੀ
ਉਜਾੜ ਦੇਂਦੇ ਉਹਨਾਂ ਕੁਖਾਂ ਨੂੰ।
ਖੂਨ ਨਾਲ ਰੰਗ ਹਥ ਆਪਣੇ
ਭਾਲਣ ਦੁਨਿਆਵੀ ਸੁਖਾਂ ਨੂੰ।
ਜਿਉਂ ਜਿਉਂ ਉਹਨਾਂ ਦੇ ਮੁੰਡੇ ਵਧਦੇ
ਉਹ ਵਧਾਈ ਜਾਂਦੇ ਆਪਣੀਆਂ ਭੁਖਾਂ ਨੂੰ।

ਪਰ ਵਿਆਹ ਤਾਂ ਆਖਿਰ ਕੁੜੀ ਨਾਲ ਹੋਣਾ
ਨਹੀਂ ਵਿਆਹ ਸਕਦੇ ਉਹ ਰੁਖਾਂ ਨੂੰ।

ਦਾਜ ਬਿਨਾਂ ਕੁੜੀ ਵਿਆਹੀ ਜਾਵੇ
ਮਾਪੇ ਭਾਲਣ ਐਸੇ ਵਿਚੋਲਿਆਂ ਨੂੰ।
ਉਹ ਪੂਰੀ ਕੋਈ ਗੱਲ ਨਾ ਦੱਸਣ
ਰਖਦੇ ਸੌ ਸੌ ਓਹਲਿਆਂ ਨੂੰ
ਉਮਰ ਗੁਆਕੇ ਨਾਲ ਗੋਰਿਆਂ
ਲੋਕ ਮੁੜਦੇ ਪਿਛੇ ਵਤਨਾਂ ਨੂੰ।
ਹਰੇ ਰੰਗ ਦੇ ਚੰਦ ਨੋਟ ਦਿਖਾਕੇ
ਲੁਟ ਲਿਉਂਦੇ ਉਹੋ ਰਤਨਾਂ ਨੂੰ।

ਦਾਰੂ ਪੀਕੇ ਮਾਰਨ ਬੜ੍ਹਕਾਂ
ਡਰੌਂਦੇ ਹੋਰ ਉਹ ਡਰਦਿਆਂ ਨੂੰ।
ਘਰ ਬਾਰ ਸਾਰਾ ਉਹ ਸੰਭਾਲਣ
ਮੈਂ ਦੇਖਿਆ ਸ਼ਿਫਟਾਂ ਕਰਦਿਆਂ ਨੂੰ।

ਮਾਂ ਮੁੰਡੇ ਦੀ ਤੇ ਕੁੜੀ ਬਿਗਾਨੀ।
ਜੋ ਇਕੱਠਾ ਕਰਦਿਆਂ ਦੋਹਾਂ ਨੂੰ।
ਗਿਲਝਾਂ ਬਣਕੇ ਸੱਸਾਂ ਨੋਚਣ
ਨਿਤ ਆਪਣੀਆਂ ਨੌਹਾਂ ਨੂੰ।

ਅਣਚਾਹੇ ਹੀ ਇਹ ਜਗ ਤੇ ਔਂਦੀਆਂ
ਨਾ ਕੋਈ ਚਾਹੇ ਇਹਨਾਂ ਜੀਆਂ ਨੂੰ।
ਅਮਰੀਕਾ ਨੂੰ ਔਣ ਦੀ ਖਾਤਿਰ
ਲੋਕ ਬਲੀ ਚੜੌਂਦੇ ਹਥੀਂ ਧੀਆਂ ਨੂੰ।

ਮਰ ਗਈਆਂ ਪਰਦੇਸਾਂ ਦੇ ਵਿਚ
ਉਹ ਤਰਸਦੀਆਂ ਪਿੰਡ ਦੀਆਂ ਜੂਹਾਂ ਨੂੰ।
ਲਖ ਵਾਰੀ ਪਰਨਾਮ 'ਭਜੀ' ਦਾ
ਉਹਨਾਂ ਵਿਛੜੀਆਂ ਹੋਈਆਂ ਰੂਹਾਂ ਨੂੰ।



ਕੁਛ ਮਹੀਨਿਆਂ ਬਾਦ ਜੋਗਿੰਦਰ ਇੰਡੀਆ ਜਾ ਰਿਹਾ ਸੀ। ਲੋਕ ਤਾਂ ਇਹ ਕਹਿੰਦੇ ਸਨ ਕਿ ਪਹਿਲਾਂ ਤਾਂ ਬਾਤ ਨਹੀਂ ਪੁਛੀ ਹੁਣ ਫੂਲ ਤਾਰਨ ਭੀ ਇੰਡੀਆ ਜਾ ਰਿਹਾ ਹੈ। ਸਿਰਫ ਜੋਲੀ ਹੁਰਾਂ ਨੂੰ ਹੀ ਇਹ ਪਤਾ ਸੀ ਕਿ ਉਹਦੇ ਘਰ ਦਿਆਂ ਨੇ ਹੋਰ ਕੁੜੀ ਭਾਲ ਲਈ ਹੈ ਕਿ ਫੇਰ ਦੁਬਾਰਾ ਇੰਡੀਆ ਵਿਆਹ ਕਰਵੋਣ ਜਾ ਰਿਹਾ ਹੈ ਪਰ ਉਹ ਬੇਬਸ ਸੀ ਕਿ ਫੇਰ ਕਿਸੇ 'ਪਿਆਰੋ' ਨੂੰ ਏਥੇ ਆਉਣ ਤੋਂ ਰੋਕ ਸਕੇ। ਉਹਨਾਂ ਨੇ ਆਪਣਾ ਰਿਸ਼ਤਾ ਜੋਗਿੰਦਰ ਨਾਲੋਂ ਸਦਾ ਲਈ ਤੋੜ ਲਿਆ ਸੀ।